Fair Advice Financial | Carte WEALTH MANAGEMENT INC.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 20 | Friday, January 28, 2022 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਜੀਟੀਏ ਪਹੁੰਚਿਆਂ ਟਰੱਕਾਂ ਦਾ ਕਾਫਲਾ



ਟੋਰਾਂਟੋ, 27 ਜਨਵਰੀ (ਪੋਸਟ ਬਿਊਰੋ) : ਕਰੌਸ ਬਾਰਡਰ ਵੈਕਸੀਨ ਨੂੰ ਲਾਜ਼ਮੀ ਕੀਤੇ ਜਾਣ ਦੇ ਫੈਡਰਲ ਸਰਕਾਰ ਦੇ ਫੈਸਲੇ ਖਿਲਾਫ ਕੈਨੇਡਾ ਭਰ ਤੋਂ ਕੁੱਝ ਟਰੱਕ ਡਰਾਈਵਰਾਂ ਵੱਲੋਂ ਰੋਸ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਇਸ ਰੋਸ ਮੁਜ਼ਾਹਰੇ ਲਈ ਆਪਣੀ ਰੈਲੀ ਲੈ ਕੇ ਟਰੱਕ ਡਰਾਈਵਰਾਂ ਦਾ ਕਾਫਲਾ, ਜਿਸ ਨੂੰ ਫਰੀਡਮ ਕੌਨਵੌਏ ਦਾ ਨਾਂ ਦਿੱਤਾ ਇਸ ਰੈਲੀ ਕਾਰਨ ਸਿਟੀ ਦੇ ਕਈ ਵੱਡੇ ਹਾਈਵੇਅਜ਼ ਉੱਤੇ ਟਰੈਫਿਕ ਜਾਮ ਹੋਣ ਦਾ ਖਤਰਾ ਵੀ ਖੜ੍ਹਾ ਹੋ ਗਿਆ ਹੈ। ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦਾ ਕਹਿਣਾ ਹੈ ਕਿ ਵੀਰਵਾਰ ਤੋਂ ਸ਼ਨਿੱਚਰਵਾਰ ਤੱਕ ਹਾਈਵੇਅਜ਼ ਉੱਤੇ ਇਸ ਤਰ੍ਹਾਂ ਟਰੈਫਿਕ ਵਿੱਚ ਵਿਘਣ ਪੈਣ ਦਾ ਉਨ੍ਹਾਂ ਨੂੰ ਪੂਰਾ ਇਲਮ ਹੈ। ਉਨ੍ਹਾਂ ਆਮ ਜਨਤਾ ਤੇ ਡਰਾਈਵਰਾਂ ਨੂੰ ਹਲੀਮੀ ਤੋਂ ਕੰਮ ਲੈਣ ਲਈ ਆਖਿਆ ਹੈ ਤੇ ਨਾਲ ਹੀ ਇਹ ਵੀ ਆਖਿਆ ਹੈ ਕਿ ਉਨ੍ਹਾਂ ਵੱਲੋਂ ਹਾਲਾਤ ਉੱਤੇ ਪੂਰੀ ਨਜ਼ਰ ਰੱਖੀ ਜਾਵੇਗੀ। ਗਿਆ ਹੈ, ਜੀਟੀਏ ਪਹੁੰਚ ਗਿਆ ਹੈ।

...ਬਾਕੀ ਪੰਨਾ 3 'ਤੇ

## ਟਰੱਕਰਜ਼ ਦੇ ਕਾਫਲੇ ਸਬੰਧੀ ਐਮਪੀਜ਼ ਨੂੰ ਜਾਰੀ ਕੀਤੀ ਗਈ ਚੇਤਾਵਨੀ

### ਓਟੂਲ ਵੱਲੋਂ ਟਰੱਕਰਜ਼ ਨਾਲ ਮੁਲਾਕਾਤ ਲਈ ਕੀਤੀ ਜਾ ਰਹੀ ਹੈ ਤਿਆਰੀ

ਓਟਵਾ, 27 ਜਨਵਰੀ (ਪੋਸਟ ਬਿਊਰੋ) : ਹਾਊਸ ਆਫ ਕਾਮਨਜ਼ ਦੀ ਸਕਿਊਰਿਟੀ ਦੀ ਨਿਗਰਾਨੀ ਕਰਨ ਵਾਲੇ ਅਧਿਕਾਰੀਆਂ ਵੱਲੋਂ ਭਲਕ ਤੱਕ ਪਾਰਲੀਆਮੈਂਟ ਹਿੱਲ ਪਹੁੰਚ ਰਹੇ ਟਰੱਕਰਜ਼ ਦੇ ਕਾਫਲੇ ਸਬੰਧੀ ਐਮਪੀਜ਼ ਨੂੰ ਚੇਤਾਵਨੀ ਜਾਰੀ ਕੀਤੀ ਗਈ ਹੈ।

ਪਾਰਲੀਆਮੈਂਟ ਮੈਂਬਰਜ਼ ਨੂੰ ਭੇਜੀ ਗਈ ਇੱਕ ਈਮੇਲ ਵਿੱਚ ਸਾਰਜੈਂਟ ਐਟ ਆਰਮਜ਼ ਪੈਟਰਿੱਕ ਮੈਕਡੌਨਲਡ ਨੇ ਐਮਪੀਜ਼ ਨੂੰ ਆਗਾਹ ਕਰਦਿਆਂ ਆਖਿਆ ਕਿ ਉਨ੍ਹਾਂ ਸਬੰਧੀ ਜਾਣਕਾਰੀ ਨੂੰ ਗਲਤ ਇਰਾਦੇ ਨਾਲ ਪ੍ਰਕਾਸ਼ਿਤ ਵੀ ਕਰਵਾਇਆ ਜਾ ਸਕਦਾ ਹੈ। ਅਜਿਹਾ ਉਨ੍ਹਾਂ ਐਮਪੀਜ਼ ਨਾਲ ਹੋਣ ਦੀ ਸੰਭਾਵਨਾ ਵਧੇਰੇ ਹੈ ਜਿਹੜੇ ਓਟਵਾ-ਗੈਟੀਨਿਊ ਰੀਜਨ ਵਿੱਚ ਰਹਿੰਦੇ ਹਨ। ਜ਼ਿਕਰਯੋਗ ਹੈ ਕਿ



ਵੈਕਸੀਨ ਨੂੰ ਲਾਜ਼ਮੀ ਕਰਨ ਖਿਲਾਫ ਪਾਰਲੀਆਮੈਂਟ ਹਿੱਲ ਉੱਤੇ ਮੁਜ਼ਾਹਰਾ ਕਰਨ ਲਈ ਟਰੱਕਾਂ ਦਾ ਕਾਫਲਾ, ਜਿਸ ਨੂੰ ਫਰੀਡਮ ਕੌਨਵੌਏ ਦਾ ਨਾਂ ਦਿੱਤਾ ਗਿਆ ਹੈ, ਪਹੁੰਚ ਰਿਹਾ ਹੈ।

ਇਸ ਕਾਫਲੇ ਵੱਲੋਂ ਆਨਲਾਈਨ 6 ਮਿਲੀਅਨ ਡਾਲਰ ਦੇ ਫੰਡ ਇੱਕਠੇ ਕੀਤੇ ਗਏ ਹਨ। ਇਹ ਕਾਫਲਾ ਕੈਨੇਡੀਅਨਜ਼ ਦੇ ਫੈਡਰਲ ਸਰਕਾਰ ਖਿਲਾਫ ਗੁੱਸੇ ਨੂੰ ਪ੍ਰਗਟਾਉਣ ਤੇ ਮਹਾਂਮਾਰੀ ਕਾਰਨ ਲਾਈਆਂ ਗਈਆਂ ਪਬਲਿਕ ਹੈਲਥ ਪਾਬੰਦੀਆਂ ਖਿਲਾਫ ਆਵਾਜ਼ ਉਠਾਉਣ ਦਾ ਸਾਧਨ ਬਣ ਗਿਆ ਹੈ। ਭਾਵੇਂ ਇਨ੍ਹਾਂ ਟਰੱਕਰਜ਼ ਵੱਲੋਂ ਇੱਥੇ ਸ਼ਨਿੱਚਰਵਾਰ ਨੂੰ ਰੋਸ ਮੁਜ਼ਾਹਰਾ ਕੀਤੇ ਜਾਣ ਦੀ ਸੰਭਾਵਨਾ ਹੈ ਪਰ ਇਸ ਕਾਫਲੇ ਵਿੱਚ ਹਿੱਸਾ ਲੈਣ ਵਾਲਿਆਂ ਦੇ ਸ਼ੁੱਕਰਵਾਰ ਨੂੰ ਹੀ ਇੱਥੇ ਪਹੁੰਚਣ ਦੀ ਉਮੀਦ ਹੈ। ਇਸ ਦੌਰਾਨ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਆਖਿਆ ਕਿ ਉਹ ਇਸ ਕਾਫਲੇ ਦੇ ਇੱਥੇ ਪਹੁੰਚਣ ਉੱਤੇ ਟਰੱਕਰਜ਼ ਨਾਲ ਮੁਲਾਕਾਤ ਕਰਨਗੇ। ਉਨ੍ਹਾਂ ਇਸ ਗੱਲ ਤੋਂ ਇਨਕਾਰ ਕੀਤਾ ਕਿ ਅਜਿਹਾ ਕਰਕੇ ਉਹ ਕੁੱਝ ਸਮਰਥਕਾਂ ਦੇ ਸੁਝਾਵਾਂ ਉੱਤੇ ਮੋਹਰ ਲਾ ਰਹੇ ਹਨ।

## ਸਾਨੂੰ ਇਸ ਵਾਇਰਸ ਨਾਲ ਜਿਊਣਾ ਸਿੱਖਣਾ ਹੋਵੇਗਾ : ਮੂਰ

### ਕੋਵਿਡ-19 ਪਾਬੰਦੀਆਂ ਵਿੱਚ ਓਨਟਾਰੀਓ ਸੋਮਵਾਰ ਤੋਂ ਦੇਵੇਗਾ ਢਿੱਲ

ਓਨਟਾਰੀਓ, 27 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਉੱਘੇ ਡਾਕਟਰ ਦਾ ਕਹਿਣਾ ਹੈ ਕਿ ਹੁਣ ਰੀਓਪਨਿੰਗ ਤੇ ਕੋਵਿਡ-19 ਨਾਲ ਨਜਿੱਠਣ ਲਈ ਸੰਤੁਲਿਤ ਪਹੁੰਚ ਅਪਨਾਉਣ ਦਾ ਸਮਾਂ ਆ ਗਿਆ ਹੈ। ਡਾ. ਕੀਰਨ ਮੂਰ ਨੇ ਆਖਿਆ ਕਿ ਸਾਨੂੰ ਇਸ ਵਾਇਰਸ ਨਾਲ ਰਹਿਣਾ ਸਿੱਖਣਾ ਹੋਵੇਗਾ।

ਸੋਮਵਾਰ ਤੋਂ ਲਾਗੂ ਹੋਣ ਜਾ ਰਹੇ ਨਵੇਂ ਪਬਲਿਕ ਹੈਲਥ ਮਾਪਦੰਡਾਂ ਦਾ ਐਲਾਨ ਕਰਦੇ ਸਮੇਂ ਮੂਰ ਨੇ ਆਖਿਆ ਕਿ ਸਾਨੂੰ ਇਹ ਸਮਝਣਾ ਹੋਵੇਗਾ ਕਿ ਅਸੀਂ ਓਮਾਈਕ੍ਰੌਨ ਵਰਗੇ ਖਤਰੇ ਨੂੰ ਜੜ੍ਹ ਤੋਂ ਖਤਮ ਨਹੀਂ ਕਰ ਸਕਦੇ। ਪਿਛਲੇ ਦੋ ਸਾਲਾਂ ਤੋਂ ਸਾਡੀਆਂ ਜ਼ਿੰਦਗੀਆਂ ਡਰ ਦੇ ਸਾਏ ਵਿੱਚ ਨਿਕਲ ਰਹੀਆਂ ਹਨ ਤੇ ਵਾਇਰਸ ਸਾਨੂੰ ਨਿਯੰਤਰਿਤ ਕਰ ਰਿਹਾ ਹੈ, ਇਸ ਲਈ ਸਾਨੂੰ ਆਪਣੀ ਸੋਚ ਹੀ



ਬਦਲਣੀ ਹੋਵੇਗੀ।

ਪਾਬੰਦੀਆਂ ਵਿੱਚ ਦਿੱਤੀ ਜਾ ਰਹੀ ਢਿੱਲ ਤਹਿਤ ਓਨਟਾਰੀਓ ਵਾਸੀਆਂ ਨੂੰ ਹੁਣ ਕਾਨੂੰਨੀ ਤੌਰ ਉੱਤੇ ਘਰ ਤੋਂ ਕੰਮ ਕਰਨ ਦੀ ਲੋੜ ਨਹੀਂ ਹੋਵੇਗੀ ਤੇ ਬਿਜ਼ਨਸਿਜ਼ ਨੂੰ ਵੀ ਹੁਣ ਕਾਂਟੈਕਟ ਟਰੇਸਿੰਗ ਦੇ ਮਕਸਦ ਨਾਲ ਆਪਣੇ ਕਸਟਮਰਜ਼ ਦਾ ਰਿਕਾਰਡ ਨਹੀਂ ਰੱਖਣਾ ਹੋਵੇਗਾ। ਇੰਡੋਰ ਸੋਸ਼ਲ ਗੈਦਰਿੰਗਜ਼ ਦੀ ਹੱਦ 5 ਤੋਂ 10 ਕੀਤੀ ਜਾ ਰਹੀ ਹੈ ਜਦਕਿ ਆਊਟਡੋਰ ਗੈਦਰਿੰਗਜ਼ ਦੀ ਹੱਦ 25 ਕੀਤੀ ਜਾਵੇਗੀ। 50 ਫੀ ਸਦੀ ਸਮਰੱਥਾ ਨਾਲ ਰੈਸਟੋਰੈਂਟਸ ਆਪਣੇ ਡਾਈਨਿੰਗ ਰੂਮ ਖੋਲ੍ਹ ਸਕਣਗੇ।

...ਬਾਕੀ ਪੰਨਾ 3 'ਤੇ

## ਅੰਦਰ ਇਹ ਵੀ ਪੜ੍ਹੋ

ਕੈਨੇਡਾ ਨੇ ਯੂਕਰੇਨ ਵਿੱਚ ਫੌਜੀ ਮਿਸ਼ਨ ਤਿੰਨ ਸਾਲਾਂ ਲਈ ਹੋਰ ਵਧਾਇਆ — ਪੰਨਾ 03
ਰਾਹੁਲ ਗਾਂਧੀ ਨੇ ਕਿਹਾ: ਵਰਕਰਾਂ ਦੀ ਰਾਏ ਨਾਲ ਮੁੱਖ ਮੰਤਰੀ ਚਿਹਰੇ ਦਾ ਐਲਾਨ ਕਰਾਂਗੇ — ਪੰਨਾ 05





## ਖੇਡ ਪੱਤਰਕਾਰ ਗੁਰਪ੍ਰੀਤ ਪੁਰਬਾ ਦਾ ਓਂਟਾਰੀਓ ਸਰਕਾਰ ਵਲੋਂ ਸਨਮਾਨ

ਬਰੈਂਪਟਨ, 27 ਜਨਵਰੀ (ਪੋਸਟ ਬਿਊਰੋ)- 770 AM 'ਤੇ ਬੀਤੇ ਦੋ ਦਹਾਕਿਆਂ ਤੋਂ ਪ੍ਰਸਾਰਿਤ ਕੀਤੇ ਜਾਂਦੇ ਪ੍ਰੋਗਰਾਮ 'ਰੇਡੀਓ ਖਬਰਸਾਰ' ਦੇ ਖੇਡ ਜਗਤ ਦੇ ਰਿਪੋਰਟਰ ਗੁਰਪ੍ਰੀਤ ਪੁਰਬਾ ਦਾ ਓਂਟਾਰੀਓ ਸੂਬੇ ਦੀ ਸਰਕਾਰ ਦੇ ਵਿਧਾਇਕ ਅਮਰਜੋਤ ਸੰਧੂ ਵਲੋਂ ਇਕ ਸਨਮਾਨ ਪੱਤਰ ਭੇਂਟ ਕਰਕੇ ਸਨਮਾਨ ਕੀਤਾ ਗਿਆ। ਗੁਰਪ੍ਰੀਤ ਪੁਰਬਾ 770 AM 'ਤੇ ਖੇਡ ਜਗਤ ਦੀਆਂ ਖਬਰਾਂ ਨਸ਼ਰ ਕਰਨ ਵਾਲੇ ਸਿਰਫ ਓਂਟਾਰੀਓ ਹੀ ਨਹੀਂ ਬਲਕਿ ਕੈਨੇਡਾ ਭਰ ਦੇ ਇਕੋ-ਇਕ ਰਿਪੋਰਟਰ ਹਨ। ਅੱਜਕੱਲ੍ਹ ਉਹ ਟੋਰਾਂਟੋ ਸਮੇਂ ਅਨੁਸਾਰ ਪੂਰੇ 9:30 ਵਜੇ ਇਕੱਲੀ ਕ੍ਰਿਕਟ ਹੀ ਨਹੀਂ ਸਗੋਂ ਖੇਡ ਜਗਤ ਨਾਲ ਜੁੜੀ ਹਰ ਵਿਦੇਸ਼ ਦੀ ਖਬਰ ਨੂੰ ਵੀ ਰਿਪੋਰਟ ਕਰਦੇ ਹਨ। ਗੁਰਪ੍ਰੀਤ ਪੁਰਬਾ ਦੀ ਨਿਰਪੱਖ ਰਿਪੋਰਟਿੰਗ ਨੂੰ ਭਾਰਤੀ ਮੂਲ ਦੇ ਕ੍ਰਿਕਟ ਪ੍ਰੇਮੀਆਂ ਦੇ ਨਾਲ-ਨਾਲ ਪਾਕਿਸਤਾਨੀ ਮੂਲ ਦੇ ਲੋਕ ਵੀ ਪਸੰਦ ਕਰਦੇ ਹਨ।

...ਬਾਕੀ ਪੰਨਾ 3 'ਤੇ





*ਖੇਡ ਜਗਤ ਦੇ ਪੱਤਰਕਾਰ ਗੁਰਪ੍ਰੀਤ ਪੁਰਬਾ ਨੂੰ ਵਿਧਾਇਕ ਅਮਰਜੋਤ ਸੰਧੂ ਸਨਮਾਨ ਪੱਤਰ ਦੇਕੇ ਸਨਮਾਮਿਤ ਕਰਦੇ ਹੋਏ।*

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axcel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axcel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
ICCRC
Raj Narang
Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Dubai Jewellers
10% additional discount on gold and upto 50% on diamond.
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Dubai Jewellers
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
$25/mo.
1 Promenade Circle, Thornhill
379 Main St. North, Brampton
2456 Lake Shore Blvd West, Etobicoke
chatr™
AUTHORIZED DEALER
Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

# ਕੈਨੇਡਾ ਨੇ ਯੂਕਰੇਨ ਵਿੱਚ ਫੌਜੀ ਮਿਸ਼ਨ ਤਿੰਨ ਸਾਲਾਂ ਲਈ ਹੋਰ ਵਧਾਇਆ

ਓਟਵਾ, 27 ਜਨਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੁੱਧਵਾਰ ਨੂੰ ਯੂਕਰੇਨ ਵਿੱਚ ਜਾਰੀ ਆਪਰੇਸ਼ਨ ਯੂਨੀਫਾਇਰ ਨੂੰ ਤਿੰਨ ਸਾਲਾਂ ਲਈ ਹੋਰ ਵਧਾਉਣ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਆਉਣ ਵਾਲੇ ਦਿਨਾਂ ਵਿੱਚ ਯੂਕਰੇਨ ਵਿੱਚ 60 ਹੋਰ ਫੌਜੀ ਟੁਕੜੀਆਂ ਤਾਇਨਾਤ ਕਰਨ ਦਾ ਵੀ ਐਲਾਨ ਕੀਤਾ।

ਟਰੂਡੋ ਵੱਲੋਂ ਇਹ ਐਲਾਨ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ, ਵਿਦੇਸ਼ ਮੰਤਰੀ ਮਿਲੇਨੀ ਜੌਲੀ ਤੇ ਰੱਖਿਆ ਮੰਤਰੀ ਅਨੀਤਾ ਆਨੰਦ ਦੀ ਹਾਜ਼ਰੀ ਵਿੱਚ ਕੀਤੀ ਗਈ ਕੈਬਨਿਟ ਮੀਟਿੰਗ ਵਿੱਚ ਕੀਤਾ ਗਿਆ। ਇਹ ਆਪਰੇਸ਼ਨ ਯੂਕਰੇਨ ਦੀਆਂ ਹਥਿਆਰਬੰਦ ਸੈਨਾਵਾਂ ਤੇ ਨੈਸ਼ਨਲ



ਗਾਰਡ ਨੂੰ ਸਿਖਲਾਈ ਦੇਣ ਲਈ ਸ਼ੁਰੂ ਕੀਤਾ ਗਿਆ ਸੀ ਤੇ ਇਸ ਦੀ ਮਿਆਦ ਮਾਰਚ ਵਿੱਚ ਮੁੱਕਣ ਜਾ ਰਹੀ ਸੀ। 200 ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੇ ਮੈਂਬਰਾਂ ਦੇ ਇੱਕ ਗਰੁੱਪ ਨੂੰ ਹਰ ਛੇ ਮਹੀਨੇ ਬਾਅਦ ਯੂਕਰੇਨ ਭੇਜਿਆ ਜਾਂਦਾ ਸੀ।

340 ਮਿਲੀਅਨ ਡਾਲਰ ਦੀ ਇਹ ਵਚਨਬੱਧਤਾ ਯੂਕਰੇਨ ਦੀ ਸਰਹੱਦ ਉੱਤੇ ਇੱਕਠੇ ਹੋਏ 100,000 ਰੂਸੀ ਸੈਨਿਕਾਂ ਦੇ ਜਵਾਬ ਵਿੱਚ ਪ੍ਰਗਟਾਈ ਗਈ ਹੈ। ਰੂਸੀ ਸੈਨਿਕਾਂ ਦੇ ਇਸ ਤਰ੍ਹਾਂ ਸਰਹੱਦ ਉੱਤੇ ਇੱਕਠਾ ਹੋਣ ਨਾਲ ਯੂਕਰੇਨ ਉੱਤੇ ਰੂਸ ਵੱਲੋਂ ਚੜ੍ਹਾਈ ਦਾ ਖਤਰਾ ਬਣਿਆ ਹੋਇਆ ਹੈ। ਟਰੂਡੋ ਨੇ ਆਖਿਆ ਕਿ ਇਨ੍ਹਾਂ 60 ਫੌਜੀ ਟੁਕੜੀਆਂ ਤੋਂ ਇਲਾਵਾ ਲੋੜ ਪੈਣ ਉੱਤੇ ਅਸੀਂ 400 ਸੈਨਿਕਾਂ ਨੂੰ ਵੀ ਉੱਥੇ ਭੇਜ ਸਕਦੇ ਹਾਂ।

# ਬੀਸੀ ਦੇ ਡੂਪਲੈਕਸ ਵਿੱਚ ਚੱਲੀ ਗੋਲੀ, 4 ਹਲਾਕ



ਬ੍ਰਿਟਿਸ਼ ਕੋਲੰਬੀਆ, 27 ਜਨਵਰੀ (ਪੋਸਟ ਬਿਊਰੋ) : ਰਿਚਮੰਡ, ਬੀਸੀ ਦੇ ਇੱਕ ਡੂਪਲੈਕਸ ਵਿੱਚ ਚੱਲੀ ਗੋਲੀ ਕਾਰਨ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਮਾਮਲੇ ਦੀ ਜਾਂਚ ਲਈ ਹੋਮੀਸਾਈਡ ਜਾਂਚਕਾਰਾਂ ਨੂੰ ਸੱਦਿਆ ਗਿਆ।

ਐਲਡਰਬ੍ਰਿੱਜ ਵੇਅ ਦੇ ਉੱਤਰ ਵੱਲ ਗਾਰਡਨ ਸਿਟੀ ਰੋਡ ਉੱਤੇ ਸਥਿਤ ਡੂਪਲੈਕਸ ਵਿੱਚ ਇਹ ਘਟਨਾ ਮੰਗਲਵਾਰ ਰਾਤੀਂ ਵਾਪਰੀ। ਅਧਿਕਾਰੀਆਂ ਵੱਲੋਂ ਮੌਕਾ ਏ ਵਾਰਦਾਤ ਦਾ ਕਈ ਘੰਟਿਆਂ ਤੱਕ ਮੁਆਇਨਾ ਕੀਤਾ ਗਿਆ ਤੇ ਇਸ ਸੜਕ ਨੂੰ ਬੰਦ ਰੱਖਿਆ ਗਿਆ। ਜਾਂਚਕਾਰਾਂ ਨੇ ਆਖਿਆ ਕਿ ਘਰ ਵਿੱਚ ਚਾਰ ਵਿਅਕਤੀ ਮ੍ਰਿਤਕ ਪਾਏ ਗਏ ਤੇ ਜ਼ਾਹਰਾ ਤੌਰ ਉੱਤੇ ਉਨ੍ਹਾਂ ਨੂੰ ਗੋਲੀ ਮਾਰੀ ਗਈ ਸੀ। ਅਧਿਕਾਰੀਆਂ ਨੇ ਇਹ ਵੀ ਆਖਿਆ ਕਿ ਇਹ ਸ਼ੂਟਿੰਗ ਲੋਅਰ ਮੇਨਲੈਂਡ ਝਗੜੇ ਨਾਲ ਸਬੰਧਤ ਨਜ਼ਰ ਨਹੀਂ ਸੀ ਆ ਰਹੀ।

ਇਹ ਵੀ ਮੰਨਿਆ ਜਾ ਰਿਹਾ ਹੈ ਕਿ ਸਾਰੇ ਮ੍ਰਿਤਕ ਇੱਕ ਦੂਜੇ ਨੂੰ ਜਾਣਦੇ ਸਨ ਪਰ ਉਨ੍ਹਾਂ ਦੀ ਪਛਾਣ ਅਜੇ ਤੱਕ ਜ਼ਾਹਿਰ ਨਹੀਂ ਕੀਤੀ ਗਈ। ਪੁਲਿਸ ਨੇ ਦੱਸਿਆ ਕਿ ਬੀਸੀ ਕੌਰੋਨਰ ਸਰਵਿਸ ਦੇ ਨਾਲ ਉਹ ਬੁੱਧਵਾਰ ਨੂੰ ਬਹੁਤਾ ਸਮਾਂ ਘਟਨਾ ਵਾਲੀ ਥਾਂ ਉੱਤੇ ਹੀ ਰਹੇ।

# ਟਰੱਕਰਜ਼ ਲਈ ਲਾਜ਼ਮੀ ਵੈਕਸੀਨੇਸ਼ਨ ਨਿਯਮ ਕਾਰਨ ਫੂਡ ਦੀ ਘਾਟ ਪੈਦਾ ਨਹੀਂ ਹੋਵੇਗੀ : ਅਲਘਬਰਾ

ਓਟਵਾ, 27 ਜਨਵਰੀ (ਪੋਸਟ ਬਿਊਰੋ) : ਟਰਾਂਸਪੋਰਟ ਮੰਤਰੀ ਉਮਰ ਅਲਘਬਰਾ ਵੱਲੋਂ ਕੈਨੇਡੀਅਨਜ਼ ਨੂੰ ਇਹ ਭਰੋਸਾ ਦਿਵਾਇਆ ਜਾ ਰਿਹਾ ਹੈ ਕਿ ਕੈਨੇਡਾ-ਯੂਐਸ ਬਾਰਡਰ ਕਰੌਸ ਕਰਨ ਲਈ ਲਾਜ਼ਮੀ ਕੀਤੇ ਗਏ ਵੈਕਸੀਨ ਸਬੰਧੀ ਨਿਯਮ ਦਾ ਵਿਰੋਧ ਕਰ ਰਹੇ ਘੱਟ ਗਿਣਤੀ ਟਰੱਕ ਡਰਾਈਵਰਾਂ ਕਾਰਨ ਕੈਨੇਡਾ ਵਿੱਚ ਖਾਣੇ ਦੀ ਕਿੱਲਤ ਨਹੀਂ ਹੋਣ ਵਾਲੀ। ਇੱਕ ਇੰਟਰਵਿਊ ਵਿੱਚ ਅਲਘਬਰਾ ਨੇ ਆਖਿਆ ਕਿ ਵੱਡੀਆਂ ਗਰੌਸਰੀ ਸਟੋਰ ਚੇਨਜ਼ ਤੇ ਹੋਰਨਾਂ



ਰੀਟੇਲਰਜ਼ ਵੱਲੋਂ ਉਨ੍ਹਾਂ ਨੂੰ ਇਹ ਭਰੋਸਾ ਦਿਵਾਇਆ ਗਿਆ ਹੈ ਕਿ ਆਪਣੇ ਕਸਮਟਰਜ਼ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਨ੍ਹਾਂ ਕੋਲ ਵਾਧੂ ਮਾਤਰਾ ਵਿੱਚ ਸਮਾਨ ਹੈ। ਉਨ੍ਹਾਂ ਵੱਲੋਂ ਇਹ ਦਾਅਵਾ ਵੀ ਕੀਤਾ ਗਿਆ ਹੈ ਕਿ ਕੋਵਿਡ-19 ਮਹਾਂਮਾਰੀ ਕਾਰਨ ਲੇਬਰ ਦੀ ਘਾਟ ਤੇ ਸਪਲਾਈ ਚੇਨ ਵਿੱਚ ਪੈਣ ਵਾਲੇ ਅੜਿੱਕਿਆਂ ਦੇ ਬਾਵਜੂਦ ਉਨ੍ਹਾਂ ਕੋਲ ਸਮਾਨ ਵਾਧੂ ਮਾਤਰਾ ਵਿੱਚ ਉਪਲਬਧ ਹੋਵੇਗਾ।

ਉਨ੍ਹਾਂ ਆਖਿਆ ਕਿ 15 ਜਨਵਰੀ ਤੋਂ ਇਹ ਨਿਯਮ ਲਾਗੂ ਹੋ ਚੁੱਕਿਆ ਹੈ ਪਰ ਰੋਜ਼ਾਨਾਂ ਵੱਡੀ ਗਿਣਤੀ ਵਿੱਚ ਟਰੱਕ ਕੈਨੇਡਾ ਅਮਰੀਕਾ ਸਰਹੱਦ ਪਾਰ ਕਰ ਰਹੇ ਹਨ। ਉਨ੍ਹਾਂ ਦੇ ਕਹਿਣਾ ਦਾ ਭਾਵ ਸੀ ਕਿ ਇਸ ਨਿਯਮ ਦਾ ਵਿਰੋਧ ਕਰਨ ਵਾਲਿਆਂ ਵਿੱਚ ਥੋੜ੍ਹੀ ਗਿਣਤੀ ਟਰੱਕਰਜ਼ ਹੀ ਸ਼ਾਮਲ ਹਨ। ਉਨ੍ਹਾਂ ਕੰਜ਼ਰਵੇਟਿਵ ਸਿਆਸਤਦਾਨਾਂ ਸਮੇਤ ਆਲੋਚਕਾਂ ਨੂੰ ਲੰਮੇਂ ਹੱਥੀਂ ਲੈਂਦਿਆਂ ਆਖਿਆ ਕਿ ਉਹ ਵਧਾ ਚੜ੍ਹਾ ਕੇ ਗੱਲਾਂ ਨੂੰ ਤੇ ਸਮੱਸਿਆਵਾਂ ਨੂੰ ਪੇਸ਼ ਕਰ ਰਹੇ ਹਨ। ਉਹ ਮਹਾਂਮਾਰੀ ਕਾਰਨ ਪਹਿਲਾਂ ਤੋਂ ਹੀ ਪਰੇਸ਼ਾਨ ਕੈਨੇਡੀਅਨਜ਼ ਦੇ ਮਨਾਂ ਵਿੱਚ ਜਾਣਬੁੱਝ ਕੇ ਡਰ ਪੈਦਾ ਕਰ ਰਹੇ ਹਨ।

# ਇੱਕ ਵਾਰੀ ਫਿਰ ਬੈਂਕ ਆਫ ਕੈਨੇਡਾ ਵੱਲੋਂ ਵਿਆਜ਼ ਦਰਾਂ ਵਿੱਚ ਨਹੀਂ ਕੀਤਾ ਗਿਆ ਵਾਧਾ

ਓਟਵਾ, 27 ਜਨਵਰੀ (ਪੋਸਟ ਬਿਊਰੋ) : ਬੁੱਧਵਾਰ ਨੂੰ ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ। ਪਰ ਆਉਣ ਵਾਲੇ ਦਿਨਾਂ ਵਿੱਚ ਬੈਂਕ ਨੇ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਇਨ੍ਹਾਂ ਵਿਆਜ਼ ਦਰਾਂ ਵਿੱਚ ਵਾਧਾ ਕਰਨ ਦੀ ਚੇਤਾਵਨੀ ਦਿੱਤੀ।



ਸੈਂਟਰਲ ਬੈਂਕ ਵੱਲੋਂ ਇਸ ਸਾਲ ਮਾਰਚ ਤੋਂ ਵਿਆਜ਼ ਦਰਾਂ ਵਿੱਚ ਵਾਧਾ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਤੋਂ ਪਹਿਲਾਂ ਬੈਂਕ ਵੱਲੋਂ ਇਹ ਐਲਾਨ ਕੀਤਾ ਗਿਆ ਸੀ ਕਿ ਉਹ ਅਹਿਮ ਪਾਲਿਸੀ ਦਰਾਂ 0.25 ਫੀ ਸਦੀ ਤੋਂ ਨਹੀਂ ਵਧਾਵੇਗਾ। ਜ਼ਿਕਰਯੋਗ ਹੈ ਕਿ ਮਾਰਚ 2020 ਤੋਂ ਕੋਵਿਡ-19 ਮਹਾਂਮਾਰੀ ਦੀ ਪਹਿਲੀ ਵੇਵ ਤੋਂ ਲੈ ਕੇ ਹੁਣ ਤੱਕ ਬੈਂਕ ਵੱਲੋਂ ਇਹ ਵਿਆਜ਼ ਦਰਾਂ ਸੱਭ ਤੋਂ ਹੇਠਲੇ ਪੱਧਰ ਉੱਤੇ ਰੱਖੀਆਂ ਗਈਆਂ ਹਨ।

ਬੈਂਕ ਆਫ ਕੈਨੇਡਾ ਨੇ ਆਖਿਆ ਕਿ ਸੂਚਕ-ਅੰਕ ਦਰਸਾਉਂਦੇ ਹਨ ਕਿ ਅਰਥਚਾਰਾ ਲੀਹ ਉੱਤੇ ਆ ਰਿਹਾ ਹੈ। ਲੇਬਰ ਮਾਰਕਿਟ ਵੀ ਮਹਾਂਮਾਰੀ ਤੋਂ ਪਹਿਲਾਂ ਵਾਲੇ ਪੱਧਰ ਉੱਤੇ ਪਹੁੰਚ ਗਈ ਹੈ। ਬੈਂਕ ਆਫ ਕੈਨੇਡਾ ਨੇ ਆਖਿਆ ਕਿ ਸੀਨੀਅਰ ਨੀਤੀ ਘਾੜਿਆਂ ਵੱਲੋਂ ਜਿਹੜੀ ਪੇਸ਼ੀਨਿਗੋਈ ਕੀਤੀ ਗਈ ਸੀ ਉਸ ਨਾਲੋਂ ਵਿਕਾਸ ਦਰ ਪਿਛਲੇ ਕੁੱਝ ਮਹੀਨਿਆਂ ਵਿੱਚ ਮਜ਼ਬੂਤ ਹੋਈ ਹੈ।

ਇਸ ਮੌਕੇ ਬੈਂਕ ਦੇ ਗਵਰਨਰ ਟਿੱਫ ਮੈਕਲੈਮ ਨੇ ਆਖਿਆ ਕਿ ਮਹਿੰਗਾਈ ਦਰ ਨੂੰ ਕਾਬੂ ਵਿੱਚ ਕਰਨ ਲਈ ਬੈਂਕ ਨੂੰ ਵਿਆਜ਼ ਦਰਾਂ ਵਿੱਚ ਵਾਧਾ ਕਰਨਾ ਪਵੇਗਾ। ਉਨ੍ਹਾਂ ਆਖਿਆ ਕਿ ਓਮਾਈਕ੍ਰੌਨ ਦੇ ਅਚਾਨਕ ਭਾਰੂ ਪੈ ਜਾਣ ਕਾਰਨ ਇੱਕ ਵਾਰੀ ਫਿਰ ਇਨ੍ਹਾਂ ਵਿਆਜ਼ ਦਰਾਂ ਵਿੱਚ ਵਾਧੇ ਉੱਤੇ ਰੋਕ ਲਾਈ ਗਈ ਹੈ।

# ਜੀਟੀਏ ਪਹੁੰਚਿਆਂ ਟਰੱਕਾਂ ਦਾ ਕਾਫਲਾ

...ਪੰਨਾ 1 ਦਾ ਬਾਕੀ

ਓਪੀਪੀ ਸਾਰਜੈਂਟ ਕੈਰੀ ਸ਼ਮਿਡਟ ਨੇ ਆਖਿਆ ਕਿ ਸ਼ਾਂਤਮਈ ਢੰਗ ਨਾਲ ਮੁਜ਼ਾਹਰਾ ਕਰਨਾ ਉਨ੍ਹਾਂ ਦਾ ਅਧਿਕਾਰ ਹੈ। ਉਨ੍ਹਾਂ ਇਹ ਵੀ ਆਖਿਆ ਕਿ ਸਾਰਾ ਟਰੈਫਿਕ ਬਿਨਾਂ ਕਿਸੇ ਅੜਿੱਕੇ ਦੇ ਚੱਲਦਾ ਰਹੇਗਾ।

ਇਸ ਕਾਫਲੇ ਦੇ ਵਾਅਨ ਮਿੱਲਜ਼ ਵਿੱਚ ਇੱਕਠੇ ਹੋਣ ਦੀ ਉਮੀਦ ਹੈ ਤੇ ਫਿਰ ਇਹ ਕਾਫਲਾ ਹਾਈਵੇਅ 400 ਦੇ ਦੱਖਣ ਵੱਲ ਅਤੇ ਹਾਈਵੇਅ 401 ਦੇ ਪੂਰਬ ਵੱਲ ਰਵਾਨਾ ਹੋਵੇਗਾ ਤੇ ਫਿਰ ਓਟਵਾ ਪਹੁੰਚੇਗਾ। ਇਸ ਕਾਫਲੇ ਦੇ ਪ੍ਰਬੰਧਕ ਡੇਵ ਸਟੀਨਬਰਗ ਨੇ ਪੁਸ਼ਟੀ ਕੀਤੀ ਕਿ ਉਹ ਦੁਪਹਿਰੇ ਦੇ 12:00 ਵਜੇ ਤੱਕ ਮਾਲ ਪਹੁੰਚ ਜਾਣਗੇ ਤੇ ਉੱਥੋਂ ਦੁਪਹਿਰ ਦੇ 1:00 ਵਜੇ ਰਵਾਨਾ ਹੋ ਜਾਣਗੇ ਪਰ ਉਨ੍ਹਾਂ ਆਖਿਆ ਕਿ ਸ਼ਹਿਰ ਵਿੱਚ ਚਾਰਾਂ ਪਾਸਿਆਂ ਤੋਂ ਟਰੱਕਾਂ ਦੇ ਪਹੁੰਚਣ ਦੀ ਸੰਭਾਵਨਾ ਹੈ।

## ਫ਼ੋਟੋਗ੍ਰਾਫ਼ਰ ਨੂੰ ਬੰਦੀ ਬਣਾ ਕੇ ਹਜ਼ਾਰਾਂ ਦੀ ਨਕਦੀ ਅਤੇ ਸੋਨੇ ਦੀ ਮੁੰਦਰੀ ਲੁੱਟੀ

ਜਲੰਧਰ ਛਾਉਣੀ, 27 ਜਨਵਰੀ (ਪੋਸਟ ਬਿਊਰੋ)- ਥਾਣਾ ਰਾਮਾ ਮੰਡੀ ਦੀ ਪੁਲਸ ਚੌਕੀ ਦਕੋਹਾ ਹੇਠਲੇ ਅਰਮਾਨ ਨਗਰ ਵਿਖੇ ਬੀਤੀ ਸ਼ਾਮ ਤੇਜ਼ਧਾਰ ਹਥਿਆਰਾਂ ਨਾਲ ਲੈਸ ਅਣਪਛਾਤੇ ਲੁਟੇਰਿਆਂ ਨੇ ਇੱਕ ਫ਼ੋਟੋਗ੍ਰਾਫ਼ਰ ਦੀ ਦੁਕਾਨ ਉੱਤੇ ਬੈਠੇ ਹੋਏ ਦੁਕਾਨਦਾਰ ਨੂੰ ਬੰਦੀ ਬਣਾ ਕੇ ਉਸ ਦੀ ਸੋਨੇ ਦੀ ਮੁੰਦਰੀ ਅਤੇ ਨਕਦੀ ਲੁੱਟ ਲਈ। ਲੁੱਟਣ ਪਿੱਛੋਂ ਲੁਟੇਰੇ ਦੁਕਾਨਦਾਰ ਨੂੰ ਬੰਦੀ ਬਣਾ ਕੇ ਫ਼ਰਾਰ ਹੋ ਗਏ, ਜਿਸ ਉਪਰੰਤ ਦੁਕਾਨਦਾਰ ਨੇ ਰੌਲਾ ਪਾਇਆ ਤਾਂ ਨੇੜੇ ਸਥਿਤ ਇੱਕ ਦੁਕਾਨ ਵਿੱਚ ਬੈਠੀ ਮਹਿਲਾ ਨੇ ਉਸ ਦੀ ਮਦਦ ਕਰਦੇ ਹੋਏ ਉਸ ਨੂੰ ਖੋਲ੍ਹਿਆ।

ਪੀੜਤ ਸੁਨੀਲ ਕੁਮਾਰ ਪੁੱਤਰ ਓਮ ਪ੍ਰਕਾਸ਼ ਵਾਸੀ ਸੰਨੀ ਇਨਕਲੇਵ ਨੇ ਦੱਸਿਆ ਕਿ ਬੀਤੀ ਸ਼ਾਮ ਕਰੀਬ ਅੱਠ ਵਜੇ ਉਹ ਆਪਣੀ ਦੁਕਾਨ ਉੱਤੇ ਕੰਪਿਊਟਰ ਦਾ ਕੰਮ ਕਰ ਰਿਹਾ ਸੀ ਕਿ ਓਥੇ ਆਏ ਦੋ ਅਣਪਛਾਤੇ ਨੌਜਵਾਨਾਂ ਨੇ ਤੇਜ਼ਧਾਰ ਹਥਿਆਰਾਂ ਦੇ ਨਾਲ ਉਸ ਨੂੰ ਧਮਕਾਉਂਦੇ ਹੋਏ ਉਸ ਦੀ ਜੇਬ ਵਿੱਚੋਂ ਕਰੀਬ ਚਾਰ ਹਜ਼ਾਰ ਰੁਪਏ ਨਗਦ ਤੇ ਹੱਥ ਵਿੱਚ ਪਾਈ ਹੋਈ ਇੱਕ ਸੋਨੇ ਦੀ ਮੁੰਦਰੀ ਲੁੱਟ ਲਈ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਪੀੜਤ ਨੇ ਦੱਸਿਆ ਕਿ ਉਹ ਲੁਟੇਰੇ ਇੱਕ ਦਿਨ ਪਹਿਲਾਂ ਵੀ ਮੇਰੀ ਦੁਕਾਨ ਵਿੱਚ ਬਹਾਨੇ ਨਾਲ ਆਏ ਸਨ, ਜਿਨ੍ਹਾਂ ਨੇ ਮੇਰੀ ਰੇਕੀ ਕੀਤੀ ਸੀ।

# ਬਰੈਂਪਟਨ ਦੇ ਘਰ ਵਿੱਚ ਲੱਗੀ ਅੱਗ, ਪਾਇਆ ਗਿਆ ਕਾਬੂ

ਬਰੈਂਪਟਨ, 27 ਜਨਵਰੀ (ਪੋਸਟ ਬਿਊਰੋ) : ਵੀਰਵਾਰ ਸਵੇਰੇ ਬਰੈਂਪਟਨ ਵਿੱਚ ਇੱਕ ਘਰ ਵਿੱਚ ਲੱਗੀ ਅੱਗ ਨੂੰ ਬੁਝਾਉਣ ਲਈ ਫਾਇਰ ਕ੍ਰਿਊਜ਼ ਪਹੁੰਚਿਆ ਹੋਇਆ ਸੀ।

ਤੜਕੇ 3:30 ਵਜੇ ਐਮਰਜੰਸੀ ਅਮਲੇ ਨੂੰ ਬ੍ਰਾਮੇਲੀਆ ਰੋਡ ਤੇ ਵਿਲੀਅਮਜ਼ ਪਾਰਕਵੇਅ ਇਲਾਕੇ ਵਿੱਚ ਟਾਊਨਹਾਊਸ ਦੇ ਇੱਕ ਘਰ ਵਿੱਚ ਲੱਗੀ ਜ਼ਬਰਦਸਤ ਅੱਗ ਨੂੰ ਬੁਝਾਉਣ ਲਈ ਸੱਦਿਆ ਗਿਆ। ਫਾਇਰ ਚੀਫ ਬਿੱਲ ਬੋਇਜ਼ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਜਦੋਂ ਫਾਇਰਫਾਈਟਰਜ਼ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਅੱਗ ਦੀਆਂ ਲਪਟਾਂ ਗੈਰਾਜ ਵਿੱਚੋਂ ਆਉਂਦੀਆਂ ਨਜ਼ਰੀਂ ਆਈਆਂ।



ਅੱਗ ਐਨੀ ਜ਼ਬਰਦਸਤ ਸੀ ਕਿ ਉਹ ਨਾਲ ਲੱਗਦੀ ਸੈਮੀ ਡਿਟੈਚਡ ਯੂਨਿਟ ਤੱਕ ਵੀ ਪਹੁੰਚ ਗਈਆਂ।

ਪੀਲ ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਨਜ਼ਾਕਤ ਨੂੰ ਸਮਝਦਿਆਂ ਹੋਇਆਂ ਆਲੇ ਦੁਆਲੇ ਦੇ ਘਰਾਂ ਨੂੰ ਖਾਲੀ ਕਰਵਾ ਲਿਆ ਗਿਆ ਹੈ। ਮਾਮੂਲੀ ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਨੂੰ ਹਸਪਤਾਲ ਭੇਜਿਆ ਗਿਆ। ਬੋਇਜ਼ ਨੇ ਦੱਸਿਆ ਕਿ ਅੱਗ ਉੱਤੇ ਕਾਬੂ ਪਾ ਲਿਆ ਗਿਆ ਹੈ। ਪਰ ਅਜੇ ਵੀ ਕਿਤੇ ਕਿਤੇ ਸੁਲਗ ਰਹੀ ਅੱਗ ਉੱਤੇ ਨਜ਼ਰ ਰੱਖੀ ਜਾ ਰਹੀ ਹੈ। ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਉਨ੍ਹਾਂ ਦੱਸਿਆ ਕਿ ਫਾਇਰ ਮਾਰਸ਼ਲ ਦੇ ਆਫਿਸ ਨੂੰ ਜਾਣਕਾਰੀ ਮੁਹੱਈਆ ਕਰਵਾ ਦਿੱਤੀ ਜਾਵੇਗੀ।

# ਸਾਨੂੰ ਇਸ ਵਾਇਰਸ ਨਾਲ ਜਿਊਣਾ ਸਿੱਖਣਾ ਹੋਵੇਗਾ : ਮੂਰ

...ਪੰਨਾ 1 ਦਾ ਬਾਕੀ

ਖੇਡਾਂ ਸਬੰਧੀ ਇੰਡੋਰ ਈਵੈਂਟਸ, ਕੰਸਰਟ ਵੈਨਿਊਜ਼, ਥਿਏਟਰਜ਼ ਤੇ ਸਿਨੇਮਾਜ਼ ਦੇ ਨਾਲ ਨਾਲ ਅਜਿਹੀਆਂ ਹੋਰਨਾਂ ਥਾਂਵਾਂ ਲਈ ਫੂਡ ਤੇ ਡਰਿੰਕ ਸਰਵਿਸ ਦੀ ਇਜਾਜ਼ਤ ਹੋਵੇਗੀ। ਜਦੋਂ ਲੋਕ ਇਨ੍ਹਾਂ ਥਾਂਵਾਂ ਉੱਤੇ ਖਾਣਾ ਨਹੀਂ ਖਾ ਰਹੇ ਹੋਣਗੇ ਜਾਂ ਕੁੱਝ ਪੀ ਨਹੀਂ ਰਹੇ ਹੋਣਗੇ ਤਾਂ ਉਨ੍ਹਾਂ ਨੂੰ ਮਾਸਕ ਲਾ ਕੇ ਰੱਖਣੇ ਹੋਣਗੇ। ਮੂਰ ਨੇ ਆਖਿਆ ਕਿ ਅਸੀਂ ਅਜਿਹਾ ਕਰਕੇ ਰਿਸਕ ਘਟਾ ਰਹੇ ਹਾਂ ਪਰ ਅਸੀਂ ਇਸ ਨੂੰ ਮੁਕੰਮਲ ਤੌਰ ਉੱਤੇ ਖ਼ਤਮ ਨਹੀਂ ਕਰ ਸਕਦੇ।

ਪ੍ਰੋਵਿੰਸ ਵੱਲੋਂ ਘਰ ਤੋਂ ਕੰਮ ਕਰਨ ਦੀ ਕਾਨੂੰਨੀ ਲੋੜ ਨੂੰ ਵੀ ਖ਼ਤਮ ਕੀਤਾ ਜਾ ਰਿਹਾ ਹੈ ਬਸ਼ਰਤੇ ਅਜਿਹਾ ਕਰਨ ਦੀ ਬਹੁਤ ਜ਼ਿਆਦਾ ਲੋੜ ਨਾ ਹੋਵੇ। ਮੂਰ ਨੇ ਆਖਿਆ ਕਿ ਜਿਹੜੇ ਘਰ ਤੋਂ ਕੰਮ ਕਰ ਸਕਦੇ ਹਨ ਉਹ ਅਜਿਹਾ ਕਰਨਾ ਜਾਰੀ ਰੱਖ ਸਕਦੇ ਹਨ ਤਾਂ ਕਿ ਉਹ ਹੋਰਨਾਂ ਲੋਕਾਂ ਦੇ ਸੰਪਰਕ ਵਿੱਚ ਘੱਟ ਤੋਂ ਘੱਟ ਆਉਣ। ਮੂਰ ਨੇ ਆਖਿਆ ਕਿ ਵੈਕਸੀਨਜ਼ ਸੁਰੱਖਿਅਤ ਤੇ ਪ੍ਰਭਾਵਸ਼ਾਲੀ ਸਿੱਧ ਹੋ ਰਹੀਆਂ ਹਨ ਤੇ ਬੂਸਟਰ ਡੋਜ਼ਾਂ ਨਾਲ ਅਸੀਂ 88 ਤੋਂ 95 ਫੀ ਸਦੀ ਤੱਕ ਕੋਵਿਡ-19 ਤੋਂ ਪ੍ਰੋਟੈਕਸ਼ਨ ਹਾਸਲ ਕਰ ਚੁੱਕੇ ਹਾਂ। ਇਸ ਦੇ ਨਾਲ ਹੀ ਹੁਣ ਸਾਡੇ ਕੋਲ ਗੋਲੀ ਦੇ ਰੂਪ ਵਿੱਚ ਮੂੰਹ ਰਾਹੀਂ ਲਿਆ ਜਾਣ ਵਾਲਾ ਐਂਟੀਵਾਇਰਲ ਇਲਾਜ ਵੀ ਹੈ। ਸਾਨੂੰ ਆਸ ਹੈ ਕਿ ਮਈ ਤੱਕ ਸਾਨੂੰ ਮਾਸਕ ਤੇ ਫਿਜ਼ੀਕਲ ਡਿਸਟੈਂਸਿੰਗ ਵਰਗੇ ਨਿਯਮਾਂ ਦੀ ਵੀ ਲੋੜ ਨਹੀਂ ਹੋਵੇਗੀ।

# ਓਨਟਾਰੀਓ ਤੇ ਕਿਊਬਿਕ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਹੋਵੇਗਾ ਵਾਧਾ

ਟੋਰਾਂਟੋ, 27 ਜਨਵਰੀ (ਪੋਸਟ ਬਿਊਰੋ) : ਵੀਕੈਂਡ ਤੋਂ ਪਹਿਲਾਂ ਹੀ ਦੇਸ਼ ਦੇ ਕੁੱਝ ਹਿੱਸਿਆਂ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਰਿਕਾਰਡ ਵਾਧਾ ਹੋ ਸਕਦਾ ਹੈ।

ਗੈਸ ਦੀਆਂ ਕੀਮਤਾਂ ਉੱਤੇ ਨਜ਼ਰ ਰੱਖਣ ਵਾਲੇ ਕੈਨੇਡੀਅਨਜ਼ ਫੌਰ ਅਫੋਰਡੇਬਲ ਐਨਰਜੀ ਦੇ ਪ੍ਰੈਜ਼ੀਡੈਂਟ ਡੈਨ ਮੈਕਟੀਗ ਨੇ ਆਖਿਆ ਕਿ ਦੱਖਣੀ ਓਨਟਾਰੀਓ ਤੇ ਕਿਊਬਿਕ ਦੇ ਬਹੁਤੇ ਸ਼ਹਿਰਾਂ ਦੇ



ਡਰਾਈਵਰਾਂ ਨੂੰ ਸ਼ੁੱਕਰਵਾਰ ਨੂੰ ਪ੍ਰਤੀ ਲੀਟਰ ਪਿੱਛੇ ਦੋ ਸੈਂਟ ਵਾਧੂ ਦੇਣੇ ਪੈ ਸਕਦੇ ਹਨ। ਮਾਂਟਰੀਅਲ ਵਿੱਚ ਇੱਕ ਲੀਟਰ ਗੈਸ ਦੀ ਕੀਮਤ 161.9 ਸੈਂਟ ਹੋਵੇਗੀ। ਗ੍ਰੇਟਰ ਟੋਰਾਂਟੋ ਏਰੀਆ ਵਿੱਚ ਗੈਸ ਦੀ ਕੀਮਤ 151.9 ਸੈਂਟ ਪ੍ਰਤੀ ਲੀਟਰ ਹੋਵੇਗੀ। ਪਹਿਲੀ ਵਾਰੀ ਗੈਸ ਦੀਆਂ ਕੀਮਤਾਂ 150 ਸੈਂਟ ਤੋਂ ਵੱਧ ਹੋਣਗੀਆਂ।

ਸ਼ੁੱਕਰਵਾਰ ਨੂੰ ਪੱਛਮੀ ਕੈਨੇਡਾ ਵਿੱਚ ਗੈਸ ਦੀਆਂ ਕੀਮਤਾਂ ਪਹਿਲਾਂ ਵਾਲੀਆਂ ਹੀ ਰਹਿਣ ਦੀ ਸੰਭਾਵਨਾ ਹੈ। ਕੈਲਗਰੀ ਤੇ ਵਿਨੀਪੈਗ ਵਿੱਚ ਇੱਕ ਲੀਟਰ ਗੈਸ 139.9 ਸੈਂਟ ਤੇ ਐਡਮੰਟਨ ਵਿੱਚ 136.9 ਸੈਂਟ, ਰੇਜਾਈਨਾ ਵਿੱਚ 137.9 ਸੈਂਟ ਤੇ ਵੈਨਕੂਵਰ ਵਿੱਚ 169.9 ਸੈਂਟ ਰਹਿਣ ਦੀ ਸੰਭਾਵਨਾ ਹੈ।


ਕੱਚੇ ਤੇਲ ਦੀਆਂ ਕੀਮਤਾਂ ਵਿੱਚ ਲਗਾਤਾਰ ਹੋ ਰਹੇ ਵਾਧੇ ਕਾਰਨ ਇਹ ਰਿਕਾਰਡ ਵਾਧਾ ਦਰਜ ਕੀਤਾ ਗਿਆ ਹੈ। 2014 ਤੋਂ ਬਾਅਦ ਪਹਿਲੀ ਵਾਰੀ ਬੁੱਧਵਾਰ ਨੂੰ ਕੱਚੇ ਤੇਲ ਦੀ ਕੀਮਤ 90 ਡਾਲਰ(ਅਮਰੀਕੀ) ਤੱਕ ਪਹੁੰਚ ਗਈ। ਮਾਹਿਰਾਂ ਅਨੁਸਾਰ ਯੂਕਰੇਨ ਤੇ ਰੂਸ ਦਰਮਿਆਨ ਚੱਲ ਰਹੀ ਖਹਿਬਾਜ਼ੀ ਕਾਰਨ ਵੀ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਵੇਖਣ ਨੂੰ ਮਿਲ ਰਿਹਾ ਹੈ।

# ਖੇਡ ਪੱਤਰਕਾਰ ਗੁਰਪ੍ਰੀਤ ਪੁਰਬਾ ਦਾ ਓਂਟਾਰੀਓ ਸਰਕਾਰ ਵਲੋਂ ਸਨਮਾਨ

...ਪੰਨਾ 1 ਦਾ ਬਾਕੀ

ਇਸੇ ਤਰ੍ਹਾਂ ਕੈਨੇਡਾ ਅਤੇ ਨਾਰਥ ਅਮਰੀਕਾ ਦੀਆਂ ਖੇਡ ਜਗਤ ਦੀਆਂ ਖਬਰਾਂ ਸਾਂਝੀਆਂ ਕਰਕੇ ਨੌਜਵਾਨਾਂ ਵਿਚ ਮਕਬੂਲ ਹੁੰਦੇ ਹਨ।

ਰੇਡੀਓ ਖਬਰਸਾਰ ਦੇ ਸੰਚਾਲਕ ਜਗਦੀਸ਼ ਗਰੇਵਾਲ ਨੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਤੇ ਐੱਮ.ਪੀ.ਪੀ. ਅਮਰਜੋਤ ਸੰਧੂ ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ, ਜਿਨ੍ਹਾਂ ਨੇ ਗੁਰਪ੍ਰੀਤ ਪੁਰਬਾ ਦੀ ਭਾਈਚਾਰੇ ਨੂੰ ਇਸ ਵਿਲੱਖਣ ਦੇਣ ਦੀ ਪਹਿਚਾਣ ਕੀਤੀ। ਗੁਰਪ੍ਰੀਤ ਪੁਰਬਾ ਪੇਸ਼ੇ ਵਜੋਂ ਰਿਐਲਟਰ ਅਤੇ ਪ੍ਰਾਪਰਟੀ ਅਪ੍ਰੇਜ਼ਲ ਦਾ ਕੰਮ ਕਰਦੇ ਹਨ, ਪਰ ਸ਼ੌਕੀਆ ਤੌਰ 'ਤੇ ਖੇਡਾਂ ਨਾਲ ਜੁੜੇ ਹਨ। ਉਨ੍ਹਾਂ ਵਲੋਂ ਕੀਤੀ ਕਵਰੇਜ ਕਿਸੇ ਵੀ ਮੁੱਖ ਧਾਰਾ ਦੇ ਮੀਡੀਆ ਨਾਲੋਂ ਘੱਟ ਨਹੀਂ ਹੁੰਦੀ।




REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Services:
• Real Estate
• Residential, Commercial & Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਮਿਸੀਸਾਗਾ ਵਿੱਚ ਛੁਰੇਬਾਜ਼ੀ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ

ਮਿਸੀਸਾਗਾ, 27 ਜਨਵਰੀ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਛੁਰੇਬਾਜ਼ੀ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਪੀਲ ਰੀਜਨਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਘਟਨਾ ਕਿਊ ਈ ਡਬਲਿਊ ਦੇ ਪੱਛਮ ਵੱਲ ਐਰਿਨ ਮਿੱਲਜ਼ ਪਾਰਕਵੇਅ ਤੇ ਫਾਊਲਰ ਡਰਾਈਵ ਏਰੀਆ ਵਿੱਚ ਸ਼ਾਮੀਂ 6:30 ਵਜੇ ਵਾਪਰੀ। 41 ਸਾਲਾ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।




ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਮੌਕੇ ਤੋਂ ਫਰਾਰ ਹੋਏ ਮਸ਼ਕੂਕ ਦੀ ਪੁਲਿਸ ਅਧਿਕਾਰੀਆਂ ਵੱਲੋਂ ਭਾਲ ਕੀਤੀ ਜਾ ਰਹੀ ਹੈ। ਪੀਲ ਦੀ ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਆਪਣੇ ਹੱਥ ਲਈ ਜਾਵੇਗੀ। ਅਜੇ ਤੱਕ ਮਸ਼ਕੂਕ ਦਾ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ।

## ਪੁਰਾਣੇ ਰੈਜ਼ੀਡੈਂਸ਼ੀਅਲ ਸਕੂਲ ਦੀ ਸਾਈਟ ਤੋਂ ਮਿਲੀਆਂ 93 ਕਬਰਾਂ

ਬ੍ਰਿਟਿਸ਼ ਕੋਲੰਬੀਆ, 27 ਜਨਵਰੀ (ਪੋਸਟ ਬਿਊਰੋ) : ਪੁਰਾਣੇ ਰੈਜ਼ੀਡੈਂਸ਼ੀਅਲ ਸਕੂਲ ਵਾਲੀ ਸਾਈਟ ਤੋਂ 93 ਸੰਭਾਵੀ ਕਬਰਾਂ ਮਿਲਣ ਦਾ ਬ੍ਰਿਟਿਸ਼ ਕੋਲੰਬੀਆ ਫਰਸਟ ਨੇਸ਼ਨ ਵੱਲੋਂ ਐਲਾਨ ਕੀਤਾ ਗਿਆ।

ਵਿਲੀਅਮਜ਼ ਲੇਕ ਫਰਸਟ ਨੇਸ਼ਨ ਅਨੁਸਾਰ ਪਿੱਛੇ ਜਿਹੇ ਕਰਵਾਏ ਗਏ ਸਰਵੇਖਣ ਦੌਰਾਨ ਜ਼ਮੀਨ ਭੇਦੀ ਰਡਾਰ ਦੀ ਵਰਤੋਂ ਦੌਰਾਨ ਇਨ੍ਹਾਂ ਕਬਰਾਂ ਦੀ ਹੋਂਦ ਦਾ ਪਤਾ ਚੱਲਿਆ। ਵਿਲੀਅਮਜ਼ ਲੇਕ ਫਰਸਟ ਨੇਸ਼ਨ ਦੇ ਚੀਫ ਵਿਲੀ ਸੈਲਾਰਜ਼ ਨੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਆਖਿਆ ਕਿ ਕਈ ਦਹਾਕਿਆਂ ਤੱਕ ਸਾਨੂੰ ਸੇਂਟ ਜੋਸਫ ਮਿਸ਼ਨ ਵਿਖੇ ਬੱਚਿਆਂ ਨੂੰ ਅੱਖੋਂ ਪਰਖੇ ਕੀਤੇ ਜਾਣ ਤੇ ਉਨ੍ਹਾਂ ਨਾਲ ਕੀਤੇ ਜਾਣ ਵਾਲੇ ਸ਼ੋਸ਼ਣ



ਦੀਆਂ ਖਬਰਾਂ ਮਿਲਦੀਆਂ ਰਹੀਆਂ। ਇਸ ਦੌਰਾਨ ਸਾਨੂੰ ਕਈ ਬੱਚਿਆਂ ਦੇ ਮਰਨ ਜਾਂ ਗਾਇਬ ਹੋਣ ਦੀਆਂ ਖਬਰਾਂ ਵੀ ਮਿਲੀਆਂ।

ਇਹ ਰੈਜ਼ੀਡੈਂਸ਼ੀਅਲ ਸਕੂਲ ਵਿਲੀਅਮਜ਼ ਲੇਕ ਦਰਮਿਆਨ 1891 ਤੇ 1981 ਦਰਮਿਆਨ ਚਲਾਇਆ ਗਿਆ। ਪਰ ਬਾਅਦ ਵਿੱਚ ਇਸ ਦੇ ਬਹੁਤੇ ਹਿੱਸੇ ਨੂੰ ਢਾਅ ਦਿੱਤਾ ਗਿਆ। ਕਬਰਾਂ ਮਿਲਣ ਦੀਆਂ ਇਨ੍ਹਾਂ ਲੱਭਤਾਂ ਨੂੰ ਮੁੱਢਲੀ ਜਾਣਕਾਰੀ ਹੀ ਮੰਨਿਆ ਜਾ ਰਿਹਾ ਹੈ। ਜਾਂਚ ਅੱਗੇ ਵਧਣ ਨਾਲ ਇਸ ਦੇ ਹੋਰ ਪੱਖ ਵੀ ਸਾਹਮਣੇ ਆਉਣਗੇ। ਅਜੇ ਤੱਕ 470 ਹੈਕਟੇਅਰ ਵਿੱਚੋਂ 14 ਹੈਕਟੇਅਰ ਪ੍ਰਾਪਰਟੀ ਹੀ ਛਾਣੀ ਗਈ ਹੈ।

## ਓਨਟਾਰੀਓ ਵਿੱਚ ਦਾਖਲ ਕਰਵਾਏ ਜਾਣ ਵਾਲੇ ਕੋਵਿਡ-19 ਮਰੀਜ਼ਾਂ ਦੀ ਗਿਣਤੀ ਘਟੀ

ਓਨਟਾਰੀਓ, 27 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਵਿੱਚ ਕੋਵਿਡ-19 ਨਾਲ ਸਬੰਧਤ ਲੋਕਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਉਣ ਦੀ ਦਰ ਵਿੱਚ ਕਮੀ ਦਰਜ ਕੀਤੀ ਗਈ ਹੈ। ਐਤਵਾਰ ਨੂੰ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਇਸ ਸਮੇਂ ਓਨਟਾਰੀਓ ਵਿੱਚ 3,797 ਕੋਵਿਡ ਦੇ ਮਰੀਜ਼ ਹਸਪਤਾਲ ਦਾਖਲ ਹਨ ਜਦਕਿ ਆਈਸੀਯੂ ਵਿੱਚ 604 ਲੋਕ ਭਰਤੀ ਹਨ।

ਇਸ ਤੋਂ ਇੱਕ ਦਿਨ ਪਹਿਲਾਂ ਹਸਪਤਾਲਾਂ ਵਿੱਚ ਦਾਖਲ ਕਰਵਾਏ ਗਏ 4,026 ਮਰੀਜ਼ਾਂ ਨਾਲੋਂ ਇਹ ਗਿਣਤੀ ਘੱਟ ਹੈ ਪਰ ਆਈਸੀਯੂ ਵਿੱਚ ਭਰਤੀ ਕਰਵਾਏ ਗਏ 600 ਮਰੀਜ਼ਾਂ ਦੀ ਗਿਣਤੀ ਵਿੱਚ ਮਾਮੂਲੀ ਵਾਧਾ ਦਰਜ ਕੀਤਾ ਗਿਆ ਹੈ। ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਐਤਵਾਰ ਨੂੰ ਸਾਰੇ ਹਸਪਤਾਲ ਰਿਪੋਰਟ ਨਹੀਂ ਕਰਦੇ। ਹਸਪਤਾਲਾਂ ਵਿੱਚ



ਦਾਖਲ ਕੋਵਿਡ-19 ਦੇ ਮਰੀਜ਼ਾਂ ਵਿੱਚੋਂ 2,079 ਪੂਰੀ ਤਰ੍ਹਾਂ ਵੈਕਸੀਨੇਟਿਡ ਹਨ, 783 ਅਨਵੈਕਸੀਨੇਟਿਡ ਹਨ ਤੇ 194 ਮਰੀਜ਼ ਅੰਸ਼ਕ ਤੌਰ ਉੱਤੇ ਵੈਕਸੀਨੇਟਿਡ ਹਨ। ਬਾਕੀ ਰਹਿੰਦੇ 741 ਮਰੀਜ਼ਾਂ ਦੀ ਵੈਕਸੀਨੇਸ਼ਨ ਦੇ ਦਰਜੇ ਬਾਰੇ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ।

ਆਈਸੀਯੂ ਵਿੱਚ 227 ਮਰੀਜ਼ ਪੂਰੀ ਤਰ੍ਹਾਂ ਵੈਕਸੀਨੇਟਿਡ ਹਨ, 216 ਵੈਕਸੀਨੇਟਿਡ ਨਹੀਂ ਹਨ ਤੇ 17 ਮਰੀਜ਼ ਅੰਸ਼ਕ ਤੌਰ ਉੱਤੇ ਵੈਕਸੀਨੇਟਿਡ ਹਨ। ਆਈਸੀਯੂ ਵਿੱਚ ਦਾਖਲ 144 ਮਰੀਜ਼ਾਂ ਦੇ ਸਟੇਟਸ ਬਾਰੇ ਵੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਸਰਕਾਰੀ ਅੰਕੜੇ ਦਰਸਾਉਂਦੇ ਹਨ ਕਿ ਆਈਸੀਯੂ ਵਿੱਚ 81 ਫੀ ਸਦੀ ਮਰੀਜ਼ਾਂ ਦਾ ਕੋਵਿਡ-19 ਦਾ ਇਲਾਜ ਚੱਲ ਰਿਹਾ ਹੈ ਜਦਕਿ 19 ਫੀ ਸਦੀ ਹੋਰ ਕਾਰਨਾਂ ਕਰਕੇ ਭਰਤੀ ਹਨ।

## ਘਰੇਲੂ ਝਗੜੇ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ, ਮਹਿਲਾ ਗ੍ਰਿਫਤਾਰ

ਮਾਰਖਮ, 27 ਜਨਵਰੀ (ਪੋਸਟ ਬਿਊਰੋ) : ਮਾਰਖਮ ਦੇ ਇੱਕ ਘਰ ਵਿੱਚ ਘਰੇਲੂ ਝਗੜੇ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਇੱਕ ਮਹਿਲਾ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਸੋਮਵਾਰ ਨੂੰ ਸ਼ਾਮੀਂ 6:30 ਵਜੇ ਇੱਕ ਵਿਅਕਤੀ ਉੱਤੇ ਚਾਕੂ ਨਾਲ ਹਮਲਾ ਕੀਤੇ ਜਾਣ ਦੀ ਰਿਪੋਰਟ ਦੇ ਕੇ ਯੌਰਕ ਰੀਜਨਲ ਪੁਲਿਸ ਨੂੰ ਯੰਗ ਸਟਰੀਟ ਤੇ ਸਿਬੇਰਾਸ ਰੋਡ ਏਰੀਆ ਵਿੱਚ ਫਰੈਂਡ ਵਾਰਲੇ ਡਰਾਈਵ ਸਥਿਤ ਘਰ ਵਿੱਚ ਸੱਦਿਆ ਗਿਆ। ਇਸ ਘਰ ਤੋਂ 31 ਸਾਲਾ ਵਿਅਕਤੀ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿੱਥੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਇਸ ਦੌਰਾਨ ਇਸੇ ਘਰ



ਤੋਂ 33 ਸਾਲਾ ਮਹਿਲਾ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਉਸ ਉੱਤੇ ਸੈਕਿੰਡ ਡਿਗਰੀ ਮਰਡਰ ਦੇ ਚਾਰਜਿਜ਼ ਲਾਏ ਗਏ। ਪੁਲਿਸ ਨੇ ਦੱਸਿਆ ਕਿ ਘਟਨਾ ਸਮੇਂ ਪਰਿਵਾਰ ਦੇ ਨਿੱਕੇ ਮੈਂਬਰ ਦੇ ਘਰ ਵਿੱਚ ਹੋਣ ਕਾਰਨ ਮਰਨ ਵਾਲੇ ਤੇ ਗ੍ਰਿਫਤਾਰ ਕੀਤੀ ਗਈ ਮਹਿਲਾ ਦੇ ਨਾਂ ਜਾਰੀ ਨਹੀਂ ਕੀਤੇ ਗਏ।

## ਵੈਕਸੀਨ ਮੈਨਡੇਟ ਖਿਲਾਫ ਟਰੱਕਰਜ਼ ਵੱਲੋਂ ਐਲਾਨੇ ਮੁਜ਼ਾਹਰੇ ਦੀ ਕੈਨੇਡੀਅਨ ਟਰੱਕਿੰਗ ਅਲਾਇੰਸ ਨੇ ਕੀਤੀ ਨਿਖੇਧੀ

ਓਟਵਾ, 27 ਜਨਵਰੀ (ਪੋਸਟ ਬਿਊਰੋ) : ਫੈਡਰਲ ਸਰਕਾਰ ਦੀ ਕਰੌਸ ਬਾਰਡਰ ਟਰੈਵਲ ਵੈਕਸੀਨ ਮੈਨਡੇਟ ਦੇ ਖਿਲਾਫ ਵਿਰੋਧ ਕਰਨ ਦੀ ਯੋਜਨਾ ਦੀ ਕੈਨੇਡਾ ਭਰ ਦੇ ਟਰੱਕਰਜ਼ ਦੀ ਨੁਮਾਇੰਦਗੀ ਕਰਨ ਵਾਲੀ ਫੈਡਰੇਸ਼ਨ ਵੱਲੋਂ ਨਿਖੇਧੀ ਕੀਤੀ ਗਈ ਹੈ। ਫੈਡਰੇਸ਼ਨ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਮੁਜ਼ਾਹਰੇ ਕਿਸੇ ਨੀਤੀ ਦੀ ਖਿਲਾਫਤ ਕਰਨ ਦਾ ਸੇਫ ਤੇ ਪ੍ਰਭਾਵਸ਼ਾਲੀ ਢੰਗ ਨਹੀਂ ਹੁੰਦੇ।

ਕੈਨੇਡੀਅਨ ਟਰੱਕਿੰਗ ਅਲਾਇੰਸ ਨੇ ਬ੍ਰਿਟਿਸ਼ ਕੋਲੰਬੀਆ ਤੋਂ ਓਟਵਾ ਲਈ ਰਵਾਨਾ ਹੋਣ ਵਾਲੇ ਗੈਰ ਵੈਕਸੀਨੇਟਿਡ ਟਰੱਕਰਜ਼ ਦੇ ਕਾਫਲੇ ਤੋਂ 24 ਘੰਟੇ ਪਹਿਲਾਂ ਇਹ ਬਿਆਨ ਦਿੱਤਾ। ਇਨ੍ਹਾਂ ਟਰੱਕਰਜ਼ ਦੀ ਯੋਜਨਾ ਇਹ ਹੈ ਕਿ 29 ਜਨਵਰੀ ਨੂੰ ਹੋਣ ਵਾਲੇ ਇਸ ਮੁਜ਼ਾਹਰੇ ਲਈ ਇਸ ਕਾਫਲੇ ਨਾਲ ਕੈਨੇਡਾ ਭਰ ਤੋਂ ਹੋਰ ਡਰਾਈਵਰਾਂ ਦੇ ਫਲੀਟ ਵੀ ਜੁੜਨਗੇ। ਫਿਰ ਉੱਥੇ ਕੈਨੇਡਾ-ਯੂਐਸ ਬਾਰਡਰ ਪਾਰ ਕਰਨ ਲਈ ਕੋਵਿਡ-19 ਖਿਲਾਫ ਪੂਰੀ ਤਰ੍ਹਾਂ ਵੈਕਸੀਨੇਟਿਡ ਹੋਣ ਦੇ ਫੈਡਰਲ ਸਰਕਾਰ ਵੱਲੋਂ ਐਲਾਨੇ ਨਿਯਮ ਦੇ ਵਿਰੋਧ ਵਿੱਚ ਰੈਲੀ ਕੀਤੀ ਜਾਵੇਗੀ।

ਕੈਨੇਡੀਅਨ ਟਰੱਕਿੰਗ ਅਲਾਇੰਸ (ਸੀਟੀਏ) ਵੱਲੋਂ ਜਾਰੀ ਕੀਤੇ ਬਿਆਨ ਵਿੱਚ ਆਖਿਆ ਗਿਆ ਕਿ ਉਹ ਪਬਲਿਕ ਰੋਡਵੇਜ਼,




ਹਾਈਵੇਅਜ਼ ਤੇ ਪੁਲਾਂ ਉੱਤੇ ਕੀਤੇ ਜਾਣ ਵਾਲੇ ਕਿਸੇ ਵੀ ਤਰ੍ਹਾਂ ਦੇ ਮੁਜ਼ਾਹਰੇ ਦਾ ਸਮਰਥਨ ਨਹੀਂ ਕਰਦੀ। ਅਲਾਇੰਸ ਨੇ ਆਖਿਆ ਕਿ ਵੱਡੀ ਗਿਣਤੀ ਵਿੱਚ ਕੈਨੇਡੀਅਨ ਟਰੱਕਿੰਗ ਇੰਡਸਟਰੀ ਦੇ ਮੈਂਬਰਾਂ ਦੀ ਵੈਕਸੀਨੇਸ਼ਨ ਹੋ ਚੁੱਕੀ ਹੈ। ਇਹ ਵੀ ਆਖਿਆ ਗਿਆ ਕਿ ਟਰੱਕ ਡਰਾਈਵਰਾਂ ਦਰਮਿਆਨ ਇਮਿਊਨਾਈਜ਼ੇਸ਼ਨ ਦਰ ਆਮ ਜਨਤਾ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ।

ਅਲਾਇੰਸ ਦੇ ਪ੍ਰੈਜ਼ੀਡੈਂਟ ਸਟੀਫਨ ਲਾਸਕੋਵਸਕੀ ਨੇ ਕੈਨੇਡਾ ਤੇ ਅਮਰੀਕਾ ਵਿੱਚ ਕਰੌਸ ਬਾਰਡਰ ਵੈਕਸੀਨੇਸ਼ਨ ਨਿਯਮ ਹੋਂਦ ਵਿੱਚ ਆਉਣ ਦਾ ਹਵਾਲਾ ਦੇ ਕੇ ਸਾਰੇ ਟਰੱਕਰਜ਼ ਤੋਂ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਆਖਿਆ ਕਿ ਇਸ ਨਿਯਮ ਵਿੱਚ ਕੋਈ ਤਬਦੀਲੀ ਨਹੀਂ ਹੋਣ ਵਾਲੀ ਤੇ ਇੱਕ ਇੰਡਸਟਰੀ ਵਜੋਂ ਸਾਨੂੰ ਇਸ ਨਿਯਮ ਨੂੰ ਅਪਨਾਉਣਾ ਚਾਹੀਦਾ ਹੈ ਸਗੋਂ ਇਸ ਉੱਤੇ ਅਮਲ ਵੀ ਕਰਨਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਕਿਸੇ ਵੀ ਕਮਰਸ਼ੀਅਲ ਟਰੱਕ ਜਾਂ ਕਿਸੇ ਹੋਰ ਗੱਡੀ ਵਿੱਚ ਬਾਰਡਰ ਪਾਰ ਕਰਨ ਦਾ ਇੱਕੋ ਰਾਹ ਵੈਕਸੀਨੇਸ਼ਨ ਕਰਵਾਉਣਾ ਹੈ ਤੇ ਸਾਨੂੰ ਸਾਰਿਆਂ ਨੂੰ ਰਲ ਕੇ ਇਸ ਨਿਯਮ ਦੀ ਪਾਲਣਾ ਕਰਨੀ ਚਾਹੀਦੀ ਹੈ।

## 60 ਫੀ ਸਦੀ ਕੈਨੇਡੀਅਨਜ਼ ਨੂੰ ਮੁਸ਼ਕਲ ਹੋ ਰਿਹਾ ਹੈ ਆਪਣੇ ਪਰਿਵਾਰਾਂ ਦਾ ਢਿੱਡ ਪਾਲਣਾ : ਰਿਪੋਰਟ

ਓਟਵਾ, 27 ਜਨਵਰੀ (ਪੋਸਟ ਬਿਊਰੋ) : ਇੱਕ ਨਵੇਂ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ 60 ਫੀ ਸਦੀ ਕੈਨੇਡੀਅਨਜ਼ ਨੂੰ ਆਪਣੇ ਪਰਿਵਾਰਾਂ ਦਾ ਢਿੱਡ ਪਾਲਣਾ ਔਖਾ ਹੋਇਆ ਪਿਆ ਹੈ।

ਐਂਗਸ ਰੀਡ ਇੰਸਟੀਚਿਊਟ ਵੱਲੋਂ ਕਰਵਾਏ ਗਏ ਸਰਵੇਖਣ ਤੋਂ ਖੁਲਾਸਾ ਹੋਇਆ ਕਿ 57 ਫੀ ਸਦੀ ਕੈਨੇਡੀਅਨਜ਼ ਨੇ ਇਹ ਮੰਨਿਆ ਹੈ ਕਿ ਉਨ੍ਹਾਂ ਦਾ ਜੂਨ ਗੁਜ਼ਾਰਾ ਬਹੁਤ ਮੁਸ਼ਕਲ ਹੋ ਗਿਆ ਹੈ। ਜਦੋਂ 2019 ਵਿੱਚ ਕੈਨੇਡੀਅਨਜ਼ ਤੋਂ ਅਜਿਹਾ ਸਵਾਲ ਪੁੱਛਿਆ ਗਿਆ ਸੀ ਤਾਂ ਉਸ ਸਮੇਂ 36 ਫੀ ਸਦੀ ਨੇ ਇਹੋ ਜਿਹਾ ਜਵਾਬ ਦਿੱਤਾ ਸੀ। ਇਨ੍ਹਾਂ ਅੰਕੜਿਆਂ ਪਿੱਛੇ ਮਹਿੰਗਾਈ ਦਾ ਹੱਥ ਹੈ ਕਿਉਂਕਿ ਪਿਛਲੇ 30 ਸਾਲਾਂ ਵਿੱਚ ਪਹਿਲੀ ਵਾਰੀ ਕੈਨੇਡੀਅਨਜ਼ ਨੂੰ ਮਹਿੰਗਾਈ ਦੇ ਇਸ ਉੱਚ ਪੱਧਰ ਵਿੱਚੋਂ ਲੰਘਣਾ ਪੈ ਰਿਹਾ ਹੈ।

ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਡਾਟਾ ਵਿੱਚ ਪਾਇਆ



ਗਿਆ ਕਿ ਕੁਕਿੰਗ ਆਇਲ (41.4 ਫੀ ਸਦੀ) ਤੇ ਚੀਨੀ (21.6 ਫੀ ਸਦੀ) ਵਰਗੀਆਂ ਰੋਜ਼ਾਨਾਂ ਵਰਤੋਂ ਵਿੱਚ ਆਉਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਵਿੱਚ ਹੀ ਦਸੰਬਰ 2020 ਤੇ ਦਸੰਬਰ 2021 ਦਰਮਿਆਨ ਲੋੜੋਂ ਵੱਧ ਵਾਧਾ ਹੋਇਆ ਹੈ। ਐਂਗਸ ਰੀਡ ਇੰਸਟੀਚਿਊਟ ਵੱਲੋਂ ਇਕਨੌਮਿਕ ਸਟਰੈੱਸ ਇੰਡੈਕਸ (ਈਐਸਆਈ) ਦੀ ਵੀ ਜਾਂਚ ਕੀਤੀ ਗਈ। ਇਸ ਤਹਿਤ ਕਰਜ਼ਾ, ਹਾਊਸਿੰਗ ਲਾਗਤ, ਕਿਸੇ ਘਰ ਦੀ ਫੂਡ ਦੀ ਕੀਮਤ, ਭਾਗੀਦਾਰ ਦੀ ਪਿਛਲੇ ਸਾਲ ਦੇ ਮੁਕਾ-ਬਲੇ ਵਿੱਤੀ ਹਾਲਾਤ ਤੇ ਅਗਲੇ ਸਾਲ ਦੀ ਵਿੱਤੀ ਹਾਲਤ ਦਾ ਵੀ ਮੁਲਾਂਕਣ ਕੀਤਾ ਜਾਂਦਾ ਹੈ। ਫਿਰ ਇਸ ਨੂੰ ਚਾਰ ਹਿੱਸਿਆਂ ਵਿੱਚ ਵੰਡਿਆਂ ਜਾਂਦਾ ਹੈ ਕਿ ਸਬੰਧਤ ਵਿਅਕਤੀ ਦੀ ਹਾਲਤ ਕਿਹੋ ਜਿਹੀ ਹੈ : ਵੱਧ ਫੁੱਲ ਰਿਹਾ ਹੈ, ਆਰਾਮ ਵਿੱਚ ਹੈ, ਬੇਆਰਾਮੀ ਵਿੱਚ ਹੈ ਜਾਂ ਸੰਘਰਸ਼ ਕਰ ਰਿਹਾ ਹੈ।

ਈਐਸਆਈ ਦੀ ਵਰਤੋਂ ਕਰਦਿਆਂ ਹੋਇਆਂ ਐਂਗਸ ਰੀਡ ਇੰਸਟੀਚਿਊਟ ਨੇ ਪਾਇਆ ਕਿ ਸੰਘਰਸ਼ ਕਰ ਰਹੇ 98 ਫੀ ਸਦੀ ਲੋਕਾਂ ਨੂੰ ਆਪਣੇ ਪਰਿਵਾਰਾਂ ਨੂੰ ਪਾਲਣ ਵਿੱਚ ਮੁਸ਼ਕਲ ਆ ਰਹੀ ਹੈ। ਜਿਹੜੇ ਵੱਧ ਫੁੱਲ ਰਹੇ ਹਨ ਉਨ੍ਹਾਂ ਲਈ ਫੂਡ ਦੀ ਕੀਮਤ ਮੈਨੇਜ ਕਰਨ ਯੋਗ ਹੈ ਜਾਂ ਖਾਣੇ ਦਾ ਜੁਗਾੜ ਕਰਨ ਬਾਰੇ ਉਨ੍ਹਾਂ ਨੂੰ ਸੋਚਣਾ ਨਹੀਂ ਪੈਂਦਾ। ਜਿਹੜੇ ਬੇਆਰਾਮੀ ਵਿੱਚ ਹਨ ਜਾਂ ਸੰਘਰਸ਼ ਕਰ ਰਹੇ ਹਨ ਉਨ੍ਹਾਂ ਲਈ ਆਪਣੇ ਘਰ ਦੇ ਜੀਆਂ ਲਈ ਖਾਣਾ ਜੁਟਾਉਣਾ ਮੁਸ਼ਕਲ ਹੋ ਸਕਦਾ ਹੈ।

ਸੰਘਰਸ਼ ਕਰਨ ਵਾਲਿਆਂ ਨੂੰ ਆਪਣੇ ਭਵਿੱਖ ਬਾਰੇ ਵੀ ਅਨਿਸ਼ਚਿਤਤਾ ਬਣੀ ਰਹਿੰਦੀ ਹੈ, ਇਨ੍ਹਾਂ ਵਿੱਚੋਂ ਸਿਰਫ 8 ਫੀ ਸਦੀ ਨੂੰ ਇਹ ਲੱਗਦਾ ਹੈ ਕਿ ਉਨ੍ਹਾਂ ਦੀ ਸਥਿਤੀ ਅਗਲੇ ਸਾਲ ਬਿਹਤਰ ਹੋ ਜਾਵੇਗੀ। ਸਰਵੇਖਣ ਵਿੱਚ ਹਿੱਸਾ ਲੈਣ ਵਾਲਿਆਂ ਵਿੱਚੋਂ 27 ਫੀ ਸਦੀ ਸੰਘਰਸ਼ ਕਰਨ ਵਾਲੀ ਵੰਨਗੀ ਵਿੱਚ ਸ਼ਾਮਲ ਸਨ ਜਦਕਿ 24 ਫੀ ਸਦੀ ਬਿਹਤਰ ਸਥਿਤੀ ਵਿੱਚ ਸਨ ਤੇ 25 ਫੀ ਸਦੀ ਬੇਅਰਾਮੀ ਵਾਲੀ ਸਥਿਤੀ ਵਿੱਚ ਸਨ।

ਨਿਊਫਾਊਂਡਲੈਂਡ ਐਂਡ ਲੈਬਰਾਡੌਰ ਵਿੱਚ 45 ਫੀ ਸਦੀ ਲੋਕਾਂ ਕੋਲੋਂ ਰੋਜ਼ਗਾਰ ਹੀ ਨਹੀਂ , ਕਿਊਬਿਕ ਦੇ 33 ਫੀ ਸਦੀ ਖੁਸ਼ਹਾਲ ਹਨ ਤੇ 19 ਫੀ ਸਦੀ ਸੰਘਰਸ਼ ਕਰ ਰਹੇ ਹਨ। 39 ਫੀ ਸਦੀ ਕੈਨੇਡੀਅਨਜ਼ ਦਾ ਮੰਨਣਾ ਹੈ ਕਿ ਪਿਛਲੇ ਸਾਲ ਉਨ੍ਹਾਂ ਦੀ ਵਿੱਤੀ ਸਥਿਤੀ ਕਾਫੀ ਨਿੱਘਰ ਗਈ। ਕੁੱਲ ਮਿਲਾ ਕੇ 49 ਫੀ ਸਦੀ ਐਲਬਰਟਾ ਵਾਸੀਆਂ, 47 ਫੀ ਸਦੀ ਸਸਕੈਚਵਨ ਵਾਸੀਆਂ, 47 ਫੀ ਸਦੀ ਨਿਊਫਾਊਂਡਲੈਂਡ ਐਂਡ ਲੈਬਰਾਡੌਰ ਵਾਸੀਆਂ ਨੇ ਮੰਨਿਆ ਕਿ ਪਿਛਲੇ ਸਾਲ ਉਨ੍ਹਾਂ ਦੀ ਵਿੱਤੀ ਸਥਿਤੀ ਕਾਫੀ ਮਾੜੀ ਰਹੀ।

## ਪ੍ਰੋਵਿੰਸ ਦੇ ਮਾਸਕ ਸਬੰਧੀ ਨਿਯਮਾਂ ਵਿਚ ਨੇੜ ਭਵਿੱਖ ਵਿਚ ਕੋਈ ਤਬਦੀਲੀ ਨਹੀਂ ਹੋਣ ਵਾਲੀ : ਫੋਰਡ

ਓਨਟਾਰੀਓ, 27 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਪ੍ਰੋਵਿੰਸ ਦੇ ਮਾਸਕ ਸਬੰਧੀ ਨਿਯਮਾਂ ਵਿੱਚ ਨੇੜ ਭਵਿੱਖ ਵਿੱਚ ਕੋਈ ਤਬਦੀਲੀ ਹੋਣ ਵਾਲੀ ਹੈ।

ਇੱਕ ਇੰਟਰਵਿਊ ਦੌਰਾਨ ਜਦੋਂ ਫੋਰਡ ਤੋਂ ਜਲਦ ਹੀ ਕੋਵਿਡ-19 ਪਾਬੰਦੀਆਂ ਵਿੱਚ ਢਿੱਲ ਦੇਣ ਬਾਰੇ ਉਨ੍ਹਾਂ ਦੇ ਦਿੱਤੇ ਬਿਆਨ ਸਬੰਧੀ ਪੁੱਛਿਆ ਗਿਆ ਤਾਂ ਉਨ੍ਹਾਂ ਆਖਿਆ ਕਿ ਉਹ ਇਸ ਤਰ੍ਹਾਂ ਕਾਰੋਬਾਰਾਂ ਨੂੰ ਬੰਦ ਕਰਨ ਦੇ ਹੱਕ ਵਿੱਚ ਨਹੀਂ ਹਨ ਤੇ ਉਹ ਨੌਰਮਲ ਹਾਲਾਤ ਵੱਲ ਮੁੜਨਾ ਚਾਹੁੰਦੇ ਹਨ। ਉਨ੍ਹਾਂ ਆਖਿਆ



ਕਿ ਉਹ ਇਹ ਸਾਰਾ ਕੁੱਝ ਸਹੀ ਢੰਗ ਨਾਲ ਤੇ ਸਾਵਧਾਨੀ ਨਾਲ ਕਰਨਾ ਚਾਹੁੰਦੇ ਹਨ। ਇਸੇ ਲਈ ਹਰ ਇੱਕ ਰੀਓਪਨਿੰਗ ਫੇਜ਼ ਦਰਮਿਆਨ ਘੱਟੋ ਘੱਟ 21 ਦਿਨਾਂ ਦਾ ਫਾਸਲਾ ਰੱਖਿਆ ਜਾਵੇਗਾ।

ਇਹ ਪੁੱਛੇ ਜਾਣ ਉੱਤੇ ਕਿ ਕੀ ਮਾਸਕ ਸਬੰਧੀ ਨਿਯਮਾਂ ਵਿੱਚ ਵੀ ਕੋਈ ਢਿੱਲ ਦਿੱਤੀ ਜਾਵੇਗੀ ਤਾਂ ਫੋਰਡ ਨੇ ਆਖਿਆ ਕਿ ਹਾਲ ਦੀ ਘੜੀ ਅਜਿਹਾ ਕਰਨ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ। ਉਨ੍ਹਾਂ ਆਖਿਆ ਕਿ ਮਾਸਕ ਸੱਚਮੁੱਚ ਲੋਕਾਂ ਦੀ ਹਿਫਾਜ਼ਤ ਕਰਦੇ ਹਨ ਫਿਰ ਭਾਵੇਂ ਇਸ ਨਿਯਮ ਨੂੰ ਹਮੇਸ਼ਾਂ ਲਈ ਨਹੀਂ ਰੱਖਿਆ ਜਾ ਸਕਦਾ।

ਇੱਥੇ ਦੱਸਣਾ ਬਣਦਾ ਹੈ ਕਿ ਰੈਸਟੋਰੈਂਟ,ਜਿੰਮ ਤੇ ਸਿਨੇਮਾ 31 ਜਨਵਰੀ ਤੱਕ ਖੁੱਲ੍ਹਣ ਜਾ ਰਹੇ ਹਨ। ਫੋਰਡ ਮਾਰਚ ਦੇ ਮੱਧ ਤੱਕ ਅਜਿਹੇ ਸਾਰੇ ਕਾਰੋਬਾਰਾਂ ਤੋਂ ਪਾਬੰਦੀਆਂ ਹਟਾਉਣ ਦਾ ਇਰਾਦਾ ਰੱਖਦੇ ਹਨ।

## ਛੁਰੇਬਾਜ਼ੀ ਵਿੱਚ 2 ਟੀਨੇਜਰ ਗੰਭੀਰ ਜ਼ਖ਼ਮੀ

ਓਨਟਾਰੀਓ, 27 ਜਨਵਰੀ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਨੌਰਥ ਯੌਰਕ ਦੇ ਮਾਲ ਵਿੱਚ ਛੁਰੇਬਾਜ਼ੀ ਦੀ ਘਟਨਾ ਵਾਪਰਨ ਮਗਰੋਂ ਦੋ ਟੀਨੇਜਰਜ਼ ਨੂੰ ਹਸਪਤਾਲ ਲਿਜਾਇਆ ਗਿਆ।

ਪੁਲਿਸ ਨੂੰ ਇਹ ਰਿਪੋਰਟਾਂ ਮਿਲੀਆਂ ਕਿ ਕਿਸੇ ਨੂੰ ਚਾਕੂ ਮਾਰ ਦਿੱਤਾ ਗਿਆ ਹੈ। ਇਸ ਤੋਂ ਬਾਅਦ ਸ਼ਾਮੀਂ 5:00 ਵਜੇ ਪੁਲਿਸ




ਨੇ ਆਖਿਆ ਕਿ ਉਨ੍ਹਾਂ ਨੂੰ ਡੌਨ ਮਿੱਲਜ਼ ਰੋਡ ਤੇ ਫੇਅਰਵਿਊ ਮਾਲ ਡਰਾਈਵ ਏਰੀਆ ਵਿੱਚ ਸੱਦਿਆ ਗਿਆ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਨ੍ਹਾਂ ਨੂੰ ਦੋ ਟੀਨੇਜਰਜ਼ ਜ਼ਖ਼ਮੀ ਹਾਲਤ ਵਿੱਚ ਮਿਲੇ। ਦੋਵਾਂ ਨੂੰ ਨੇੜਲੇ ਟਰੌਮਾ ਸੈਂਟਰ ਲਿਜਾਇਆ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਟੀਨੇਜਰ ਦੇ ਜ਼ਖ਼ਮ ਮਾਮੂਲੀ ਸਨ ਜਦਕਿ ਦੂਜਾ ਗੰਭੀਰ ਰੂਪ ਵਿੱਚ ਜ਼ਖ਼ਮੀ ਸੀ। ਕੁੱਝ ਸਮੇਂ ਬਾਅਦ ਹੀ ਪੁਲਿਸ ਨੇ ਤਿੰਨ ਹੋਰਨਾਂ ਲੜਕਿਆਂ ਨੂੰ ਗ੍ਰਿਫਤਾਰ ਕੀਤਾ ਤੇ ਉਨ੍ਹਾਂ ਕੋਲੋਂ ਦੋ ਚਾਕੂ ਅਤੇ ਇੱਕ ਹੈਂਡਗੰਨ ਦੀ ਨਕਲ ਵੀ ਬਰਾਮਦ ਕੀਤੀ ਗਈ। ਪੁਲਿਸ ਨੇ ਆਖਿਆ ਕਿ ਸਕਾਰਬਰੋ ਤੇ ਦਰਹਾਮ ਰੀਜਨ ਵਿੱਚ ਵਾਪਰੀਆਂ ਕੁੱਝ ਹੋਰਨਾਂ ਘਟਨਾਵਾਂ ਵਿੱਚ ਵੀ ਉਨ੍ਹਾਂ ਨੂੰ ਇਨ੍ਹਾਂ ਤਿੰਨ ਟੀਨੇਜਰਜ਼ ਦੇ ਸ਼ਾਮਲ ਹੋਣ ਦਾ ਸ਼ੱਕ ਹੈ। ਪਰ ਪੁਲਿਸ ਨੇ ਇਸ ਸਬੰਧ ਵਿੱਚ ਹੋਰ ਵੇਰਵੇ ਨਹੀਂ ਦਿੱਤੇ।

## ਗੰਨ ਦੀ ਨੋਕ ਉੱਤੇ ਡਰਾਈਵਰ ਤੋਂ ਖੋਹੀ ਗਈ ਬੈਂਟਲੇ

ਬਰੈਂਪਟਨ, 27 ਜਨਵਰੀ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਬਰੈਂਪਟਨ ਵਿੱਚ ਵਾਪਰੀ ਹਥਿਆਰਬੰਦ ਕਾਰਜੈਕਿੰਗ ਦੀ ਘਟਨਾ ਲਈ ਜ਼ਿੰਮੇਵਾਰ ਦੋ ਮਸ਼ਕੂਕਾਂ ਦੀ ਪੀਲ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।

ਸੈਂਡਲਵੁੱਡ ਪਾਰਕਵੇਅ ਤੇ ਫਰਨਫੌਰੈਸਟ ਡਰਾਈਵ ਤੋਂ ਰਾਤੀਂ 8:30 ਵਜੇ ਇੱਕ ਵੱਲੋਂ ਆਪਣੀ ਬੈਂਟਲੇ ਚੋਰੀ ਹੋਣ ਦੀ ਸ਼ਿਕਾਇਤ ਦਰਜ ਕਰਵਾਈ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਕਥਿਤ ਤੌਰ ਉੱਤੇ ਦੋ ਮਸ਼ਕੂਕਾਂ ਵੱਲੋਂ ਇੱਕ ਵਿਅਕਤੀ ਤੋਂ ਗੰਨ ਦੀ ਨੋਕ ਉੱਤੇ ਉਸ ਦੀ ਨੀਲੇ ਰੰਗ ਦੀ ਬੈਂਟਲੇ ਖੋਹ ਲਈ ਗਈ। ਬੈਂਟਲੇ ਦੀ ਲਾਇਸੰਸ ਪਲੇਟ ਨੰਬਰ ਬੀਕੇਐਫਕੇ 828 ਦੱਸੀ ਗਈ ਹੈ। ਜਿਸ ਵਿਅਕਤੀ ਤੋਂ ਕਾਰ ਖੋਹੀ ਗਈ ਉਸ ਨੂੰ ਕੋਈ ਸੱਟ ਫੇਟ ਨਹੀਂ ਲੱਗੀ। ਪੁਲਿਸ ਨੇ ਦੱਸਿਆ ਕਿ ਮਸ਼ਕੂਕਾਂ ਨੂੰ ਹਲਕੇ ਰੰਗ ਦੀ ਗੱਡੀ ਵਿੱਚ ਇਲਾਕੇ ਤੋਂ ਬਾਹਰ ਜਾਂਦਿਆਂ ਵੇਖਿਆ ਗਿਆ।






# ਜਲੰਧਰ ਪਹੁੰਚੇ ਰਾਹੁਲ ਗਾਂਧੀ ਨੇ ਕਿਹਾ: ਵਰਕਰਾਂ ਦੀ ਰਾਏ ਨਾਲ ਮੁੱਖ ਮੰਤਰੀ ਚਿਹਰੇ ਦਾ ਐਲਾਨ ਕਰਾਂਗੇ

*** ਨਵਜੋਤ ਸਿੱਧੂ ਨੇ ਕਿਹਾ;'ਮੈਨੂੰ ਦਰਸ਼ਨੀ ਘੋੜਾ ਨਾ ਬਣਾ ਦਿਓ' * ਚੰਨੀ ਨੇ ਕਿਹਾ: ਕਿਸੇ ਦਾ ਨਾਂਅ ਐਲਾਨ ਕਰੋ, ਮਿਲ ਕੇ ਚਲਾਂਗੇ**

ਜਲੰਧਰ, 27 ਜਨਵਰੀ, (ਪੋਸਟ ਬਿਊਰੋ)- ਅੱਜ ਏਥੇ ਆਏ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਨੇ ਕਿਹਾ ਕਿਕਾਂਗਰਸਪੰਜਾਬ ਲਈ ਮੁੱਖ ਮੰਤਰੀ ਲਈ ਚਿਹਰੇ ਦਾ ਐਲਾਨ ਵਰਕਰਾਂ ਦੀ ਸਲਾਹ ਨਾਲ ਕਰੇਗੀ।

ਇਸ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਏਥੇਵਰਚੁਅਲ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਾਂਗਰਸ ਦੇ ਸੀਨੀਅਰ ਆਗੂਰਾਹੁਲ ਗਾਂਧੀ ਨੂੰ ਪੰਜਾਬ ਦੇ ਲੋਕਾਂ ਅੱਗੇ ਪੇਸ਼ ਕਰਨ ਲਈਮੁੱਖ ਮੰਤਰੀਦਾਚਿਹਰਾ ਐਲਾਨਣ ਦੀ ਅਪੀਲ ਕੀਤੀ ਤੇ ਕਿਹਾ ਕਿ ਤੁਹਾਡਾ ਹਰ ਫੈਸਲਾ ਸਾਨੂੰ ਮਨਜ਼ੂਰ ਹੋਵੇਗਾ। ਇਸ ਦੇ ਨਾਲ ਚੰਨੀ ਨੇ ਕਿਹਾ ਕਿ ਸਰਕਾਰ ਦਾ ਪੈਸਾ ਪਹਿਲਾਂ ਬਾਦਲਾਂ ਦੇ ਘਰ ਜਾਂਦਾ ਸੀ,ਅੱਜ ਆਮ ਲੋਕਾਂ, ਕਿਸਾਨਾਂ ਅਤੇ ਗਰੀਬਾਂ ਦੇ ਘਰ ਜਾਣ ਲੱਗਾ ਹੈ, ਕਿਸਾਨਾਂ ਨੂੰ ਮੁਆਵਜ਼ਾ ਮਸਾਂ 12 ਹਜ਼ਾਰ ਰੁਪਏ ਏਕੜ ਮਿਲਦਾ ਸੀ, 17 ਹਜ਼ਾਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਸਾਰਾ ਕੁਝ ਰਾਹੁਲ ਗਾਂਧੀ ਜੀ ਤੁਹਾਡੀ ਅਤੇ ਕਾਂਗਰਸ ਦੀਆਂ ਗਾਈਡਲਾਈਜ਼ ਮੁਤਾ-ਬਕ ਹੋਇਆ ਹੈ।

ਵਰਨਣ ਯੋਗ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੇ ਲਈ ਕਾਂਗਰਸ ਆਗੂ ਰਾਹੁਲ ਗਾਂਧੀ ਪੰਜਾਬ ਦੇ ਇੱਕ ਰੋਜ਼ਾ ਦੌਰੇ ਉੱਤੇ ਪਹੁੰਚੇ ਤਾਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਅਤੇ ਦੁਰਗਿਆਣਾ ਮੰਦਰ ਵਿਖੇ ਮੱਥਾ ਟੇਕਿਆ ਅਤੇ ਫਿਰ ਉਹ ਰਾਮਤੀਰਥ ਵਿਖੇ ਭਗਵਾਨ ਵਾਲਮੀਕ ਤੀਰਥ ਜਾਣ ਪਿੱਛੋਂ ਕਾਫਲੇ ਨਾਲ ਜਲੰਧਰ ਪੁੱਜੇ ਸਨ। ਪੰਜਾਬ ਵਿਧਾਨ ਸਭਾ ਚੋਣਾਂ ਦੇ ਐਲਾਨ ਪਿੱਛੋਂ



ਪੰਜਾਬ ਦਾ ਪਹਿਲਾ ਦੌਰਾ ਕਰ ਰਹੇ ਕਾਂਗਰਸ ਆਗੂ ਰਾਹੁਲ ਗਾਂਧੀ ਨੇਜਲੰਧਰ ਵਿੱਚ ਕੋਰੋਨਾ ਦੇ ਕਾਰਨ ਪਾਬੰਦੀਆਂ ਹੋਣ ਕਰਕੇ ਵੰਡਵੀਂ ਵਰਚੂਅਲ ਰੈਲੀ ਨੂੰ ਸੰਬੋਧਨ ਕੀਤਾ।

ਰੈਲੀ ਦੇ ਸ਼ੁਰੂ ਵਿੱਚ ਪੰਜਾਬਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਰਾਹੁਲ ਗਾਂਧੀ ਦਾ ਸਵਾਗਤ ਕਰਦੇਹੋਏ ਲੋਕਾਂ ਵੱਲੋਂ ਤਿੰਨ ਸਵਾਲ ਰੱਖੇ, ਜਿਨ੍ਹਾਂ ਵਿੱਚੋਂ ਪਹਿਲਾ ਇਹ ਸੀ ਕਿ ਪੰਜਾਬ ਨੂੰ ਇਸ ਕਰਜ਼ੇ ਦੀ ਦਲਦਲਤੋਂ ਕੌਣ ਕੱਢੇਗਾ? ਦੂਸਰਾ ਇਹ ਕਿ ਕਿਵੇਂ ਕੱਢੂਗਾ ਅਤੇ ਉਸ ਦੀ ਕੀ ਯੋਜਨਾ ਹੋਵੇਗੀ? ਤੀਜਾ ਸਵਾਲ ਸੀ ਕਿ ਇਹ ਏਜੰਡਾ ਕੌਣ ਲਾਗੂ ਕਰੇਗਾ ਤੇ ਉਹ ਚਿਹਰਾ ਕੌਣ ਹੋਵੇਗਾ?ਨਵਜੋਤ ਸਿੰਘ ਸਿੱਧੂ ਨੇ ਰਾਹੁਲ ਗਾਂਧੀ ਨੂੰ ਕਿਹਾ ਕਿ ਉਹ ਮੁੱਖ ਮੰਤਰੀ ਦੇ ਚਿਹਰੇ ਵਜੋਂ ਜਿਹੜਾ ਵੀਨਾਂਅ ਲੈਣਗੇ, ਸਾਨੂੰ ਸਭ ਨੂੰ ਮਨਜ਼ੂਰ ਹੋਵੇਗਾ।ਉਨਾ ਨੇ ਰਾਹੁਲ ਗਾਂਧੀ ਤੋਂ ਫੈਸਲੇ ਲੈਣ ਦੀ ਪਾਵਰ ਦੀ ਮੰਗ ਕੀਤੀ ਤੇ ਕਿਹਾ ਕਿ 'ਮੈਨੂੰ ਦਰਸ਼ਨੀ ਘੋੜਾ ਨਾ ਬਣਾ ਦਿਓ।' ਇਸ ਦੇ ਨਾਲ ਸਿੱਧੂ ਨੇ ਇਹ ਵੀ ਕਿਹਾ ਕਿ ਰਾਹੁਲ ਗਾਂਧੀ ਚਾਹੇ ਕਿਸੇ ਨੂੰ ਵੀ ਚਿਹਰਾ ਐਲਾਨ ਕਰਕੇ ਜਾਣ,ਪੂਰੀ ਕਾਂਗਰਸ ਫੈਸਲਾ ਮੰਨੇਗੀ।

ਇਸ ਪਿੱਛੋਂ ਚਰਨਜੀਤ ਸਿੰਘ ਚੰਨੀ ਨੇ ਆਪਣੇ 111 ਦਿਨਾਂ ਦੇ ਰਾਜ ਹੇਠ ਕੀਤੇ ਕੰਮਾਂ ਦਾ ਵੇਰਵਾ ਦੇਣ ਦੇ ਬਾਅਦ ਕਿਹਾ ਕਿ ਪੰਜਾਬ ਵਿੱਚ ਲੋਕਾਂ ਨੂੰ ਕਾਂਗਰਸ ਸਰਕਾਰ ਦੀ ਲੋੜ ਹੈ ਤੇ 111 ਦਿਨ ਕੰਮ ਕਰਨ ਵਾਲੀ ਸਰਕਾਰ ਨੂੰ ਅਗਲੇ ਪੰਜ ਸਾਲ ਮੌਕਾ ਦਿਓ, ਅਸੀਂ ਪੰਜਾਬ ਨੂੰ ਬਦਲ ਦਿਆਗੇ। ਚੰਨੀ ਨੇ ਇਹ ਵੀ ਕਿਹਾ ਕਿ ਤੁਸੀਮੁੱਖ ਮੰਤਰੀ ਚਿਹਰੇ ਦਾ ਐਲਾਨ ਕਰੋ, ਤੁਹਾਡਾ ਦੱਸਿਆ ਹੋਇਆ ਨਾਂਅ ਮੇਰੇ ਸਮੇਤ ਸਭ ਨੂੰ ਮਨਜ਼ੂਰ ਹੋਵੇਗਾ, ਸਾਡੇ ਵਿੱਚ ਕੋਈ ਮਤਭੇਦ ਨਹੀਂ ਹਨ ਅਤੇ ਪੰਜਾਬ ਦੇ ਲੋਕਾਂ ਨੂੰ ਚੰਗੀ ਸਰਕਾਰ ਦੇਣ ਲਈ ਅਸੀਂ ਮਿਲ ਕੇ ਏਕਤਾ ਨਾਲ ਹਰ ਲੜਾਈ ਲੜਾਂਗੇ।

ਇਨ੍ਹਾਂ ਸਾਰਿਆਂ ਤੋਂ ਬਾਅਦ ਆਪਣੇ ਭਾਸ਼ਣ ਦੌਰਾਨ ਰਾਹੁਲ ਗਾਂਧੀ ਨੇ ਰਾਜਸੀ ਵਿਚਾਰਾਂ ਦੇ ਨਾਲ ਇਹ ਗੱਲ ਵੀ ਸਾਫ ਕਹੀ ਕਿ ਉਹ ਛੇਤੀ ਪੰਜਾਬ ਲਈ ਮੁੱਖ ਮੰਤਰੀ ਦੇ ਚਿਹਰੇ ਦਾ ਐਲਾਨ ਕਰਨਗੇ, ਪਰ ਇਹ ਐਲਾਨ ਵਰਕਰਾਂ ਦੀ ਰਾਏ ਲੈਣ ਦੇ ਬਾਅਦ ਕੀਤਾ ਜਾਵੇਗਾ, ਜਿਹੜਾ ਪੰਜਾਬ ਦੇ ਲੋਕਾਂ ਨੂੰ ਪ੍ਰਵਾਨ ਹੋਵੇਗਾ।

## ਅੱਜ ਨਾਮਾ >>

ਹੋਈ ਆਖਰ ਨੂੰ ਅੱਜ ਫਿਰ ਗੱਲ ਉਹੀ,
ਜਿਸ ਦੇ ਰਹੇ ਸਨ ਲੱਗ ਅਨੁਮਾਨ ਬੇਲੀ।
ਜਿੱਥੋ ਸਿੱਧੂ ਨਵਜੋਤ ਸਿੰਘ ਚੋਣ ਲੜਨੀ,
ਗਲੀਓ-ਗਲੀ ਹੈ ਜਾਨ-ਪਹਿਚਾਨ ਬੇਲੀ।
ਰੋਕਣ ਰਾਹ ਮਜੀਠੀਆ ਡਟ ਗਿਆ ਈ,
ਬਣ ਗਿਆ ਜੰਗ ਹੈ ਚੋਣ ਮੈਦਾਨ ਬੇਲੀ।
ਖਰਦਾ ਸਿੱਧੂ ਹਮਲਾਵਰੀ ਸਖਤ ਜੇਕਰ,
ਅੱਗਿਉਂ ਬੜ੍ਹਕ ਦੇ ਵਿੱਚ ਹੈ ਜਾਨ ਬੇਲੀ।
ਕੀ ਕੁਝ ਪੂਰੇ ਪੰਜਾਬ ਵਿੱਚ ਪਿਆ ਹੁੰਦਾ,
ਉਹ ਦੀ ਚੱਲੂ ਚਲਾ ਵੀਂ ਜਿਹੀ ਗੱਲ ਬੇਲੀ।
ਸ਼ੰਭੂਨਾ ਕੇ ਤੋਂ ਵਾਹਗਾ ਸਰਹੱਦ ਤੀਕਰ,
ਲੱਗ ਗਈ ਨਜ਼ਰ ਹੈ ਵੇਰਕੇ ਵੱਲ ਬੇਲੀ।

**ਤੀਸ ਮਾਰ ਖਾਂ**

# ਸੁਖਪਾਲ ਖਹਿਰਾ ਨੂੰ ਹਾਈਕੋਰਟ ਤੋਂ ਜ਼ਮਾਨਤ ਮਿਲੀ



ਚੰਡੀਗੜ੍ਹ, 27 ਜਨਵਰੀ, (ਪੋਸਟ ਬਿਊਰੋ)- ਡਰੱਗਜ਼ ਨਾਲ ਜੁੜੇ ਮਨੀ ਲਾਂਡਰਿੰਗ ਦੇ ਕੇਸ ਵਿੱਚ ਗ੍ਰਿਫਤਾਰੀ ਪਿੱਛੋਂ ਜੇਲ੍ਹ ਵਿੱਚ ਬੰਦ ਕਾਂਗਰਸ ਦੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਪੰਜਾਬ ਹਰਿਆਣਾ ਹਾਈਕੋਰਟ ਵੱਲੋਂ ਜ਼ਮਾਨਤ ਮਿਲ ਗਈ ਹੈ। ਪਿਛਲੀ ਸੁਣਵਾਈ ਦੌਰਾਨ ਹਾਈਕੋਰਟ ਨੇ ਖਹਿਰਾ ਦੇ ਕੇਸ ਵਿੱਚ ਬਹਿਸ ਮਗਰੋਂ ਫ਼ੈਸਲਾ ਰਾਖਵਾਂ ਰੱਖ ਲਿਆ ਸੀ, ਜੋ ਅੱਜ ਸੁਣਾ ਦਿੱਤਾ ਗਿਆ ਅਤੇ ਸੁਖਪਾਲ ਸਿੰਘ ਖਹਿਰਾ ਨੂੰ ਜ਼ਮਾਨਤ ਦੇ ਦਿੱਤੀ ਹੈ।

ਇਸ ਤੋਂ ਪਹਿਲਾਂ ਅੱਜ ਮੋਹਾਲੀ ਦੀ ਵਿਸ਼ੇਸ਼ ਅਦਾਲਤ ਨੇ ਸੁਖਪਾਲ ਸਿੰਘ ਖਹਿਰਾ ਨੂੰ ਵਿਧਾਨ ਸਭਾ ਚੋਣ ਲਈ 31 ਜਨਵਰੀ ਨੂੰ ਨਾਮਜ਼ਦਗੀ ਪੱਤਰ ਭਰਨ ਦੀ ਇਜਾਜ਼ਤ ਦੇ ਦਿੱਤੀ ਸੀ।ਵਰਨਣ ਯੋਗ ਹੈ ਕਿ ਕਾਂਗਰਸ ਨੇ ਖਹਿਰਾ ਨੂੰ ਭੁਲੱਥ ਹਲਕੇ ਤੋਂ ਵਿਧਾਨ ਸਭਾ ਦਾ ਉਮੀਦਵਾਰ ਐਲਾਨਿਆ ਹੈ।ਇਸ ਕਾਰਨ ਸੁਖਪਾਲ ਸਿੰਘ ਖਹਿਰਾ ਨੇ ਮੋਹਾਲੀ ਦੀ ਅਦਾਲਤ ਵਿੱਚ ਨਾਮਜ਼ਦਗੀ ਪੱਤਰ ਭਰਨ ਦੀ ਅਰਜ਼ੀ ਪੇਸ਼ ਕੀਤੀ ਸੀ, ਜਿਸ ਉੱਤੇ ਅਦਾਲਤ ਨੇ ਹੁਕਮ ਦਿੱਤੇ ਸਨ ਕਿ ਖਹਿਰਾ ਨੂੰ 31 ਜਨਵਰੀ ਨੂੰ ਚੋਣ ਅਧਿਕਾਰੀ ਅੱਗੇ ਪੇਸ਼ ਕੀਤਾ ਜਾਵੇ ਤੇ ਜੇ 31 ਜਨਵਰੀ ਨੂੰ ਕਿਸੇ ਕਾਰਨ ਨਾਮਜ਼ਦਗੀ ਪੱਤਰ ਦਾਖ਼ਲ ਨਹੀਂ ਕਰ ਸਕਦੇ ਤਾਂ ਉਨ੍ਹਾਂ ਨੂੰ ਇਕ ਫਰਵਰੀ ਨੂੰ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਲਈ ਲਿਜਾਇਆ ਜਾਵੇ।ਇਸ ਦੇ ਬਾਅਦ ਹਾਈਕੋਰਟ ਨੇ ਵੀ ਅੱਜ ਹੀ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਹੈ।

ਸੁਖਪਾਲ ਸਿੰਘ ਖਹਿਰਾ ਦੇ ਪਿੰਡ ਰਾਮਗੜ੍ਹ ਹਲਕਾ ਭੁਲੱਥ ਵਾਲੇ ਘਰ ਤੇ ਚੰਡੀਗੜ੍ਹ ਵਿਖੇ ਕੇਂਦਰੀ ਜਾਂਚ ਏਜੰਸੀ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਪਿਛਲੇ ਸਾਲ 9 ਮਾਰਚ ਨੂੰ ਰੇਡ ਕੀਤੀ ਸੀ, ਜਿਸ ਤੋਂ ਬਾਅਦ ਈ ਡੀ ਨੇ ਉਸ ਨੂੰ ਬੁਲਾਇਆ ਸੀ ਅਤੇ 11 ਨਵੰਬਰ ਨੂੰ ਮਨੀ ਲਾਂਡਰਿੰਗ ਦੇ ਦੋਸ਼ਾਂ ਵਿਚ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

# ਬਿਕਰਮ ਸਿੰਘ ਮਜੀਠੀਆ ਨੂੰ ਸੁਪਰੀਮ ਕੋਰਟ ਤੋਂ ਰਾਹਤ ਮਿਲੀ

*** 31 ਜਨਵਰੀ ਤਕ ਗ੍ਰਿਫਤਾਰੀ ਉੱਤੇ ਰੋਕ ਲੱਗੀ**



ਚੰਡੀਗੜ੍ਹ, 27 ਜਨਵਰੀ, (ਪੋਸਟ ਬਿਊਰੋ)- ਬਹੁ-ਚਰਚਿਤ ਡਰੱਗਜ਼ ਕੇਸ ਵਿੱਚ ਫਸੇ ਹੋਏ ਸੀਨੀਅਰ ਅਕਾਲੀ ਆਗੂਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਅੱਜ ਸੁਪਰੀਮ ਕੋਰਟ ਨੇ ਵੱਡੀ ਰਾਹਤ ਦੇਕੇ ਉਸ ਦੀ ਗ੍ਰਿਫਤਾਰੀ ਉੱਤੇ 31 ਜਨਵਰੀ ਤੱਕ ਰੋਕ ਲਾ ਦਿੱਤੀ ਹੈ, ਤਾਂ ਕਿ ਉਹ ਵਿਧਾਨ ਸਭਾ ਲਈ ਕਾਗਜ਼ ਭਰ ਸਕਣ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਅਗਲੇ ਸੋਮਵਾਰ ਤੱਕ ਬਿਕਰਮ ਸਿੰਘ ਮਜੀਠੀਆ ਨੂੰ ਗ੍ਰਿਫਤਾਰ ਨਾ ਕੀਤਾ ਜਾਵੇ ਅਤੇ ਸੋਮਵਾਰ 31 ਜਨਵਰੀ ਸੁਪਰੀਮ ਕੋਰਟ ਉਸ ਦੀ ਅਗਾਊਂ ਜ਼ਮਾਨਤ ਪਟੀਸ਼ਨ ਉੱਤੇ ਸੁਣਵਾਈ ਕਰੇਗੀ। ਇਸ ਤੋਂ ਪਹਿਲਾਂ ਪੰਜਾਬ ਹਰਿਆਣਾ ਹਾਈਕੋਰਟ ਨੇ ਮਜੀਠੀਆ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਸੀ, ਜਿਸ ਪਿੱਛੋਂ ਗ੍ਰਿਫ਼ਤਾਰੀ ਦੀ ਤਲਵਾਰ ਲਟਕ ਗਈ ਹੈ। ਹਾਈਕੋਰਟ ਨੇ ਉਸ ਦੀ ਪਟੀਸ਼ਨ ਰੱਦ ਕਰਦੇ ਹੋਏ ਕਿਹਾ ਸੀ ਕਿ ਉਸ ਉੱਤੇ ਗੰਭੀਰ ਦੋਸ਼ ਹੋਣ ਕਾਰਨ ਹਿਰਾਸਤ ਵਿੱਚ ਪੁੱਛਗਿੱਛ ਜ਼ਰੂਰੀ ਹੈ। ਅੱਜ ਸੁਪਰੀਮ ਕੋਰਟ ਤੋਂ ਰਾਹਤ ਮਿਲਣ ਨਾਲ ਉਹ ਵਿਧਾਨ ਸਭਾ ਲਈ ਕਾਗਜ਼ ਆਰਾਮ ਨਾਲ ਭਰ ਸਕਦੇ ਹਨ।

# ਕਾਂਗਰਸ ਵਿੱਚ ਟਿਕਟਾਂ ਦੀ ਵੰਡ ਦਾ ਕਈ ਥਾਂ ਬਗਾਵਤ ਵਰਗਾ ਵਿਰੋਧ

*** ਸਤਵਿੰਦਰ ਬਿੱਟੀ ਵੱਲੋਂ ਫੈਸਲੇ ਦੇ ਤਿੱਖੇ ਵਿਰੋਧ ਦਾ ਸੰਕੇਤ * ਅਮਰੀਕ ਢਿੱਲੋਂ ਨੇ ਬਾਗ਼ੀ ਹੋ ਕੇ ਸਮਰਾਲਾ ਤੋਂ ਕਾਗਜ਼ ਭਰੇ * ਜਗਮੋਹਨ ਕੰਗ ਵੱਲੋਂ ਹਾਈਕਮਾਂਡ ਨੂੰ 2 ਦਿਨ ਦਾ ਅਲਟੀਮੇਟਮ**

ਲੁਧਿਆਣਾ, 27 ਜਨਵਰੀ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਵੱਲੋਂਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਸੂਚੀ ਸਾਹਮਣੇ ਆਉਂਦੇ ਸਾਰ ਇਸ ਦਾ ਕਈ ਥਾਈਂ ਤਿੱਖਾ ਵਿਰੋਧ ਸ਼ੁਰੂ ਹੋ ਗਿਆ ਹੈ।

ਲੁਧਿਆਣਾ ਜ਼ਿਲੇ ਦੇ ਸਾਹਨੇਵਾਲ ਹਲਕੇ ਤੋਂ ਸਾਬਕਾ ਮੁੱਖ ਮੰਤਰੀ ਰਾਜਿੰ-ਦਰ ਕੌਰ ਭੱਠਲ ਦੇ ਜਵਾਈ ਵਿਕਰਮ ਬਾਜਵਾ ਨੂੰ ਪਾਰਟੀ ਟਿਕਟ ਦਿੱਤੇ ਜਾਣ ਪਿੱਛੋਂ ਕਾਂਗਰਸ ਆਗੂ ਤੇ ਪਿਛਲੀ ਵਾਰ ਦੀ ਉਮੀਦਵਾਰ ਗਾਇਕਾ ਸਤਵਿੰਦਰ ਬਿੱਟੀ ਭੜਕ ਪਈ ਹੈ। ਏਥੇ ਪ੍ਰੈਸ ਕਾਨਫਰੰਸ ਵਿੱਚ ਬਿੱਟੀ ਨੇ ਕਿਹਾ ਕਿ ਕਾਂਗਰਸ ਉੱਤਰ ਪ੍ਰਦੇਸ਼ਵਿੱਚ ਔਰਤਾਂ ਨੂੰ ਵੱਧ ਸੀਟਾਂ ਦੇਣ ਦੀ ਗੱਲ ਕਰਦੀ ਹੈ, ਪੰਜਾਬ ਵਿੱਚ ਧੀਆਂ ਨੂੰ ਅਣਗੌਲੇ ਕੀਤਾ ਹੈ। ਉਨ੍ਹਾਂ ਨੇ ਕਿਹਾਕਿ ਉਨ੍ਹਾਂ ਨੇ ਹਲਕੇ ਵਿੱਚ ਸਖ਼ਤ ਮਿਹਨਤ ਕੀਤੀ, ਪਰ ਪਾਰਟੀ ਨੇ ਉਨ੍ਹਾਂ ਦੀ ਮਿਹਨਤ ਅੱਖੋਂ ਪਰੋਖੇ ਕਰ ਕੇ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਦੇ ਜਵਾਈ ਵਿਕਰਮ ਬਾਜਵਾ ਨੂੰ ਟਿਕਟ ਦੇਦਿੱਤੀ ਹੈ।ਉਨ੍ਹਾ ਕਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂਨੇ ਖੁਦ ਰੈਲੀ ਵਿੱਚ ਉਨ੍ਹਾਂ ਦੇ ਉਮੀਦਵਾਰ ਹੋਣ ਦਾ ਐਲਾਨ ਕੀਤਾ ਸੀ, ਇਸ ਲਈ ਉਹ ਆਪਣਾ ਹਲਕਾ ਨਹੀਂ ਛੱਡਣਗੇ, ਚੋਣ ਲੜਨੀ ਕਿ ਨਹੀਂ, ਇਹ ਰੱਬ ਜਾਣਦਾ ਹੈ।

ਨਾਲ ਲਗਦੇ ਸਮਰਾਲਾ ਹਲਕੇ ਤੋਂ ਕਾਂਗਰਸੀ ਵਿਧਾਇਕ ਅਮਰੀਕ ਸਿੰਘ





ਢਿੱਲੋਂ ਨੇਕਾਂਗਰਸ ਟਿਕਟ ਨਾ ਮਿਲਣ ਕਾਰਨ ਪਾਰਟੀ ਵਿਰੁੱਧ ਖੁੱਲ੍ਹੀ ਬਗਾਵਤ ਕਰ ਕੇ ਆਜ਼ਾਦ ਚੋਣ ਲੜਨ ਦਾ ਐਲਾਨ ਕੀਤਾ ਅਤੇ ਨਾਮਜ਼ਦਗੀ ਪੱਤਰ ਪੇਸ਼ ਕਰ ਦਿੱਤੇ ਹਨ। ਇਤਿਹਾਸਕ ਗੁਰਦੁ-ਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਪਿੱਛੋਂਉਹ ਆਪਣੇ ਸਮਰਥਕਾਂ ਨਾਲ ਨਾਮਜ਼ਦਗੀ ਪੱਤਰ ਭਰਨ ਗਏ। ਇਸ ਮੌਕੇ ਕਾਂਗਰਸ ਦੇ ਕਈ ਸੀਨੀਅਰ ਆਗੂ, ਸ਼ਹਿਰਾਂ ਦੇ ਕੌਂਸਲਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰਅਤੇ ਬਲਾਕ ਸੰਮਤੀ ਮੈਂਬਰ ਉਨ੍ਹਾਂ ਦੇ ਨਾਲ ਸਨ। ਅਮਰੀਕ ਸਿੰਘ ਢਿੱਲੋਂ ਨੇ ਕਿਹਾ ਕਿ ਕਾਂਗਰਸ ਨੇ ਟਿਕਟ ਨਾ ਦੇ ਕੇ ਮੇਰੇ ਪਰਿਵਾਰ ਅਤੇ ਹਲਕੇ ਨਾਲ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਮਰਾਲਾਪੰਥਕ ਹਲਕਾ ਕਿਹਾ ਜਾਂਦਾ ਸੀ, ਪਰ ਮੇਰੇ ਪਰਿਵਾਰ ਨੇ ਕਾਂਗਰਸੀ ਵਰਕਰਾਂ ਨੂੰ ਨਾਲ ਜੋੜ ਕੇ ਮਿਹਨਤ ਕੀਤੀ ਤਾਂ ਉਹ ਏਥੋਂ 4 ਵਾਰ ਚੁਣੇ ਗਏ। ਉਨ੍ਹਾਂ ਕਿਹਾ ਕਿ ਉਹ ਹੈਰਾਨ ਹਨ ਕਿ ਇਸ ਹਲਕੇ ਤੋਂ ਉਨ੍ਹਾਂ ਦੀ ਟਿਕਟ ਕਿਉਂ ਕੱਟੀ ਗਈ ਅਤੇ ਕੋਈ ਠੋਸ ਕਾਰਨ ਵੀ ਨਹੀਂ ਦੱਸਿਆ। ਢਿੱਲੋਂ ਨੇ ਵਰਕਰਾਂ ਨੂੰ ਕਿਹਾ ਕਿ ਅਗਲੇ ਦਿਨੀਂ ਉਨ੍ਹਾਂ ਉੱਪਰ ਸਿਆਸੀ ਦਬਾਅ ਤੇ ਹੋਰ ਸਿਆਸੀ ਦਾਅ ਖੇਡੇ ਜਾਣਗੇ, ਇਸ ਤੋਂ ਉਹ ਸੁਚੇਤ ਰਹਿਣ, ਉਹ ਲੋਕਾਂ ਦੇ ਸਮਰਥਨ ਨਾਲ ਆਜ਼ਾਦ ਚੋਣ ਲੜ ਕੇ ਭਾਰੀ ਬਹੁਮਤ ਨਾਲ ਜਿੱਤਣਗੇ। ਉਨ੍ਹਾਂ ਕਿਹਾ ਬੇਸ਼ੱਕ ਉਨ੍ਹਾਂ ਦੇ ਘਰ ਆ ਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਜਾਂ ਪੰਜਾਬ ਦਾ ਪ੍ਰਧਾਨ ਨਵਜੋਤ ਸਿੰਘ ਸਿੱਧੂਵੀ ਚੋਣ ਨਾ ਲੜਨ ਦਾ ਦਬਾਅ ਪਾਉਣ, ਉਨ੍ਹਾਂ ਦਾ ਆਜ਼ਾਦ ਲੜਨ ਦਾ ਫ਼ੈਸਲਾ ਅਟੱਲ ਹੈ।

ਓਧਰ ਖਰੜ ਤੋਂ ਨਾਰਾਜ਼ ਕਾਂਗਰਸੀ ਆਗੂ ਜਗਮੋਹਨ ਸਿੰਘ ਕੰਗ ਨੇ ਕਾਂਗਰਸਹਾਈਕਮਾਂਡ ਨੂੰ ਆਪਣੇ ਫੈਸਲੇ ਉੱਤੇ ਮੁੜ ਵਿਚਾਰ ਕਰਨ ਦੇਲਈ ਦੋ ਦਿਨ ਦਾ ਅਲਟੀਮੇਟਮ ਦੇ ਦਿੱਤਾ ਹੈ। ਇਸ ਮੌਕੇ ਜਗਮੋਹਨ ਕੰਗ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਉਤੇ ਦੋਸ਼ ਲਾਇਆ ਕਿ ਉਸ ਨੇ 5 ਕਰੋੜ ਰੁਪਏ ਵਿੱਚ ਟਿਕਟ ਦਾ ਸੌਦਾ ਕੀਤਾ ਹੈ।

# ਭਾਜਪਾ ਨੇ ਪੰਜਾਬ ਲਈ 30 ਹੋਰ ਉਮੀਦਵਾਰਾਂ ਦੇ ਨਾਂਅ ਐਲਾਨੇ

ਜਲੰਧਰ, 27 ਜਨਵਰੀ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਦੇ ਲਈ ਭਾਜਪਾ ਨੇਅੱਜ ਉਮੀਦਾਵਰਾਂ ਦੀ 27 ਉਮੀਦਵਾਰਾਂ ਦੀ ਦੂਸਰੀ ਸੂਚੀ ਅਤੇ ਫਿਰ ਤਿੰਨ ਉਮੀਦਵਾਰਾਂ ਦੀ ਇੱਕ ਹੋਰ ਸੂਚੀ ਜਾਰੀ ਕੀਤੀ ਹੈ।ਅੱਜ ਜਾਰੀ ਕੀਤੀ ਲਿਸਟ ਵਿੱਚ ਫਤਿਹਜੰਗ ਸਿੰਘ ਬਾਜਵਾ ਨੂੰ ਬਟਾਲਾ ਹਲਕੇ ਤੋਂ ਟਿਕਟ ਦਿੱਤੀ ਗਈ ਹੈ।

ਭਾਜਪਾ ਨੇ ਪਠਾਨਕੋਟ ਜ਼ਿਲੇ ਦੇ ਭੋਆ ਹਲਕੇ ਤੋਂ ਸ੍ਰੀਮਤੀ ਸੀਮਾ ਕੁਮਾਰੀ, ਗੁਰਦਾਸਪੁਰ ਤੋਂ ਪਰਮਿੰਦਰ ਸਿੰਘ ਗਿੱਲ, ਬਟਾਲਾ ਤੋਂ ਫਤਹਿਜੰਗ ਸਿੰਘ ਬਾਜਵਾ, ਡੇਰਾ ਬਾਬਾ ਨਾਨਕ ਤੋਂ ਕੁਲਦੀਪ ਸਿੰਘ ਕਾਹਲੋਂ ਅਤੇ ਮਜੀਠਾ ਤੋਂ ਪ੍ਰਦੀਪ ਸਿੰਘ ਭੁੱਲਰ ਨੂੰ ਟਿਕਟ ਦਿੱਤੀ ਹੈ। ਅੰਮ੍ਰਿਤਸਰ ਪੱਛਮੀਤੋਂ ਕੁਮਾਰ ਅਮਿਤ ਵਾਲਮੀਕੀ, ਅਟਾਰੀ ਤੋਂ ਬਲਵਿੰਦਰ ਕੌਰ, ਫਗਵਾੜਾ ਤੋਂ ਵਿਜੇ ਸਾਂਪਲਾ, ਸ਼ਾਹਕੋਟ ਤੋਂ ਨਰਿੰਦਰਪਾਲ ਸਿੰਘ ਚੰਦੀ, ਕਰਤਾਰਪੁਰ ਲਈ ਸੁਰਿੰ-ਦਰ ਮਹੇਅਤੇ ਜਲੰਧਰ ਕੈਂਟ ਤੋਂ ਸਰਬਜੀਤ ਸਿੰਘ ਮੱਕੜ ਨੂੰ



ਉਮੀਦਵਾਰ ਬਣਾਇਆ ਹੈ। ਆਨੰਦਪੁਰ ਸਾਹਿਬ ਤੋਂ ਡਾਕਟਰ ਪ੍ਰਮਿੰਦਰ ਸ਼ਰਮਾ, ਰੂਪਨਗਰ ਤੋਂ ਇਕਬਾਲ ਸਿੰਘ ਲਾਲਪੁਰਾ, ਚਮਕੌਰ ਸਾਹਿਬ ਤੋਂ ਦਰਸ਼ਨ ਸਿੰਘ ਸ਼ਿਵਜੋਤ, ਮੋਹਾਲੀ ਹਲਕੇ ਤੋਂ ਸੰਜੀਵ ਵਸ਼ਿਸ਼ਠ, ਸਮਰਾਲਾ ਤੋਂ ਰਣਜੀਤ ਸਿੰਘ ਗਹਿਲੇਵਾਲ, ਲੁਧਿਆਣਾ ਉੱਤਰ ਤੋਂ ਪ੍ਰਵੀਨ ਬਾਂਸਲ, ਮੋਗਾ ਤੋਂ ਡਾ:ਹਰਜੋਤ ਕਮਲ, ਗੁਰੂ ਹਰਸਹਾਏ ਤੋਂ ਗੁਰਪ੍ਰਵੇਜ਼ ਸੰਧੂ, ਬੱਲੂਆਣਾ ਤੋਂ ਵੰਦਨਾ ਸਾਗਵਾਨ, ਲੰਬੀ ਤੋਂ ਰਾਕੇਸ਼ ਢੀਂਗਰਾ, ਮੌੜ ਤੋਂ ਦਿਆਲ ਸਿੰਘ ਸੋਢੀ, ਬਰਨਾਲਾ ਤੋਂ ਧੀਰਜ ਕੁਮਾਰ, ਧੂਰੀ ਲਈ ਰਣਦੀਪ ਸਿੰਘ ਦਿਓਲ, ਨਾਭਾ ਹਲਕੇ ਤੋਂ ਗੁਰਪ੍ਰੀਤ ਸਿੰਘ ਸ਼ਾਹਪੁਰ, ਰਾਜਪੁਰਾ ਤੋਂ ਜਗਦੀਸ਼ ਕੁਮਾਰ ਜੱਗਾਅਤੇ ਘਨੌਰ ਤੋਂ ਵਿਕਾਸ ਸ਼ਰਮਾ ਟਿਕਟ ਦਿੱਤੀ ਹੈ।ਇਸ ਪਿੱਛੋਂ ਆਈ ਤੀਸਰੀ ਸੂਚੀ ਵਿੱਚ ਅੰਮ੍ਰਿਤਸਰ ਕੇਂਦਰੀ ਤੋਂ ਡਾ. ਰਾਮ ਚਾਵਲਾ, ਅੰਮ੍ਰਿਤਸਰ ਪੂਰਬੀ ਤੋਂ ਡਾ. ਜਗਮੋਹਨ ਸਿੰਘ ਰਾਜੂ ਤੇ ਬਾਬਾ ਬਕਾਲਾ ਤੋਂ ਮਨਜੀਤ ਸਿੰਘ ਮੰਨਾ ਸਾਬਕਾ ਅਕਾਲੀ ਵਿਧਾਇਕ ਨੂੰ ਉਮੀਦਵਾਰ ਐਲਾਨਿਆ ਗਿਆ ਹੈ।

ਇਸ ਦੌਰਾਨ ਅੱਜ ਭਾਜਪਾ ਦੀ ਸਹਿਯੋਗੀ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਲੋਕ ਕਾਂਗਰਸ ਨੇ ਉਮੀਦਵਾਰਾਂ ਦੀ ਦੂਸਰੀ ਸੂਚੀ ਜਾਰੀ ਕੀਤੀ, ਜਿਸ ਵਿੱਚ ਅਮਰਗੜ੍ਹ ਹਲਕੇ ਤੋਂ ਸੂਫੀ ਗਾਇਕ ਸਰਦਾਰ ਅਲੀ ਮਤੋਈ, ਜੰਡਿਆਲਾ ਗੁਰੂ ਤੋਂ ਗਗਨਦੀਪ ਸਿੰਘ, ਬੱਸੀ ਪਠਾਣਾ ਤੋਂ ਡਾ. ਦੀਪਕ ਜੋਤੀ, ਗਿੱਦੜਬਾਹਾ ਤੋਂ ਓਮ ਪ੍ਰਕਾਸ਼ ਬੱਬਰ ਅਤੇ ਸ਼ੁਤਰਾਣਾ ਤੋਂ ਨਰਾਇਣ ਸਿੰਘ ਨੂੰ ਚੋਣ ਲੜਨ ਲਈ ਟਿਕਟ ਦਿੱਤੀ ਹੈ।

# ਏਅਰ ਇੰਡੀਆ 69 ਸਾਲਾਂ ਬਾਅਦ ਫਿਰ ਟਾਟਾ ਦੇ ਹੱਥਾਂ ਵਿੱਚ ਗਈ

ਨਵੀਂ ਦਿੱਲੀ, 27 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਆਪਣੀ ਏਅਰਲਾਈਨ ਕੰਪਨੀ 'ਏਅਰ ਇੰਡੀਆ' ਨੂੰ ਅੱਜ ਟਾਟਾ ਗਰੁੱਪ ਨੂੰ ਸੌਂਪ ਦਿੱਤਾ ਹੈ, ਜਿਸ ਤੋਂ ਬਾਅਦ ਟਾਟਾ ਗਰੁੱਪ ਨੇ ਏਅਰ



ਇੰਡੀਆ ਦਾ ਪ੍ਰਬੰਧ ਅਤੇ ਕੰਟਰੋਲ ਆਪਣੇ ਹੱਥ ਲੈ ਲਿਆ। ਏਅਰ ਇੰਡੀਆ 69 ਸਾਲਾਂ ਬਾਅਦ ਆਪਣੇ ਘਰ ਪਰਤੀ ਹੈ।

ਵਰਨਣ ਯੋਗ ਹੈ ਕਿ ਘਾਟੇ ਵਿੱਚ ਚੱਲਦੀ ਏਅਰ ਇੰਡੀਆ ਨੂੰ ਟਾਟਾ ਗਰੁੱਪ ਨੇ 18,000 ਕਰੋੜ ਰੁਪਏ



ਬੋਲੀਦੇ ਕੇ ਖਰੀਦ ਕੀਤਾ ਹੈ। ਪਿਛਲੇ ਸਾਲ 8 ਅਕਤੂਬਰ ਨੂੰ ਏਅਰ ਇੰਡੀਆ ਨੂੰ ਟੇਲਸ ਪ੍ਰਾਈਵੇਟ ਲਿਮਟਿਡ ਨੂੰ 18,000 ਕਰੋੜ ਰੁਪਏ ਵਿੱਚ ਵੇਚਿਆ ਗਿਆ ਸੀ। ਇਹ ਕੰਪਨੀ ਟਾਟਾ ਗਰੁੱਪ ਦੀ ਹੋਲਡਿੰਗ ਕੰਪਨੀ ਦਾ ਹਿੱਸਾ ਹੈ।ਭਾਰਤੀ ਸਟੇਟ ਬੈਂਕ ਦੀ ਅਗਵਾਈ ਵਿੱਚਕਰਜ਼ ਦਾਤਿਆਂ ਦਾ ਇੱਕਗਰੁੱਪ ਘਾਟੇ ਵਿੱਚ ਚੱਲ ਰਹੀ ਏਅਰਲਾਈਨ ਏਅਰ ਇੰਡੀਆ ਦੇ ਯੋਗ ਪ੍ਰਬੰਧ ਲਈ ਟਾਟਾ ਗਰੁੱਪ ਨੂੰ ਕਰਜ਼ਾ ਦੇਣ ਲਈ ਮੰਨ ਹੋ ਗਿਆ ਹੈ। ਟਾਟਾ ਗਰੁੱਪ ਨੇ ਬੀਤੇ ਸਾਲ ਅਕਤੂਬਰ ਵਿੱਚ ਏਅਰ ਇੰਡੀਆ ਐਕਸਪ੍ਰੈਸ ਦੇ ਨਾਲ ਏਅਰ ਇੰਡੀਆ ਅਤੇ ਏਆਈਐੱਸਏਟੀਐੱਸ ਵਿੱਚ 50 ਫੀਸਦੀ ਹਿੱਸੇ ਲੈਣ ਬੋਲੀ ਜਿੱਤੀ ਸੀ। ਜਾਣਕਾਰ ਸੂਤਰਾਂ ਮੁਤਾਬਕ ਸਟੇਟ ਬੈਂਕ ਦੀ ਅਗਵਾਈ ਹੇਠ ਕੰਸੋਰਟੀਅਮ ਨੇ ਏਅਰ ਇੰਡੀਆ ਦੀਆਂ ਲੋੜਾਂ ਮੁਤਾਬਕ ਫਿਕਸਡ ਟਰਮ ਅਤੇ ਵਰਕਿੰਗ ਕੈਪੀਟਲ ਲੋਨ ਵਧਾਉਣਾ ਮੰਨ ਲਿਆ ਹੈ।

# ਲਾਹੌਰ ਹਾਈ ਕੋਰਟ ਨੇ ਅੱਤਵਾਦੀਆਂ ਦੇ ਖਿਲਾਫ ਫੈਸਲਾ ਸੁਣਾਇਆ

*** ਜਿਹਾਦ ਲਈ ਚੰਦਾ ਇਕੱਠਾ ਕਰਨ ਨੂੰ ਦੇਸ਼-ਧ੍ਰੋਹ ਵਰਗਾ ਜੁਰਮ ਕਿਹਾ**

ਲਾਹੌਰ, 27 ਜਨਵਰੀ, (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਲਾਹੌਰ ਹਾਈ ਕੋਰਟ ਨੇ ਅੱਤਵਾਦੀ ਸਰਗਰਮੀਆਂ ਉੱਤੇ ਕੰਟਰੋਲ ਦੇ ਸੰਬੰਧ ਵਿੱਚ ਇਕ ਮਹੱਤਵ ਪੂਰਨ ਫ਼ੈਸਲਾ ਸੁਣਾਇਆ ਤੇ ਕਿਹਾ ਹੈ ਕਿ ਦੇਸ਼ ਵਿੱਚ ਕੋਈ ਵੀ ਵਿਅਕਤੀ ਜਾਂ ਜਥੇਬੰਦੀ ਜਿਹਾਦ ਦੇ ਨਾਂ ਉੱਤੇ ਚੰਦਾ ਇਕੱਠਾ ਨਹੀਂ ਕਰ ਸਕਦੀ ਅਤੇ ਜੇ ਕੋਈ ਜਿਹਾਦ ਲਈ ਚੰਦਾ ਲੈਂਦਾ ਮਿਲਿਆ ਤਾਂ ਉਸ ਦੇ ਖ਼ਿਲਾਫ਼ ਦੇਸ਼-ਧ੍ਰੋਹ ਦਾ ਕੇਸ ਦਰਜ ਕੀਤਾ ਜਾਣਾ ਚਾਹੀਦਾ ਹੈ।

ਹਾਈ ਕੋਰਟ ਨੇ ਇਹ ਫ਼ੈਸਲਾ ਦੋ ਅੱਤਵਾਦੀਆਂ ਦੀ ਸਜ਼ਾ ਦੇ ਖ਼ਿਲਾਫ਼ ਅਪੀਲ ਰੱਦ ਕਰਦੇ ਹੋਏ ਸੁਣਾਇਆ ਹੈ। ਤਹਿਰੀਕ-ਏ-ਤਾਲਿਬਾਨ ਪਾਕਿ-ਸਤਾਨ (ਟੀਟੀਪੀ) ਜਥੇਬੰਦੀ ਦੇ ਦੋਵੇਂ ਅੱਤਵਾਦੀਮੁਹੰਮਦ ਇਬਰਾਹੀਮ ਅਤੇ ਉਬੈਦੁਰ ਰਹਿਮਾਨ ਅੱਤਵਾਦੀ ਸਰਗਰਮੀਆਂ ਲਈ ਪੈਸਾ ਇਕੱਠਾ ਕਰਦੇ ਹੋਏ ਪਿਛਲੇ ਸਾਲ ਸਰਗੋਧਾ ਤੋਂ ਫੜੇ ਗਏ ਸਨ। ਇਸੇ ਮਹੀਨੇ ਪਾਕਿ-ਸਤਾਨ ਦੀ ਅੱਤਵਾਦ ਰੋਕੂਕੋਰਟ ਨੇ ਉਨ੍ਹਾਂ ਨੂੰ ਅੱਤਵਾਦ ਲਈ ਪੈਸੇ ਉਗਰਾਹੁਣ ਦੇ ਦੋਸ਼ ਹੇਠ ਪੰਜ-ਪੰਜ ਸਾਲ ਦੀ ਸਜ਼ਾ ਸੁਣਾਈ ਸੀ। ਦੋਵੇਂ ਜਣਿਆਂ ਨੇ ਇਸ ਦੇ ਖ਼ਿਲਾਫ਼ ਲਾਹੌਰ ਹਾਈ ਕੋਰਟਨੂੰ ਅਪੀਲ ਕੀਤੀ ਸੀ। ਉਨ੍ਹਾਂ ਦੀ ਪਟੀਸ਼ਨ ਉੱਤੇ ਸੁਣਵਾਈ ਪਿੱਛੋਂ ਜਸਟਿਸ ਅਲੀ ਬਕਾਰ ਨਜ਼ਫੀ ਦੀ ਪ੍ਰਧਾਨਗੀ ਵਾਲੀ ਦੋ ਮੈਂਬਰੀ ਬੈਂਚ ਨੇ ਜਿਹਾਦ ਲਈ ਪੈਸਾ ਉਗਰਾਹੀ ਨੂੰ ਦੇਸ਼-ਧ੍ਰੋਹ ਦੇ ਬਰਾਬਰ ਦਾ ਅਪਰਾਧ ਆਖਿਆ ਤੇ ਪੂਰੇ ਪਾਕਿਸਤਾਨ ਵਿੱਚ ਜਿਹਾਦ ਲਈ ਕਿਸੇ ਵੀ ਤਰੀਕੇ ਨਾਲ ਪੈਸੇ ਦੀ ਉਗਰਾਹੀ ਕਰਨ ਉੱਤੇ ਰੋਕ ਲਾ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਇਹ ਸਰਕਾਰ ਦਾ ਕੰਮ ਹੈ ਕਿ ਉਹ ਜੰਗ ਦੀ ਸਥਿਤੀ ਵਿੱਚਲੋੜ ਪੈਣ ਉੱਤੇ ਪੈਸੇ ਦਾ ਪ੍ਰਬੰਧ ਕਰੇ, ਇਸ ਕੰਮਲਈ ਕਿਸੇ ਵਿਅਕਤੀ ਜਾਂ ਜਥੇਬੰਦੀ ਨੂੰ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਹਾਈ ਕੋਰਟ ਨੇ ਕਿਹਾ, ਟੀਟੀਪੀ ਇਕ ਬਦਨਾਮ ਅਤੇ ਗ਼ੈਰ-ਕਾਨੂੰਨੀ ਜਥੇਬੰਦੀ ਹੈ, ਜਿਸ ਨੇ ਕਈ ਸਰਕਾਰੀ ਸੰਸਥਾਵਾਂ ਤੇ ਉਚ ਅਹੁਦਿਆਂ ਉੱਤੇ ਕੰਮ ਕਰਨ ਵਾਲੇ ਲੋਕਾਂ ਨੂੰ ਨੁਕਸਾਨ ਪੁਚਾਇਆ ਅਤੇ ਦੇਸ਼ ਵਿੱਚ ਕਈ ਵੱਡੀਆਂ ਅੱਤਵਾਦੀ ਵਾਰਦਾਤਾਂ ਕੀਤੀਆਂ ਹਨ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application


FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਪੰਜਾਬੀ ਵੋਟਰੋ, ਜ਼ਰਾ ਸੰਭਲ ਕੇ! ਇਹ ਚੋਣਾਂ ਬਿਲਕੁਲ ਵੱਖਰੀਆਂ ਨੇ ...



ਡਾ. ਸੁਖਦੇਵ ਸਿੰਘ ਝੰਡ
(1-647-567-9128)

ਭਾਰਤ ਦੇ ਪੰਜ ਰਾਜਾਂ ਪੰਜਾਬ, ਉੱਤਰ ਪ੍ਰਦੇਸ਼, ਉੱਤਰਾ ਖੰਡ, ਗੋਆ ਤੇ ਮਨੀਪੁਰ ਵਿਚ ਫ਼ਰਵਰੀ ਮਹੀਨੇ ਦੌਰਾਨ ਅਤੇ ਮਾਰਚ ਦੇ ਪਹਿਲੇ ਹਫ਼ਤੇ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀ ਕਿ ਇਸ ਸਮੇਂ ਇਨ੍ਹਾਂ ਸਾਰੇ ਰਾਜਾਂ ਵਿਚ ਹੀ ਚੋਣ-ਸਰਗ਼ਰਮੀਆਂ ਸਿਖ਼ਰਾਂ 'ਤੇ ਹਨ ਪਰ ਪੰਜਾਬ ਅਤੇ ਉੱਤਰ ਪ੍ਰਦੇਸ਼ ਵਿਚ ਇਨ੍ਹਾਂ ਦੀ ਖ਼ਾਸ ਹੀ ਸਰਗ਼ਰਮੀ ਵੇਖਣ ਵਿਚ ਆ ਰਹੀ ਹੈ, ਕਿਉਂਕਿ ਇਹ ਦੋਵੇਂ ਸੂਬੇ ਵਧੇਰੇ ਵਿਧਾਨ ਸਭਾ ਸੀਟਾਂ ਵਾਲੇ ਹਨ। ਭਾਰਤ ਦੇ ਸੱਭ ਤੋਂ ਵੱਧ 403 ਵਿਧਾਨ ਸਭਾ ਸੀਟਾਂ ਵਾਲੇ ਉੱਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਅਖ਼ਲੇਸ਼ ਯਾਦਵ ਨੇ ਮੌਜੂਦਾ ਮੁੱਖ ਮੰਤਰੀ ਅਦਿੱਤਿਆ ਨਾਥ ਯੋਗੀ ਅਤੇ ਉਸ ਦੀ ਭਾਰਤੀ ਜਨਤਾ ਪਾਰਟੀ ਦੀ ਨੀਂਦਰ ਹਰਾਮ ਕੀਤੀ ਹੋਈ ਹੈ ਅਤੇ ਓਧਰ ਪੰਜਾਬ ਦੀਆਂ 117 ਸੀਟਾਂ ਉੱਪਰ ਰਵਾਇਤੀ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ 2017 ਦੀਆਂ ਚੋਣਾਂ ਵਿਚ ਮੁੱਖ ਵਿਰੋਧੀ ਪਾਰਟੀ ਬਣੀ ਆਮ ਆਦਮੀ ਪਾਰਟੀ ('ਆਪ') ਤੋਂ ਇਲਾਵਾ ਇਸ ਵਾਰ ਬੀਜੇਪੀ ਆਪਣੀ ਸਹਿਯੋਗੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੋਂ ਵੱਖਰੇ ਹੋ ਕੇ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਤੇ ਸੁਖਦੇਵ ਸਿੰਘ ਢੀਂਡਸਾ ਦੇ ਸੰਯੁਕਤ ਅਕਾਲੀ ਦਲ ਨਾਲ ਮਿਲ ਕੇ)ਚੋਣ ਲੜ ਰਹੀ ਹੈ। ਇਨ੍ਹਾਂ ਪਾਰਟੀਆਂ ਤੋਂ ਇਲਾਵਾ ਕਿਸਾਨ ਵੀ ਸਮਾਜ ਦੇ ਹੋਰ ਵਰਗਾਂ ਨੂੰ ਨਾਲ਼ ਲੈ ਕੇ 'ਸੰਯੁਕਤ ਸਮਾਜ ਮੋਰਚਾ' ਬਣਾ ਕੇ ਪਹਿਲੀ ਵਾਰ ਚੋਣ ਮੈਦਾਨ ਵਿਚ ਕੁੱਦੇ ਹਨ। ਪੰਜਾਬ ਵਿਚ ਵੱਖ-ਵੱਖ ਸਿਆਸੀ ਪਾਰਟੀਆਂ ਵਿਚਕਾਰ ਇਸ ਵੇਲੇ ਚੋਣਾਂ ਦਾ ਪੂਰਾ ਘਮਸਾਣ ਮੱਚਿਆ ਹੋਇਆ ਹੈ। ਬਾਕੀ ਰਹਿੰਦੇ ਤਿੰਨ ਸੂਬਿਆਂ ਉੱਤਰਾ ਖੰਡ, ਮਨੀਪੁਰ ਅਤੇ ਗੋਆ ਵਿਚ ਕ੍ਰਮਵਾਰ 70, 60 ਅਤੇ 40 ਸੀਟਾਂ ਹੀ ਹਨ। ਇੱਥੇ ਅਸੀਂ ਕੇਵਲ ਪੰਜਾਬ ਦੀ 2022 ਵਿਧਾਨ ਸਭਾ ਚੋਣ ਬਾਰੇ ਹੀ ਗੱਲ ਕਰਾਂਗੇ।

ਸੱਭ ਤੋਂ ਪਹਿਲਾਂ ਕਾਂਗਰਸ ਪਾਰਟੀ ਦੀ ਗੱਲ ਕਰਨੀ ਜ਼ਰੂਰੀ ਬਣਦੀ ਹੈ ਜਿਸ ਵਿਚ ਪੰਜਾਬ ਦੇ ਮੁੱਦਿਆਂ ਨਾਲੋਂ ਇਸ ਪਾਰਟੀ ਦੇ ਮੁੱਖ ਮੰਤਰੀ ਦੇ ਚਿਹਰੇ ਦੀ ਦੌੜ ਸੱਭ ਤੋਂ ਅਹਿਮ ਮੁੱਦਾ ਬਣਿਆਂ ਹੋਇਆ ਹੈ। ਦਿੱਲੀ ਬੈਠੀ ਇਸ ਦੀ 'ਹਾਈ-ਕਮਾਂਡ' ਜੋ ਇਸ ਸਮੇਂ ਬਿਲਕੁਲ 'ਲੋਅ-ਕਮਾਂਡ' ਜਾਂ 'ਨੋ-ਕਮਾਡ' ਸਾਬਤ ਹੋ ਰਹੀ ਹੈ ਵੱਲੋਂ ਪੰਜਾਬ ਦੀਆਂ ਹਿੰਦੂ, ਸਿੱਖ ਤੇ ਦਲਿਤ ਵੋਟਾਂ ਨੂੰ ਮੁੱਖ ਰੱਖਦਿਆਂ ਹੋਇਆਂ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ, ਮੌਜੂਦਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਮੌਜੂਦਾ ਮੁੱਖ-ਮੰਤਰੀ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਦੇ ਤਿੰਨ ਚਿਹਰੇ ਐਲਾਨ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਸੁਨੀਲ ਜਾਖੜ ਤਾਂ ਇਸ ਦੌੜ ਵਿੱਚੋਂ ਪਹਿਲਾਂ ਹੀ ਲਾਂਭੇ ਹੋ ਗਏ ਹਨ ਅਤੇ ਉਹ ਵਿਧਾਨ ਸਭਾ ਮੈਂਬਰ ਦੇ ਉਮੀਦਵਾਰ ਵੀ ਨਹੀਂ ਹਨ, ਪਰ ਮੌਜੂਦਾ ਪੰਜਾਬ ਕਾਂਗਰਸ ਪ੍ਰਧਾਨ ਅਤੇ ਮੁੱਖ ਮੰਤਰੀ ਵਿਚਕਾਰ ਇਸ ਮੰਤਵ ਲਈ 100 ਮੀਟਰ ਵਾਲੀ 'ਸਪਰਿੰਟ' ਲੱਗੀ ਹੋਈ ਹੈ। ਉਹ ਦੋਵੇਂ ਇਕ ਦੂਸਰੇ ਨੂੰ ਨੀਵਾਂ ਵਿਖਾ ਕੇ ਆਪਣੇ ਆਪ ਨੂੰ 'ਮੁੱਖ ਚਿਹਰਾ' ਪੇਸ਼ ਕਰਨ ਦੀ ਦੌੜ ਵਿਚ ਹਨ। ਨਵਜੋਤ ਸਿੱਧੂ ਆਪਣਾ 'ਪੰਜਾਬ ਮਾਡਲ' ਇਲੈੱਕਟ੍ਰਾਨਿਕ ਤੇ ਸੋਸ਼ਲ ਮੀਡੀਆ ਉੱਪਰ ਬੜੇ ਜ਼ੋਰ-ਸ਼ੋਰ ਨਾਲ ਪੇਸ਼ ਕਰ ਰਹੇ ਹਨ ਅਤੇ ਦੂਜੇ ਬੰਨੇ ਚਰਨਜੀਤ ਚੰਨੀ ਮੁੱਖ ਮੰਤਰੀ ਵਜੋਂ ਆਪਣੀ 111 ਦਿਨ੍ਹਾਂ ਦੀ 'ਕਾਰਗੁਜ਼ਾਰੀ' ਨੂੰ ਆਪਣੀ ਅਹਿਮ ਪ੍ਰਾਪਤੀ ਦਰਸਾ ਰਹੇ ਹਨ।

ਕਾਂਗਰਸ ਪਾਰਟੀ ਵੱਲੋਂ ਹੁਣ ਤੀਕ 86 ਵਿਧਾਨ ਸਭਾ ਸੀਟਾਂ ਉੱਪਰ ਆਪਣੇ ਉਮੀਦਵਾਰ ਐਲਾਨ ਦਿੱਤੇ ਗਏ ਹਨ ਅਤੇ ਬਾਕੀਆਂ ਉੱਪਰ ਅਜੇ ਰੇੜਕਾ ਚੱਲ ਰਿਹਾ ਹੈ। ਇਸ ਐਲਾਨ ਤੋਂ ਨਾਰਾਜ਼ ਹੋ ਕੇ ਇਸ ਦੇ ਕਈ ਮੰਤਰੀ ਤੇ ਵਿਧਾਇਕ ਦੂਸਰੀਆਂ ਰਾਜਨੀਤਕ ਪਾਰਟੀਆਂ ਵਿਚ ਜਾ ਚੁੱਕੇ ਹਨ ਜਿਨ੍ਹਾਂ ਦੇ ਵਿਸਥਾਰ ਵਿਚ ਜਾਣ ਦੀ ਜ਼ਰੂਰਤ ਨਹੀਂ ਹੈ। ਅਲਬੱਤਾ, ਇਸ ਦੇ ਕਪੂਰਥਲਾ ਸੀਟ ਤੋਂ ਐਲਾਨੇ ਗਏ ਉਮੀਦਵਾਰ ਰਾਣਾ ਗੁਰਜੀਤ ਸਿੰਘ ਆਪਣੇ ਪੁੱਤਰ ਇੰਦਰਬੀਰ ਰਾਣਾ ਨੂੰ ਸੁਲਤਾਨਪੁਰ ਲੋਧੀ ਤੋਂ ਸੀਟ ਨਾ ਦੇਣ ਕਾਰਨ ਉਸ ਦੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਨੂੰ ਬਿਲਕੁਲ ਵਾਜਬ ਸਮਝ ਰਹੇ ਹਨ ਜਿਸ ਦਾ ਕਪੂਰਥਲਾ ਜ਼ਿਲੇ ਦੇ ਹੋਰ ਉਮੀਦਵਾਰਾਂ ਵੱਲੋਂ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਚੰਨੀ ਦੇ 'ਭਣੇਵੇਂ' (ਸਾਲੀ ਦੇ ਮੁੰਡੇ) ਭੁਪਿੰਦਰ ਸਿੰਘ ਹਨੀ ਦੇ ਘਰ 'ਤੇ ਪਏ ਈ.ਡੀ. ਦੇ ਛਾਪੇ ਨੇ ਉਨ੍ਹਾਂ ਦੀ ਆਪਣੀ ਅਤੇ ਕਾਂਗਰਸ ਦੀ ਸਥਿਤੀ ਹੋਰ ਵੀ ਖ਼ਰਾਬ ਕਰ ਦਿੱਤੀ ਹੈ। ਓਧਰ ਸਿੱਧੂ ਸਾਹਿਬ ਇਕੱਲੇ ਹੀ ਆਪਣੇ 'ਪੰਜਾਬ ਮਾਡਲ' ਦਾ ਰਾਗ ਅਲਾਪ ਰਹੇ ਹਨ ਅਤੇ ਉਹ ਟੀਮ ਵਜੋਂ ਕਿਸੇ ਨੂੰ ਵੀ ਆਪਣੇ ਨਾਲ ਲੈਣਾ ਮੁਨਾਸਬ ਨਹੀਂ ਸਮਝ ਰਹੇ ਹਨ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਸਿੱਧੂ ਸਾਹਿਬ ਦਾ ਇਹ 'ਪੰਜਾਬ ਮਾਡਲ' ਪੰਜਾਬ ਦੇ ਮੁਦਿਆਂ ਦੀ ਸਹੀ ਤਰਜਮਾਨੀ ਕਰਦਾ ਹੈ ਪਰ ਉਨ੍ਹਾਂ ਇਕੱਲੇ ਹੀ ਸਿ ਨੂੰ ਲੈ ਕੇ ਚੱਲਣਾ ਉਨ੍ਹਾਂ ਦੇ ਰਾਹ ਵਿਚ ਰੋੜਾ ਸਾਬਤ ਹੋ ਰਿਹਾ ਹੈ। ਇਹ ਸੱਭ ਕਹਿਣ ਤੋਂ ਮੇਰਾ ਭਾਵ ਹੈ ਕਿ ਪੰਜਾਬ ਦੀ ਕਾਂਗਰਸ ਪਾਰਟੀ ਵਿਚ ਇਸ ਸਮੇਂ 'ਸੱਭ ਅੱਛਾ' ਨਹੀਂ ਹੈ ਅਤੇ ਜੇਕਰ ਇਹ ਇੰਜ ਹੀ ਚੱਲਦਾ ਰਿਹਾ ਤਾਂ ਇਹ ਇਹ ਇਸ ਪਾਰਟੀ ਲਈ ਭਾਰੀ ਨੁਕਸਾਨਦੇਹ ਸਾਬਤ ਹੋ ਸਕਦਾ ਹੈ।

ਹੁਣ ਜੇਕਰ ਸ਼੍ਰੋਮਣੀ ਅਕਾਲੀ ਦਲ ਦੀ ਗੱਲ ਕੀਤੀ ਜਾਏ ਤਾਂ ਇਨ੍ਹਾਂ ਵਿਧਾਨ ਸਭਾ ਚੋਣਾਂ ਵਿਚ ਉਮੀਦਵਾਰਾਂ ਦਾ ਸੱਭ ਤੋਂ ਪਹਿਲਾਂ ਐਲਾਨ ਕਰਨ ਵਾਲੀ ਅਤੇ ਆਪਣੀ ਚੋਣ-ਮੁਹਿੰਮ ਆਰੰਭ ਕਰਨ ਵਾਲੀ ਇਹ ਪਹਿਲੀ ਪਾਰਟੀ ਹੈ। ਦਿੱਲੀ ਦੀਆਂ ਬਰੂਹਾਂ 'ਤੇ ਚੱਲ ਰਹੇ 'ਸੰਯੁਕਤ ਕਿਸਾਨ ਮੋਰਚੇ' ਦੌਰਾਨ ਹੀ ਇਸ ਨੇ ਆਪਣੀਆਂ ਚੋਣ-ਸਰਗ਼ਰਮੀਆਂ ਸ਼ੁਰੂ ਕਰ ਦਿੱਤੀਆਂ ਸਨ ਜਿਨ੍ਹਾਂ ਦਾ ਉਦੋਂ ਕਿਸਾਨਾਂ ਵੱਲੋਂ ਭਾਰੀ ਵਿਰੋਧ ਕੀਤਾ ਗਿਆ ਸੀ। ਉਨ੍ਹਾਂ ਵੱਲੋਂ ਇਸ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਕਾਫ਼ਲੇ ਨੂੰ ਕਈ ਥਾਵਾਂ 'ਤੇ ਘੇਰਿਆ ਗਿਆ ਸੀ ਅਤੇ ਇਕ ਜਗ੍ਹਾ ਤਾਂ ਕਿਸਾਨਾਂ ਵੱਲੋਂ ਉਨ੍ਹਾਂ ਦੇ ਉੱਪਰ ਜੁੱਤੀ ਸੁੱਟਣ ਦੀ ਕੋਸ਼ਿਸ਼ ਵੀ ਕੀਤੀ ਗਈ ਸੀ। ਚੱਲ ਰਹੇ ਇਸ 'ਰੌਲ਼ੇ-ਗੋਲ਼ੇ' ਦੌਰਾਨ ਵੀ ਉਨ੍ਹਾਂ ਨੇ ਆਪਣੇ ਉਮੀਦਵਾਰ ਐਲਾਨਣੇ ਜਾਰੀ ਰੱਖੇ ਸਨ ਪਰ ਉਹ ਆਪਣੀ ਚੋਣ-ਮੁਹਿੰਮ ਨੂੰ ਬਹੁਤਾ ਵਧਾ ਨਹੀਂ ਸਕੇ ਸਨ।



ਇਸ ਦੌਰਾਨ ਹੀ ਉਨ੍ਹਾਂ ਦੇ ਅਤਿ-ਕਰੀਬੀ 'ਰਿਸ਼ਤੇਦਾਰ' (ਸਾਲੇ) ਬਿਕਰਮ ਸਿੰਘ ਮਜੀਠੀਆ ਦੇ ਵਿਰੁੱਧ ਅੱਠ ਸਾਲ ਪੁਰਾਣੇ ਦਰਜ ਹੋਏ ਨਸ਼ਾ-ਤਸਕਰੀ ਦੇ ਕੇਸ ਨੂੰ ਲੈ ਕੇ ਚਰਨਜੀਤ ਚੰਨੀ ਦੀ ਅਗਵਾਈ ਵਿਚ ਚੱਲ ਰਹੀ ਪੰਜਾਬ ਸਰਕਾਰ ਵੱਲੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਨੂੰ ਮੁੱਖ ਰੱਖਦਿਆਂ ਐੱਫ਼.ਆਈ.ਆਰ. ਦਰਜ ਕਰਵਾਈ ਗਈ ਜਿਸ ਉੱਪਰ ਐੱਕਸ਼ਨ ਲੈਣ ਲਈ ਸਰਕਾਰ ਵੱਲੋਂ ਬਣਾਈ ਗਈ 'ਸਿੱਟ' (ਸਪੈਸ਼ਲ ਇਨਵੈਸਟੀਗੇਸ਼ਨ ਟੀਮ) ਵੱਲੋਂ ਕੀਤੀ ਜਾਣ ਵਾਲੀ ਕਾਰਵਾਈ ਤੋਂ ਡਰਦਿਆਂ ਮਜੀਠੀਆ ਸਾਹਿਬ 'ਰੂਪੋਸ਼' ਹੋ ਗਏ ਅਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਮਿਲੀ 'ਅਸਥਾਈ ਜ਼ਮਾਨਤ' (ਇੰਟੈਰਿਮ ਰੀਲੀਫ਼) ਤੋਂ ਬਾਅਦ ਹੀ ਪ੍ਰਗਟ ਹੋਏ। ਹੁਣ ਓਸੇ ਅਦਾਲਤ ਵੱਲੋਂ ਇਹ ਜ਼ਮਾਨਤ ਰੱਦ ਕਰਨ ਤੋਂ ਬਾਅਦ ਉਨ੍ਹਾਂ ਦੀਆਂ ਮੁਸ਼ਕਲਾਂ ਵਿਚ ਹੋਰ ਵਾਧਾ ਹੋਇਆ ਹੈ। ਕਿੱਥੇ ਤਾਂ ਉਨ੍ਹਾਂ ਬਾਰੇ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਤੋਂ ਨਵਜੋਤ ਸਿੰਘ ਸਿੱਧੂ ਦੇ ਵਿਰੁੱਧ ਚੋਣ ਲੜਨ ਦੀਆਂ ਗੱਲਾਂ ਚੱਲ ਰਹੀਆਂ ਸਨ ਅਤੇ ਕਿੱਥੇ ਹੁਣ ਉਨ੍ਹਾਂ ਲਈ ਆਪਣੇ ਮਜੀਠਾ ਚੋਣ-ਹਲਕੇ ਵਿਚ ਵੀ ਚੋਣ-ਪ੍ਰਚਾਰ ਕਰਨਾ ਵੀ ਮੁਸ਼ਕਲ ਹੋ ਜਾਵੇਗਾ। ਇਸ ਸਾਰੇ ਘਟਨਾ-ਕ੍ਰਮ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਇਨ੍ਹਾਂ ਚੋਣਾਂ ਵਿਚ ਤਕੜਾ ਝਟਕਾ ਲੱਗਾ ਹੈ।

ਤੀਸਰੀ ਮੁੱਖ ਰਾਜਸੀ ਪਾਰਟੀ 'ਆਪ' ਨੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਆਪਣੇ ਮੁੱਖ ਮੰਤਰੀ ਦਾ ਚਿਹਰਾ ਬੜੇ ਨਾਟਕੀ ਢੰਗ ਨਾਲ ਪੇਸ਼ ਕੀਤਾ ਹੈ ਜਿਸ ਦੀ ਦੂਸਰੀਆਂ ਪਾਰਟੀਆਂ ਵੱਲੋਂ ਕਾਫ਼ੀ ਚਰਚਾ ਹੋ ਰਹੀ ਹੈ। ਕਾਂਗਰਸ ਪਾਰਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਤਾਂ ਇਸ ਨੂੰ 'ਨਿਰੋਲ ਡਰਾਮਾ' ਕਰਾਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਏਨੇ ਥੋੜ੍ਹੇ ਸਮੇਂ ਵਿਚ ਪ੍ਰਾਪਤ ਹੋਈਆਂ 22 ਲੱਖ ਫ਼ੋਨ-ਕਾਲਾਂ ਜਾਂ ਫ਼ੋਨ-ਸੁਨੇਹਿਆਂ ਦੇ ਭਾਰੀ ਡਾਟੇ ਨੂੰ ਪ੍ਰਾਸੈੱਸ ਕਰਨ ਲਈ ਘੱਟੋ-ਘੱਟ ਇਕ ਸਾਲ ਦਾ ਸਮਾਂ ਚਹੀਦਾ ਹੈ ਅਤੇ 'ਆਪ' ਵਾਲਿਆਂ ਦੇ 'ਸ਼ਾਤਰ ਦਿਮਾਗ਼ਾਂ ਤੇ ਕੰਪਿਊਟਰਾਂ' ਨੇ ਇਸ ਨੂੰ ਦੋ ਕੁ ਦਿਨਾਂ ਵਿਚ ਹੀ ਹੰਗਾਲ ਕੇ ਰੱਖ ਦਿੱਤਾ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਇਹ 'ਖੇਡ' ਤਾਂ ਆਮ ਆਦਮੀ ਪਾਰਟੀ ਦੇ 'ਖਿਡਾਰੀਆਂ' ਵਿਚਕਾਰ ਹੀ ਸੀ ਅਤੇ ਇਸ ਵਿਚ ਸਿੱਧੂ ਕਿੱਥੋਂ ਆ ਗਿਆ? ਉਨ੍ਹਾਂ ਨੇ 'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੂ ਇਨ੍ਹਾਂ ਸੁਆਲਾਂ ਦੇ ਜੁਆਬ ਦੇਣ ਲਈ ਵੀ ਕਿਹਾ ਹੈ।

ਕੁਝ ਵੀ ਹੋਵੇ, ਪਾਰਟੀ ਵੱਲੋਂ ਭਗਵੰਤ ਮਾਨ ਦਾ ਨਾਂ ਮੁੱਖ ਮੰਤਰੀ ਦੇ ਚਿਹਰੇ ਵੱਲੋਂ ਐਲਾਨੇ ਜਾਣ ਤੋਂ ਬਾਦ ਇਸ ਦੇ ਵਰਕਰਾਂ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਪਿਛਲੇ ਦਿਨੀਂ ਹੋਏ ਜਾਂ ਕਈ ਏਜੰਸੀਆਂ ਵੱਲੋਂ ਕਰਵਾਏ ਗਏ 'ਪ੍ਰੀ-ਪੋਲ ਸਰਵਿਆਂ' ਵਿਚ ਵੀ ਆਮ ਆਦਮੀ ਪਾਰਟੀ ਦਾ ਨਾਂ ਹੋਰ ਸਿਆਸੀ ਪਾਰਟੀਆਂ ਤੋਂ ਉੱਪਰ ਹੋਣ ਕਾਰਨ ਵੀ ਇਸ ਦੇ ਵਰਕਰ ਭਾਰੀ ਉਤਸ਼ਾਹ ਵਿਚ ਹਨ ਅਤੇ ਉਹ ਪਾਰਟੀ ਉਮੀਦਵਾਰਾਂ ਦੇ ਲਈ ਚੋਣ-ਪ੍ਰਚਾਰ ਵਿਚ ਰੁੱਝ ਗਏ ਹਨ। ਇਸ ਦੇ ਨਾਲ ਹੀ ਕਈ ਹੋਰਨਾਂ ਪਾਰਟੀਆਂ ਦੇ ਨੇਤਾ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਹਨ ਅਤੇ ਉਨ੍ਹਾਂ ਨੂੰ ਇਸ ਪਾਰਟੀ ਵੱਲੋਂ ਟਿਕਟਾਂ ਦੇ ਕੇ ਨਿਵਾਜਿਆ ਗਿਆ ਹੈ। ਇਸ ਦੇ ਨਾਲ ਹੀ ਇਹ ਦੋਸ਼ ਵੀ ਲੱਗ ਰਿਹਾ ਹੈ ਕਿ ਉਨ੍ਹਾਂ ਨੇਤਾਵਾਂ ਕੋਲੋਂ ਭਾਰੀ ਰਕਮਾਂ ਵਸੂਲ ਕੇ ਉਨ੍ਹਾਂ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ ਅਤੇ ਇਸ ਦੇ ਰੋਸ ਵਜੋਂ ਕਈ ਪਾਰਟੀ ਨੇਤਾ ਅਤੇ ਵਰਕਰ ਦੂਸਰੀਆਂ ਰਾਜਸੀ ਪਾਰਟੀਆਂ ਵਿਚ ਸ਼ਾਮਲ ਹੋ ਗਏ ਹਨ। 'ਸੰਯੁਕਤ ਸਮਾਜ ਮੋਰਚਾ' (ਜਿਸ ਦਾ ਜ਼ਿਕਰ ਅੱਗੇ ਕੀਤਾ ਜਾਏਗਾ) ਦੇ ਪ੍ਰਮੁੱਖ ਆਗੂ ਬਲਬੀਰ ਸਿੰਘ ਰਾਜੇਵਾਲ ਦਾ ਵੀ ਬੀਤੇ ਦਿਨੀਂ ਇਸ ਸਬੰਧੀ ਇਕ ਬਿਆਨ ਆਇਆ ਸੀ। ਕਿਸਾਨਾਂ ਤੇ ਹੋਰ ਵਰਗਾਂ ਦਾ ਇਹ ਸਾਂਝਾ ਮੋਰਚਾ 'ਆਪ' ਦੇ ਚੱਲਦੇ 'ਚੋਣ-ਰੱਥ' ਦੇ ਰਸਤੇ ਵਿਚ ਰੁਕਾਵਟਾਂ ਖੜੀਆਂ ਜ਼ਰੂਰ ਕਰੇਗਾ, ਕਿਉਂਕਿ ਇਹ ਦੋਵੇਂ ਹੀ ਸਥਾਪਤੀ-ਵਿਰੋਧੀ ਵੋਟਾਂ ਉੱਪਰ ਆਪਣੀ ਭਾਰੀ ਟੇਕ ਰੱਖ ਰਹੇ ਹਨ।

ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ.) ਜੋ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਨਾਲ਼ ਮਿਲ ਕੇ ਪੰਜਾਬ ਵਿਚ ਚੋਣਾਂ ਲੜਦੀ ਸੀ, ਹੁਣ ਇਸ ਤੋਂ ਵੱਖ ਹੋ ਕੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਣਾਈ ਗਈ 'ਪੰਜਾਬ ਲੋਕ ਕਾਂਗਰਸ ਅਤੇ ਰਾਜ ਸਭਾ ਦੇ ਮੈਂਬਰ ਸੁਖਦਵੇ ਸਿੰਘ ਢੀਂਡਸਾ ਦੇ 'ਸੰਯੁਕਤ ਅਕਾਲੀ ਦਲ' ਨਾਲ ਮਿਲ ਕੇ ਇਹ ਚੋਣ ਲੜ ਰਹੀ ਹੈ। ਇਹ 'ਤ੍ਰਿਕੜੀ' ਆਪਣੇ ਇਸ ਸਾਂਝੇ ਯਤਨ ਵਿਚ ਕਿੰਨੀ ਕੁ ਕਾਮਯਾਬ ਹੁੰਦੀ ਹੈ, ਇਹ ਤਾਂ 10 ਮਾਰਚ ਨੂੰ ਹੀ ਪਤਾ ਲੱਗੇਗਾ। ਅਲਬ-ੱਤਾ, ਇਸ ਦੇ ਵੱਲੋਂ 5 ਜਨਵਰੀ ਨੂੰ ਫ਼ਿਰੋਜ਼ਪੁਰ ਵਿਚ ਰੱਖੀ ਗਈ 'ਭਾਰੀ ਰੈਲੀ' ਜਿਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਸੰਬੋਧਨ ਕਰਨਾ ਸੀ, ਮੀਂਹ-ਕਣੀ ਵਾਲੇ ਮੌਸਮ ਜਾਂ ਕਿਸੇ ਹੋਰ ਕਾਰਨ 'ਖਾਲੀ ਕੁਰਸੀਆਂ ਵਾਲੀ ਰੈਲੀ' ਸਾਬਤ ਹੋ ਜਾਣ ਕਰਕੇ ਇਸ ਦੇ ਸਿਤਾਰੇ ਕੁਝ ਮੱਧਮ ਹੀ ਵਿਖਾਈ ਦਿੰਦੇ ਹਨ।

ਪੰਜਾਬ ਦੇ ਕਿਸਾਨਾਂ ਵਿਚ ਬੀ.ਜੇ.ਪੀ. ਦੇ ਵਿਰੁੱਧ ਅਜੇ ਵੀ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ, ਕਿਉਂਕਿ ਪ੍ਰਧਾਨ ਮੰਤਰੀ ਮੋਦੀ ਵੱਲੋਂ 19 ਨਵੰਬਰ 2021 ਨੂੰ ਕੀਤੇ ਗਏ ਐਲਾਨ ਅਤੇ ਉਸ ਤੋਂ ਬਾਅਦ ਭਾਰਤ ਸਰਕਾਰ ਵੱਲੋਂ ਪ੍ਰਾਪਤ ਹੋਈ ਚਿੱਠੀ ਜਿਸ ਵਿਚ ਤਿੰਨੇ ਕਾਲ਼ੇ ਕਾਨੂੰਨ ਰੱਦ ਹੋਣ ਦੇ ਨਾਲ਼ ਨਾਲ਼ ਉਨ੍ਹਾਂ ਦੀਆਂ ਹੋਰ ਮੰਗਾਂ, ਜਿਵੇਂ ਐੱਮ.ਐੱਸ.ਪੀ. ਲਈ ਕਮੇਟੀ ਦਾ ਗਠਨ ਕਰਨਾ, ਕਿਸਾਨਾਂ ਦੇ ਵਿਰੁੱਧ ਦਰਜ ਕੀਤੇ ਗਏ ਝੂਠੇ ਕੇਸਾਂ ਨੂੰ ਰੱਦ ਕਰਨਾ, ਕੇਂਦਰੀ ਗ੍ਰਹਿ ਰਾਜ ਮੰਤਰੀ ਵਿਜੈ ਮਿਸ਼ਰਾ ਜਿਸ ਦਾ ਪੁੱਤਰ ਅਸ਼ੀਸ਼ ਮਿਸ਼ਰਾ ਦਾ ਲਖੀਮਪੁਰ ਖੀਰੀ ਕਤਲ ਕਾਂਡ ਵਿਚ ਸਿੱਧੇ ਤੌਰ 'ਤ ਸ਼ਾਮਲ ਹੋਣਾ ਸਾਬਤ ਹੋ ਚੁੱਕਾ ਹੈ, ਨੂੰ ਕੇਂਦਰੀ ਮੰਤਰੀ-ਮੰਡਲ ਵਿੱਚੋਂ ਬਾਹਰ ਕੱਢਣਾ ਸ਼ਾਮਲ ਹਨ, ਅਜੇ ਤੱਕ ਕੇਂਦਰ ਸਰਕਾਰ ਵੱਲੋਂ ਨਹੀਂ ਮੰਨੀਆਂ ਗਈਆਂ ਅਤੇ ਉਹ ਇਸ ਦੇ ਵਿਰੋਧ ਵਿਚ 31 ਜਨਵਰੀ ਨੂੰ 'ਵਾਅਦਾਖਿਲ਼ਾਫ਼ੀ-ਦਿਵਸ' ਮਨਾਉਣ ਜਾ ਰਹੇ ਹਨ। ਇਸ ਤੋਂ ਇਲਾਵਾ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਦੇਵ ਸਿੰਘ ਢੀਂਡਸੇ ਦੀਆਂ ਪਾਰਟੀਆਂ ਦਾ ਬੀ.ਜੇ.ਪੀ. ਨਾਲ ਗੱਠਜੋੜ ਵੀ ਬਹੁਤ ਲੋਕਾਂ ਨੂੰ ਪਸੰਦ ਨਹੀਂ ਹੈ ਜਿਸ ਵਿਚ ਉਨ੍ਹਾਂ ਨੂੰ ਦੋਹਾਂ ਨੂੰ ਕ੍ਰਮਵਾਰ 35 ਅਤੇ 17 ਸੀਟਾਂ ਦਿੱਤੀਆਂ ਗਈਆਂ ਹਨ ਅਤੇ ਵਡੇਰਾ ਹਿੱਸਾ 65 ਬੀ.ਜੇ.ਪੀ. ਵੱਲੋਂ ਆਪਣੇ ਕੋਲ ਰੱਖੀਆਂ ਗਈਆਂ ਹਨ। ਇਨ੍ਹਾਂ ਵਿੱਚੋਂ ਕੁਝ ਕੁ (5-6) ਬੈਂਸ ਭਰਾਵਾਂ ਦੀ 'ਲੋਕ ਇਨਸਾਫ਼ ਪਾਰਟੀ' ਨੂੰ ਦੇਣ ਦਾ ਲਾਰਾ ਵੀ ਲਾਇਆ ਗਿਆ ਸੀ ਪਰ ਉਨ੍ਹਾਂ ਵੱਲੋਂ ਵਧੇਰੇ ਸੀਟਾਂ ਦੀ ਮੰਗ ਹੋਣ ਕਾਰਨ ਉਹ ਵੇਲੇ ਸਿਰ ਹੀ ਇਸ ਗੱਠਜੋੜ ਤੋਂ ਲਾਂਭੇ ਹੋ ਗਏ ਹਨ।

ਸੱਭ ਤੋਂ ਅਹਿਮ ਗੱਲ ਜੋ ਇਨ੍ਹਾਂ ਚੋਣਾਂ ਵਿਚ ਹੋ ਰਹੀ ਹੈ, ਉਹ ਹੈ ਕਿਸਾਨਾਂ ਵੱਲੋਂ ਆਪਣੀ ਸਿਆਸੀ ਜੱਥੇਬੰਦੀ 'ਸੰਯੁਕਤ ਸਮਾਜ ਮੋਰਚਾ' ਬਣਾ ਕੇ ਚੋਣ-ਮੈਦਾਨ ਵਿਚ ਆਉਣਾ। ਦਿੱਲੀ ਦੀਆਂ ਬਰੂਹਾਂ 'ਤੇ 'ਸੰਯੁਕਤ ਕਿਸਾਨ ਮੋਰਚਾ' ਜਿਸ ਵਿਚ ਪੰਜਾਬ ਦੀਆਂ 32 ਕਿਸਾਨ ਜੱਥੇਬੰਦੀਆਂ ਸ਼ਾਮਲ ਸਨ, ਵੱਲੋਂ ਸਾਲ ਤੋਂ ਉੱਪਰ ਚਲਾਏ ਗਏ ਕਿਸਾਨ ਅੰਦਲਨ ਦੀ ਭਾਰੀ ਸਫ਼ਲਤਾ ਤੋਂ ਉਤਸ਼ਾਹਿਤ ਹੋ ਉਨ੍ਹਾਂ ਵਿੱਚੋਂ 22 ਜੱਥੇਬੰਦੀਆਂ ਦੇ ਮੈਂਬਰਾਂ ਦੇ ਜ਼ੋਰ ਪਾਉਣ 'ਤੇ ਅਜੋਕੇ ਸਿਸਟਮ ਨੂੰ ਬਦਲਣ ਲਈ ਪੰਜਾਬ ਦੀ ਰਾਜਨੀਤੀ ਵਿਚ ਦਾਖ਼ਲ ਹੋਣ ਦਾ ਫ਼ੈਸਲਾ ਲਿਆ ਗਿਆ। ਭਾਵੇਂ ਬਾਕੀ ਦੀਆਂ 10 ਜੱਥੇਬੰਦੀਆਂ ਇਸ ਦੇ ਹੱਕ ਵਿਚ ਨਹੀਂ ਸਨ, ਪਰ ਉਨ੍ਹਾਂ ਵੱਲੋਂ ਵੀ ਇਸ ਦਾ ਬਹੁਤਾ ਵਿਰੋਧ ਨਹੀਂ ਕੀਤਾ ਗਿਆ। ਅਲਬੱਤਾ! ਉਨ੍ਹਾਂ ਦੇ ਆਗੂਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਮੈਂਬਰ ਆਪਣੀ ਮਰਜ਼ੀ ਅਨੁਸਾਰ ਵੋਟ ਪਾ ਸਕਦੇ ਹਨ। ਪਰ ਇਸ ਮੋਰਚੇ ਦੇ ਕਨਵੀਨਰ ਬਲਬੀਰ ਸਿੰਘ ਰਾਜੇਵਾਲ ਦਾ ਮੱਤ ਹੈ ਕਿ ਉਨ੍ਹਾਂ ਜੱਥੇਬੰਦੀਆਂ ਦੇ ਮੈਂਬਰ ਵੀ ਮੋਰਚੇ ਦੇ ਉਮੀਦਵਾਰਾਂ ਨੂੰ ਹੀ ਆਪਣੀਆਂ ਵੋਟਾਂ ਪਾਉਣਗ, ਕਿਉਂਕਿ ਉਹ ਬੀ.ਜੇ.ਪੀ. ਜਾਂ ਹੋਰ ਰਵਾਇਤੀ ਪਾਰਟੀਆਂ ਦੇ ਹੱਕ ਵਿਚ ਕਦੇ ਨਹੀਂ ਨਹੀਂ ਭੁਗਤ ਸਕਦੇ। ਹਾਂ, ਇਹ ਜ਼ਰੂਰ ਹੋ ਸਕਦਾ ਹੈ ਕਿ ਉਨ੍ਹਾਂ ਵਿੱਚੋਂ ਕੁਝ ਆਪਣੀ ਵੋਟ ਕਿਸੇ ਨੂੰ ਵੀ ਨਾਂ ਪਾਉਣ।

ਸੰਯੁਕਤ ਸਮਾਜ ਮੋਰਚਾ ਜੋ ਕਿਸਾਨਾਂ ਤੋਂ ਇਲਾਵਾ ਸਮਾਜ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਣ ਦਾ ਦਾਅਵਾ ਕਰ ਰਿਹਾ ਹੈ, ਨੇ ਹੁਣ ਤੀਕ 100 ਦੇ ਲੱਗਭੱਗ ਸੀਟਾਂ ਉੱਪਰ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ ਅਤੇ ਉਨ੍ਹਾਂ ਦੀ ਸਹਿਯੋਗੀ ਪਾਰਟੀ ਹਰਿਆਣੇ ਦੇ ਲੀਡਰ ਗੁਰਨਾਮ ਸਿੰਘ ਚੰਡੂਨੀ ਨੇ ਵੀ 10 ਸੀਟਾਂ ਤੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਤਰ੍ਹਾਂ ਹੁਣ ਇਸ ਗੱਠਜੋੜ ਵੱਲੋਂ ਹੁਣ ਕੁਝ ਕੁ ਸੀਟਾਂ ਉੱਪਰ ਹੀ ਆਪਣੇ ਉਮੀਦਵਾਰ ਐਲਾਨਣੇ ਬਾਕੀ ਹਨ। ਚੋਣ ਕਮਿਸ਼ਨ ਵੱਲੋਂ ਇਸ ਮੋਰਚੇ ਵੱਲੋਂ ਰਜਿਸਟ੍ਰੇਸ਼ਨ ਲਈ ਦਿੱਤੀ ਗਈ ਅਰਜ਼ੀ ਵਿਚ ਕੇਝ ਇਤਰਾਜ਼ ਲਗਾਏ ਗਏ ਹਨ ਜਿਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੇਕਰ ਇਹ ਦੂਰ ਹੋ ਜਾਂਦੇ ਹਨ ਤਾਂ ਇਸ ਮੋਰਚੇ ਨੂੰ ਆਪਣਾ ਮਨ-ਭਾਉਂਦਾ ਚੋਣ-ਨਿਸ਼ਾਨ 'ਟਰੈਕਟਰ' ਵੀ ਮਿਲ ਸਕਦਾ ਹੈ ਪਰ ਚੰਡੂਨੀ ਸਾਹਿਬ ਦੀ ਪਾਰਟੀ ਦਾ ਚੋਣ-ਨਿਸ਼ਾਨ ਇਸ ਦੇ ਨਾਲੋਂ ਵੱਖਰਾ ਹੋਵ-ੇਗਾ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਕਿਸਾਨਾਂ ਦੀਆਂ ਇਹ ਦੋਵੇ ਪਾਰਟੀਆਂ ਪਹਿਲੀ ਵਾਰ ਚੋਣ-ਮੈਦਾਨ ਵਿਚ ਆਈਆਂ ਹਨ ਅਤੇ ਇਨ੍ਹਾਂ ਨੂੰ ਚੋਣਾਂ ਲੜਨ ਦਾ ਤਜਰਬਾ ਨਹੀਂ ਹੈ ਦੋਹਾਂ ਪਾਰਟੀਆਂ ਵੱਲੋਂ ਆਪਣੇ ਉਮੀਦਵਾਰਾਂ ਦੇ ਹੱਕ ਵਿਚ ਚੋਣ ਪ੍ਰਚਾਰ ਸ਼ੁਰੂ ਕਰ ਦਿਤੱਾ ਗਿਆ ਹੈ।

ਓਧਰ ਕਰੋਨਾ ਦੇ ਨਵੇਂ ਸਰੂਪ 'ਓਮੀਕਰੋਨ' ਦੀ ਆਮਦ ਨਾਲ ਚੋਣ ਕਮਿਸ਼ਨ ਵੱਲੋਂ ਚੋਣ-ਰੈਲੀਆਂ ਉੱਪਰ 31 ਜਨਵਰੀ ਤੱਕ ਪਾਬੰਦੀ ਵਧਾ ਦਿੱਤੀ ਗਈ ਹੈ। ਚੋਣ ਪ੍ਰਚਾਰ ਲਈ ਉਮੀਦਵਾਰ ਆਪਣੇ ਚਾਰ ਹੋਰ ਸਹਿਯੋਗੀਆਂ ਪੰਜ-ਪੰਜ ਦੇ ਗਰੁੱਪਾਂ ਨਾਲ ਘਰੋ-ਘਰੀ ਵੋਟਾਂ ਕਹਿਣ ਲਈ ਜਾ ਹਰੇ ਹਨ। 25 ਜਨਵਰੀ ਨੂੰ ਆਰੰਭ ਹੋਣ ਵਾਲੀਆਂ ਨਾਮਜ਼ਦਗੀਆਂ ਲਈ ਵੀ ਉਮੀਦਵਾਰਾਂ ਨੂੰ ਕੇਵਲ ਦੋ ਗੱਡੀਆਂ ਉੱਪਰ ਹੀ ਆਪਣੇ ਸਹਿਯੋਗੀਆਂ ਨਾਲ ਆਉਣ ਲਈ ਕਿਹਾ ਗਿਆ ਹੈ ਅਤੇ ਉਹ ਪਹਿਲੀਆਂ ਚੋਣਾਂ ਵਾਂਗ ਇਸ ਵਾਰ ਗੱਡੀਆਂ ਦੇ ਵੱਡੇ ਕਾਫ਼ਲੇ ਵਿਚ ਆ ਕੇ ਆਪਣਾ ਸ਼ਕਤੀ-ਪ੍ਰਦਰਸ਼ਨ ਨਹੀਂ ਕਰ ਸਕਦੇ। ਕਰੋਨਾ ਦੇ ਮੌਜੂਦਾ ਹਾਲਾਤ ਨੂੰ ਮੁੱਖ ਰੱਖਦਿਆਂ ਹੋ ਸਕਦਾ ਹੈ ਕਿ ਇਹ ਪਾਬੰਦੀਆਂ ਚੋਣਾਂ ਦੇ ਅਗਲੇ ਦਿਨਾਂ ਵਿਚ ਵੀ ਜਾਰੀ ਰਹਿਣ ਅਤੇ ਇਹ ਵੀ ਹੋ ਸਕਦਾ ਹੈ ਕਿ ਉਮੀਦਵਾਰਾਂ ਨੂੰ ਆਪਣੇ ਪ੍ਰਚਾਰ ਲਈ ਥੋੜ੍ਹੀ ਜਿਹੀ ਢਿੱਲ ਵੀ ਮਿਲ ਜਾਏ, ਜਿਸ ਦੀ ਬਹੁਤੀ ਉਮੀਦ ਨਹੀਂ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਇਨ੍ਹਾਂ ਅਸੈਂਬਲੀ ਚੋਣਾਂ ਵਿਚ ਪ੍ਰਸਥਿਤੀਆਂ ਪਹਿਲਾਂ ਨਾਲੋਂ ਬਿਲਕੁਲ ਵੱਖਰੀਆਂ ਹਨ। ਪਹਿਲਾਂ ਚੋਣ-ਮੁਕਾਬਲੇ ਦੋ ਪਾਰਟੀਆਂ ਵਿਚ ਸਿੱਧੇ ਜਾਂ ਫਿਰ ਵੱਧ ਤੋਂ ਵੱਧ ਤਿਕੋਣੇ ਹੁੰਦੇ ਸਨ ਪਰ ਇਸ ਵਾਰ ਇਹ ਪੰਜ-ਕੋਣੇ ਤਾਂ ਹਰੇਕ ਵਿਧਾਨ ਸਭਾ ਸੀਟ ਉੱਪਰ ਹੋਣਗੇ ਹੀ ਹੋਣਗੇ। ਲੁਧਿਆਣੇ ਵਰਗੇ ਸ਼ਹਿਰ ਅਤੇ ਹੋਰ ਕਈ ਥਾਵਾਂ 'ਤੇ ਜਿੱਥੇ ਬੈਂਸ ਭਰਾਵਾਂ ਦੀ ਲੋਕ ਇਨਸਾਫ਼ ਪਾਰਟੀ ਵੀ ਚੋਣ ਲੜ ਰਹੀ ਹੈ, ਇਹ ਛੇ-ਕੋਣੇ ਵੀ ਹੋ ਸਕਦੇ ਹਨ। ਇਨ੍ਹਾਂ ਤੋਂ ਇਲਾਵਾ ਰਵਾਇਤੀ ਪਾਰਟੀਆਂ ਦੇ ਰੁੱਸੇ ਹੋਏ ਉਮੀਦਵਾਰ ਜੋ ਪਾਰਟੀ ਟਿਕਟਾਂ ਨਾ ਮਿਲਣ ਕਾਰਨ ਆਜ਼ਾਦ ਉਮੀਦਵਾਰਾਂ ਵਜੋਂ ਇਹ ਚੋਣ ਲੜ ਰਹੇ ਹਨ, ਇਸ ਚੋਣ ਨੂੰ ਹੋਰ ਬਹੁ-ਕੋਣੇ ਬਣਾ ਦੇਣਗੇ। ਇਸ ਲਈ ਪੰਜਾਬ ਦੇ ਸੂਝਵਾਨ ਵੋਟਰਾਂ ਨੂੰ ਅਪੀਲ ਹੈ ਕਿ ਉਹ ਇਸ ਵਾਰ ਬਹੁਤ ਸੋਚ ਸਮਝ ਕੇ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਸਹੀ, ਯੋਗ, ਇਮਾਨਦਾਰ ਅਤੇ ਮਿਹਨਤੀ ਉਮੀਦਵਾਰਾਂ ਨੂੰ ਵੋਟ ਪਾ ਕੇ ਉਨ੍ਹਾਂ ਨੂੰ ਅੱਗੇ ਲਿਆਉਣ ਅਤੇ ਪੰਜਾਬ ਦੀ ਰਾਜਸੀ ਵਾਗ-ਡੋਰ ਉਨ੍ਹਾਂ ਨੇਤਾਵਾਂ ਦੇ ਹੱਥ ਸੌਂਪਣ ਜੋ ਪੰਜਾਬ ਦੇ ਮੁੱਦੇ ਹੱਲ ਕਰਨ ਦੇ ਸਮਰੱਥ ਹੋਣ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*.
Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਯਾਦਾਂ: ਦੇਵ ਥਰੀਕੇ ਵਾਲਾ



ਅਜੇ ਪਰਸੋਂ-ਚੌਥ ਦੀ ਗੱਲ ਹੈ, ਲੈਪਟਾਪ ਫੋਲ ਰਿਹਾ ਸਾਂ, ਬਾਪੂ ਦੇਵ ਥਰੀਕੇ ਵਾਲੇ ਨਾਲ ਕਈ ਫੋਟੋਆਂ ਮੂਹਰੇ ਆਈਆਂ ਤੇ ਲੋਪ ਹੋ ਗਈਆਂ। ਮਨ ਬਣਾਇਆ ਕਿ ਅਗਲੇ ਹਫਤੇ ਲੁਧਿਆਣੇ ਗੇੜੀ ਤੇ ਬਾਪੂ ਦੇਵ ਦੇ ਦਰਸ਼ਨ ਕਰਾਂਗੇ। ਅੱਜਕੱਲ੍ਹ ਸਤੀਸ਼ ਗੁਲਾਟੀ ਵੀ ਕੈਨੇਡਾ ਤੋਂ ਵਾਪਸ ਆ ਗਿਆ ਹੈ, ਸਤੀਸ਼ ਨਾਲ ਉਹਦੀ ਕਾਰ ਵਿੱਚ ਚਲਾ ਜਾਵਾਂਗਾ। ਸਤੀਸ਼ ਗੁਲਾਟੀ ਦੇਵ ਥਰੀਕਿਆਂ ਵਾਲੇ ਦਾ ਗੁਆਂਢੀ ਹੈ ਤੇ ਦੇਵ ਨੇ ਹੀ ਉਹਨੂੰ ਆਪਣੇ ਨੇੜੇ ਥਰੀਕੇ ਪਿੰਡ ਵਿੱਚ ਘਰ ਲੱਭ ਕੇ ਦਿੱਤਾ ਸੀ। ਮੈਂ ਅਤੇ ਨਿਰਮਲ ਜੌੜਾ ਨੇ ਦੇਵ ਥਰੀਕਿਆਂ ਵਾਲੇ ਨੂੰ ਅੰਕਲ ਕਹਿ ਕੇ ਕਦੇ ਨਹੀਂ ਸੀ ਬੁਲਾਇਆ, ਬਾਪੂ ਹੀ ਆਖਦੇ ਸਾਂ। ਹੋਰ ਵੀ ਬਥੇਰੇ ਉਹਨੂੰ ਬਾਪੂ ਆਖਦੇ ਸਨ, ਮਾਣਕ ਵੀ ਬਾਪੂ ਹੀ ਕਹਿੰਦਾ ਹੁੰਦਾ ਸੀ। ਉਹ ਲੋਕ ਗਾਥਾਵਾਂ, ਗੀਤਾਂ ਤੇ ਕਲੀਆਂ ਦਾ ਬਾਪੂ ਹੀ ਸੀ।

ਕੁਝ ਦਿਨ ਪਹਿਲਾਂ ਸਤੀਸ਼ ਗੁਲਾਟੀ ਵੱਲੋਂ ਭੇਜਿਆ, ਆਪਣੀਆਂ ਚਿੱਠੀਆਂ ਵਾਲੇ ਖਰੜੇ ਦੇ ਪਰੂਫ ਪੜ੍ਹ ਰਿਹਾ ਸਾਂ ਤਾਂ ਦੇਵ ਬਾਪੂ ਦੀਆਂ ਮੋਹ ਭਿੱਜੀਆਂ ਹਾਕਾਂ ਮਾਰਦੀਆਂ ਚਾਰ ਚਿੱਠੀਆਂ ਥਿਆਈਆਂ। ਉਹ ਚਿੱਠੀਆਂ ਦੇਖ ਰਿਹਾਂ ...ਤੇਰੀ ਮੋਤੀਆਂ ਜਿਹੀ ਲਿਖਾਈ। ਵਾਹ ਓ ਬਾਪੂ! ਤੇਰੇ ਆਖਰੀ ਦੀਦਾਰੇ ਵੀ ਮੇਰੇ ਭਾਗਾਂ ਵਿੱਚ ਨਹੀਂ। ਪਿੰਡ ਬੈਠਾ ਅੱਖਾਂ ਭਰ ਰਿਹਾਂ। ਤੈਨੂੰ ਭਰੇ ਮਨ ਨਾਲ ਚੇਤੇ ਕਰ ਰਿਹਾਂ। ਫਿਰ ਕਦ ਫੇਰਾ ਪਾਵੇਂਗਾ ਪੰਜਾਬੀ ਗੀਤਾਂ ਦੇ ਸਰਵਣ ਪੁੱਤਰਾ? ਕਦ ਲਿਖੇਂਗਾ: 'ਛੇਤੀ ਕਰ ਸਰਵਣ ਪੁੱਤਰਾ, ਪਾਣੀ ਪਿਲਾ ਦੇ ਓਏ' ਅਤੇ ਕਦ ਲਿਖੇਂਗਾ: 'ਮਾਂ ਹੁੰਦੀ ਏ ਮਾਂ ਓ ਦੁਨੀਆ ਵਾਲਿਓ' ਜਿਹੇ ਪਿਆਰੇ ਗੀਤ? ਪੁਰਾਣੇ ਗੀਤਕਾਰਾਂ ਵਿੱਚੋਂ ਜਦ ਇੰਦਰਜੀਤ ਹਸਨਪੁਰੀ ਤੁਰਿਆ ਸੀ ਤਾਂ ਪੰਜਾਬੀ ਗੀਤਕਾਰੀ ਦੇ ਸਰੋਵਰ ਦਾ ਕੰਢਾ ਖੁਰਿਆ ਸੀ, ਤੇ ਅੱਜ ਦੇਵ ਥਰੀਕਿਆਂ ਵਾਲੇ ਦੇ ਤੁਰ ਜਾਣ ਨਾਲ ਗੀਤਾਂ ਦਾ ਸਰੋਵਰ ਖਾਮੋਸ਼ ਹੋ ਗਿਆ, ਸਹਿਮ ਗਿਆ ਤੇ ਲੈ ਦੇ ਕੇ ਪੁਰ-ਾਣਿਆ ਵਿੱਚੋਂ ਬਾਬੂ ਸਿੰਘ ਮਾਨ ਮਰਾੜਾਂ ਵਾਲਾ ਸਾਡੇ ਕੋਲ ਬਾਕੀ ਹੈ।

ਦੇਵ ਥਰੀਕਿਆਂ ਵਾਲੇ ਦੇ ਅਨੇਕਾਂ ਗੀਤ ਹਨ, ਜਿਹੜੇ ਲੋਕਾਂ ਦੀ ਜ਼ੁਬਾਨ ਉੱਤੇ ਚੜ੍ਹੇ ਰਹੇ। ਇਨ੍ਹਾਂ ਵਿੱਚੋਂ ਕੁਝ ਕੁ ਹਨ: 'ਤੇਰੇ ਟਿੱਲੇ ਤੋਂ ਸੂਰਤ ਦੀਹਦੀ ਆ ਹੀਰ ਦੀ', 'ਕੌਣ ਪ੍ਰਾਹੁਣਾ ਆਇਆ', 'ਦੁੱਲਿਆ ਵੇ ਟੋਕਰਾ ਚੁਕਾਈਂ ਆਣ ਕੇ', 'ਚਿੱਠੀਆਂ ਸਾਹਿਬਾਂ ਜੱਟੀ ਨੇ', 'ਤੇਰੀ ਆਂ ਮੈਂ ਤੇਰੀ ਰਾਂਝਾ', 'ਰਾਣੀ ਸੁੰਦਰਾਂ ਕਰੇ ਅਰਜ਼ੋਈ'। ਦੇਵ ਥਰੀਕਿਆਂ ਵਾਲੇ ਨਾਲ ਮੇਰੀ ਪਹਿਲੀ ਮੁਲਾਕਾਤ 1990 ਵਿੱਚ ਜਗਦੇਵ ਸਿੰਘ ਜੱਸੋਵਾਲ ਨੇ ਸਾਡੇ ਗੁਆਂਢੀ ਗੋਲੇਵਾਲੇ ਉਸਤਾਦ ਲਾਲ ਚੰਦ ਯਮਲਾ ਜੀ ਦਾ ਬੁੱਤ ਲਵਾਉਣ ਵੇਲੇ ਕਰਵਾਈ ਸੀ। ਸੰਤ ਸਿੰਘ ਸੇਖੋਂ ਵੀ ਆਏ। ਜਸਵੰਤ ਸਿੰਘ ਕੰਵਲ, ਇੰਦਰਜੀਤ ਹਸਨਪੁਰੀ, ਹਰਦੇਵ ਦਿਲਗੀਰ। ਬੱਸ, ਉਦਣ ਤੋਂ ਅੱਜ ਤੱਕ ਲਗਾਤਾਰ, ਬਾਪੂ ਦੇਵ ਦੇ ਸੰਪਰਕ ਵਿੱਚ ਰਿਹਾ ਹਾਂ।


ਦੇਵ ਥਰੀਕਿਆਂ ਵਾਲਾ ਹਰਦੇਵ ਦਿਲਗੀਰ ਦੇ ਨਾਂਅ ਹੇਠ ਬਾਲ ਸਾਹਿਤ ਲਿਖ ਲਿਖ ਅਖਬਾਰਾਂ ਵਿੱਚ ਛਪਵਾਉਂਦਾ ਰਿਹਾ। ਕਿਤਾਬਾਂ ਦੇ ਢੇਰ ਉਹਦੇ ਕਮਰੇ ਵਿੱਚ ਹਮੇਸ਼ਾ ਲੱਗੇ ਰਹੇ। ਅੱਖਾਂ ਦਾ ਆਪਰੇਸ਼ਨ ਕਰਵਾ ਕੇ ਵੀ ਪੜ੍ਹਨੋਂ-ਲਿਖਣੋਂ ਪ੍ਰਹੇਜ਼ ਨਾ ਕਰਦਾ। ਮੰਗਵਾ ਮੰਗਵਾ ਅਤੇ ਲੱਭ ਲੱਭ ਕੇ ਕਿਤਾਬਾਂ ਪੜ੍ਹਨੀਆਂ ਦੇਵ ਦਾ ਬਚਪਨ ਦਾ ਭੁਸ ਸੀ। ਦਸ ਕੁ ਸਾਲ ਹੋਏ, ਇੱਕ ਦਿਨ ਕਹਿੰਦਾ, "ਪੁੱਤਰਾ, ਮੈਂ ਬਲਵੰਤ ਗਾਰਗੀ ਦੀ ਵਾਰਤਕ ਦਾ ਸ਼ੈਦਾਈ ਆਂ, ਜੇ ਅੱਜ ਉਹ ਜਿਊਂਦਾ ਹੁੰਦਾ ਤਾਂ ਮੈਂ ਉਹਦੇ ਕੋਲ ਜਾ ਕੇ ਜ਼ਰੂਰ ਕਹਿੰਦਾ ਕਿ ਮੇਰੇ ਬਾਰੇ ਵੀ ਰੌਚਕ ਲੰਮਾ ਰੇਖਾ ਚਿੱਤਰ ਲਿਖ ਦੇ ਯਾਰ ਗਾਰਗੀ, ਪਰ ਗਾਰਗੀ ਹੈ ਨਹੀਂ। ਪੁੱਤਰਾ, ਤੂੰ ਲਿਖਦੇ ਬੁੜ੍ਹੇ ਬਾਰੇ ਲੰਮਾ ਰੇਖਾ ਚਿੱਤਰ। ਆਹ ਦੇਖ ਰੱਖੀ ਹੋਈ ਆ ਸਿਰਹਾਣੇ ਗਾਰਗੀ ਦੀ 'ਸ਼ਰਬਤ ਦੀਆਂ ਘੁੱਟਾਂ'।" ਮੈਂ ਹੱਸ ਕੇ ਟਾਲ ਜਿਹਾ ਦਿੱਤਾ। ਅਸਲ ਵਿੱਚ ਬਾਪੂ ਮੇਰੀ ਕਲਮ ਦੀ ਪਕੜ ਵਿੱਚ ਨਹੀਂ ਸੀ ਆ ਰਿਹਾ। ਰੇਖਾ ਚਿੱਤਰ ਲਿਖਣ ਲਈ ਕਿਸੇ ਦੀ ਸ਼ਖਸੀਅਤ ਦਾ ਭੋਰਾ ਖਚਰਾ ਕਚਰਾ ਲੱਭੇ! ਜਦ ਬਾਪੂ ਮਿਲਦਾ, ਉਲਾਂਭਾ ਪੈਰ ਉੱਤੇ ਪਿਆ ਹੁੰਦਾ, "ਓ ਲਿਖ ਦੇ ਪਤੰਦਰਾ ਰੇਖਾ ਚਿੱਤਰ! ਯਾਰ ਗੁਲਾਟੀ, ਤੂੰ ਕਰ ਸਿਫਾਰਸ਼, ਤੇਰੀ ਨੀ ਮੋੜਦਾ ਏਹੇ, ਫਿਰ ਏਹੇ ਮਰੇ ਉਤੇ ਲਿਖੂਗਾ।"

ਖੈਰ! ਲਿਖਿਆ ਗਿਆ ਬਾਪੂ ਬਾਰੇ। ਬੜੇ ਥਾਂਈ ਛਪਿਆ। ਲੋਕਾਂ ਨੇ ਪਸੰਦ ਕੀਤਾ। ਬਾਪੂ ਬੜਾ ਖੁਸ਼ ਸੀ। ਬਾਪੂ ਦੀ ਚਾਹਤ ਸੀ ਕਿ ਨਿੰਦਰ ਤੇ ਜੌੜਾ ਉਹਦੇ ਬਾਰੇ ਸਾਂਝੀ ਕਿਤਾਬ ਲਿਖਣ। ਜੌੜਾ ਨੇ ਲੋਕਾਂ ਤੋਂ ਲੇਖ ਇਕੱਠੇ ਕਰ ਕੇ ਕਿਤਾਬ ਛਾਪ ਦਿੱਤੀ, ਮੇਰਾ ਵੀ ਛੋਟਾ ਲੇਖ ਸ਼ਾਮਲ ਸੀ, ਪਰ ਦੇਵ ਥਰੀਕੇ ਵਾਲੇ ਦੇ ਗੀਤਾਂ ਦਾ ਲੇਖਾ ਜੋਖਾ ਤੇ ਉਸ ਦੀ ਸ਼ਖਸੀਅਤ ਬਾਰੇ ਲਿਖਣਾ ਕਾਫੀ ਕੁਝ ਪਰੇ ਰਹਿ ਗਿਆ। ਮੈਂ ਤੇ ਜੌੜਾ ਪੂਰਾ ਕੰਮ ਕਰਨ ਦੀਆਂ ਸਲਾਹਾਂ ਕਰਦੇ ਰਹਿ ਗਏ, ਸਮਾਂ ਮੀਤ ਨਾ ਬਣਿਆ, ਜਾਂ ਫਿਰ ਅਸੀਂ ਸਮੇਂ ਦੇ ਹਾਣੀ ਨਾ ਹੋ ਸਕੇ।

ਮੈਨੂੰ ਚੇਤੇ ਹੈ, ਦੇਰ ਦੀ ਗੱਲ ਐ, ਮੇਰੀ ਰਚਨਾ 'ਜੱਜ ਦਾ ਅਰਦਲੀ' ਪੜ੍ਹ ਕੇ ਬਾਪੂ ਦੇਵ ਨੇ ਲੰਮੀ ਚਿੱਠੀ ਲਿਖੀ ਸੀ। ਉਹ ਅਕਸਰ ਪੋਸਟ ਕਾਰਡ ਲਿਖਦੇ ਸੀ, ਜੋ ਮੇਰੇ ਕੋਲ ਸਾਂਭੇ ਪਏ ਨੇ। ਜਦ ਮੈਂ ਕਰਨੈਲ ਸਿੰਘ ਪਾਰਸ, ਉਸਤਾਦ ਯਮਲਾ ਜੱਟ, ਜਗਦੇਵ ਸਿੰਘ ਜੱਸੋਵਾਲ, ਹੰਸ ਰਾਜ ਹੰਸ ਤੇ ਹੋਰਾਂ ਬਾਰੇ ਆਪਣੀਆਂ ਪੁਸਤਕਾਂ ਛਪਵਾਈਆਂ, ਤਦ ਬਾਪੂ ਦੇਵ ਨੇ ਇਨ੍ਹਾਂ ਹਸਤੀਆਂ ਬਾਰੇ ਆਪਣੀਆਂ ਮਿੱਠੀਆਂ ਯਾਦਾਂ ਕਲਮਬਧ ਕਰ ਕੇ ਡਾਕ ਰਾਹੀਂ ਭੇਜੀਆਂ। ਇੱਕ ਥਾਂ ਉਸ ਨੇ ਲਿਖਿਆ ਕਿ ਉਹ ਪਹਿਲੀ ਵਾਰੀ ਗੀਤਾਂ ਦੀ ਕਾਪੀ ਚੁੱਕ ਕੇ ਯਮਲਾ ਜੀ ਕੋਲ ਗਿਆ ਤਾਂ ਉਨ੍ਹਾਂ ਅਗਾਂਹ ਨਰਿੰਦਰ ਬੀਬਾ ਕੋਲ ਘੱਲ ਦਿੱਤਾ ਸੀ। ਬੀਬੀ ਨੇ ਗੀਤ ਰਿਕਾਰਡ ਕਰਵਾਇਆ। ਫਿਰ ਮਾਣਕ ਨਾਲ ਮੇਲ ਈਸਾਪੁਰ ਵਾਲੇ ਮਾਸਟਰ ਜੀ ਨੇ ਕਰਵਾ ਦਿੱਤਾ। ਬੱਸ ਫਿਰ ਤਾਂ ਦੇਵ ਦੇਵ ਹੋਗੀ ਚਾਰੇ ਪਾਸੇ। ਅੱਜ ਉਹਦੇ ਜਗਤ ਉਤੋਂ ਤੁਰਨ ਵੇਲੇ ਵੀ ਦੇਵ ਦੇਵ ਹੋ ਰਹੀ ਹੈ, ਪਰ ਅੱਜ ਪੰਜਾਬ ਦਾ ਗੀਤ ਉਦਾਸ ਹੋ ਗਿਆ ਹੈ।

*-ਨਿੰਦਰ ਘੁਗਿਆਣਵੀ*

# ਫੇਰ ਵੇਖਿਓ ਕਿਹੜੇ ਭਾਅ ਵਿਕਦੀ ਐ!



-ਪ੍ਰਿੰ. ਸਰਵਣ ਸਿੰਘ-

## ਚਾਚਾ ਚਕਰੀਆ

ਕਿਸੇ ਅਮਲੀ ਦੀ ਡੱਬੀ 'ਚੋਂ ਰੱਤੀ-ਮਾਸਾਫੀਮ ਫੜੀ ਜਾਵੇ ਤਾਂਉਸ ਨੂੰ ਮੂਧਾ ਪਾ ਲਿਆ ਜਾਂਦੈ। ਖੁੱਚਾਂ 'ਚ 'ਜੈ ਹਿੰਦ' ਲਾ ਕੇ ਲੇਰਾਂ ਕਢਾਅ ਦਿੱਤੀਆਂ ਜਾਂਦੀਆਂ। ਠਾਣੇ 'ਚ ਪੈਂਦਾ ਰਿੰਗਾਟ ਬਾਹਰ ਤਕ ਸੁਣਦੈ। ਫਿਰ ਉਹਦੀਆਂ ਰਗਾਂ 'ਚੋਂ ਰੱਤੀ-ਮਾਸਾ ਫੀਮ ਕੱਢਦਿਆਂ ਉਹਦੇ ਸਿਰ ਕਿੱਲੋਦੋ ਕਿੱਲੋ ਫੀਮ ਪਾ ਦਿੱਤੀ ਜਾਂਦੀ ਐ।ਪਰ ਕਿਸੇ ਸਿਆਸੀਨੇਤਾ ਦੀ ਕਾਰ'ਚ ਕੁਇੰਟਲ ਫੀਮ ਲੱਦੀ ਹੋਵੇ ਜਾਂ ਪੂਰਾ ਟਰੱਕ ਹੀ ਡੋਡਿਆਂ ਦਾ ਭਰਿਆ ਹੋਵੇ ਤਾਂ ਕੋਈ ਹੱਥ ਨਹੀਂ ਪਾਉਂਦਾ। ਉਲਟਾ ਠਾਣੇ ਵਾਲੇ ਫੀਮ ਡੋਡਿਆਂ ਤੇ ਚਿੱਟੇ ਬਗੈਰਾ ਦੇ ਵੱਡੇਸਮੱਗਲਰਾਂ ਦੀ ਆਉਭਗਤ ਠਾਠਬਾਠ ਨਾਲ ਕਰਦੇ ਹਨ। ਮਜਬੂਰੀ 'ਚਕੇਸ ਪਾਉਣਾ ਪਵੇ ਤਾਂ ਗ੍ਰਿਫ਼ਤਾਰ ਕਰਨ ਦੀ ਥਾਂ ਨੇਤਾ ਨੂੰ ਖੁੱਲ੍ਹਾ ਛੱਡੀਰੱਖਦੇ ਹਨ ਤੇ ਖ਼ਬਰਾਂ ਲੁਆ ਦਿੰਦੇ ਹਨ ਕਿ 'ਲੁੱਕ ਆਊਟ' ਦਾ ਨੋਟਿਸ ਕੱਢ ਦਿੱਤੈ ਤਾਂ ਜੋ 'ਭਗੌੜਾ' ਵਿਦੇਸ਼ ਨਾ ਭੱਜ ਸਕੇ। ਵਿਦੇਸ਼ ਭੱਜ ਨਾਲ ਉਨ੍ਹਾਂ ਦਾ 'ਮਹੀਨਾ' ਜੁ ਮਰ ਜਾਣਾ ਹੋਇਆ!

ਮੱਝ-ਗਾਂ, ਫਸਲ ਜਾਂ ਕਮਾਊ ਜੀਅ ਦੇ ਮਰ ਜਾਣ 'ਤੇ ਜਿਹੜਾ ਕਿਸਾਨ ਕਰਜ਼ੇ ਦੀ ਕਿਸ਼ਤ ਨਾ ਮੋੜ ਸਕੇ ਬੈਂਕਾਂ ਵਾਲੇ ਉਹਦੇ ਮਗਰ ਪੁਲਿਸ ਲਾ ਦਿੰਦੇ ਨੇ। ਉਹ ਤੂੜੀ ਵਾਲੇ ਅੰਦਰਜਾਂ ਕਮਾਦਾਂ 'ਚ ਲੁਕ ਕੇ ਬਚਦਾ। ਦੂਜੇ ਬੰਨੇ ਸਰਕਾਰੀ ਅਦਾਰਿਆਂ ਨੂੰ ਲੱਖਾਂ ਕਰੋੜਾਂ ਦਾ ਥੁੱਕ ਲਾਉਣ ਵਾਲੇ ਭੱਦਰ ਪੁਰਸ਼ ਸਟੇਜਾਂ 'ਤੇ ਹਾਰ ਪੁਆਉਂਦੇ ਧੂੰਏਂਧਾਰ ਭਾਸ਼ਨ ਝਾੜਦੇਹਨ। ਉਹ ਕਰੋੜਾਂ ਦੇ ਸਰਕਾਰੀ ਕਰਜ਼ੇ ਦੱਬ ਕੇ ਵੀ 'ਭੱਦਰ ਪੁਰਸ਼' ਬਣੇ ਰਹਿੰਦੇ ਹਨ!

ਕਈ ਸਾਲ ਪਹਿਲਾਂਖ਼ਬਰਾਂ ਛਪੀਆਂਸਨ ਕਿ ਕੁਝ ਭੱਦਰ ਪੁਰਸ਼ਾਂ ਨੇ ਪੰਜਾਬ ਸਟੇਟ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਦਾ 1050 ਕਰੋੜ ਰੁਪਏ ਦਾ ਕਰਜ਼ਾ ਦੱਬਿਆ ਹੋਇਐ। ਅਖ਼ਬਾਰਾਂ ਨੇ ਸੌ ਤੋਂ ਵੱਧ'ਅਮੀਰ' ਡਿਫਾਲਟਰਾਂ ਦੀ ਸੂਚੀ ਵੀ ਛਾਪੀ ਸੀ। ਕੀ ਉਨ੍ਹਾਂ ਤੋਂ ਕਰਜ਼ਾਉਗਰਾਹ ਲਿਆ? ਜੇ ਉਗਰਾਹ ਲਿਐ ਤਾਂ ਜਨਤਕ ਕਰੋ। ਇਹ ਵੀ ਦੱਸ ਦਿਓ ਕਿਹੋਰਨਾਂ ਤੋਂ ਉਗਰਾਹੁਣ ਵਾਲਾਕਿੰਨਾ ਰਹਿੰਦਾ ਤੇ ਹੋਰ ਕਿੰਨਾ ਚੜ੍ਹ ਗਿਐ?

ਭਾਰਤ ਦੇ ਸਭ ਤੋਂ ਅਮੀਰ ਸੌ ਕੁ ਭੱਦਰ ਪੁਰਸ਼ਾਂ ਤੋਂ ਕਰਜ਼ਾ ਉਗਰਾਹਣ ਨਾਲ ਹੀ ਦੇਸ਼ ਦੇ ਲੱਖਾਂ ਕਰੋੜਾਂਕਿਸਾਨਾਂ ਮਜਦੂਰਾਂ ਦੀ ਕਰਜ਼ਾ ਮੁਕਤੀ ਹੋ ਸਕਦੀ ਹੈ ਤੇ ਉਹ ਖੁਦਕੁਸ਼ੀਆਂ ਕਰਨੋ ਬਚ ਸਕਦੇ ਹਨ।ਕੱਖਾਂ ਦੀ ਚੋਰੀ ਨਾਲੋਂ ਲੱਖਾਂ ਦੀ ਚੋਰੀ ਪਹਿਲਾਂ ਕਢਾਉਣੀ ਬਣਦੀ ਹੈ।ਠਾਣੇ ਦਾ 'ਜੈ ਹਿੰਦ' ਪਹਿਲਾਂ ਉਨ੍ਹਾਂ 'ਤੇ ਈ ਫਿਰਨਾ ਚਾਹੀਦੈ।

ਭ੍ਰਿਸ਼ਟਾਚਾਰ ਹਵਾ ਵਿਚ ਨਹੀਂ ਪੈਦਾ ਹੁੰਦਾ।ਚੋਣਾਂ ਸਮੇਂ ਟਿਕਟਾਂ ਲੈਣ ਦੇਣ ਲਈ ਪਾਰਟੀ ਫੰਡ ਲੈਣਾ ਦੇਣਾ, ਚੋਣਾਂਬਹਾਨੇ ਸਾਮੀਆਂ ਤੋਂਚੰਦਾ ਲੈਣਾ, ਵੋਟਾਂ ਵਟੋਰਨ ਲਈ ਨੋਟ ਵੰਡਣੇ ਤੇ ਨਸ਼ਿਆਂ ਦੇ ਭੰਡਾਰੇ ਲਾਉਣੇ,ਜੇਤੂਆਂ ਦੇ ਮਾਣ ਸਨਮਾਨ ਬਹਾਨੇ ਤੋਹਫ਼ਿਆਂ ਨਾਲ ਘਰ ਭਰ ਦੇਣੇਅਤੇ ਦਿਨ ਤਿਉਹਾਰ 'ਤੇ ਗਿਫ਼ਟ ਦੇਣੇ ਵੀ ਭ੍ਰਿਸ਼ਟਾਚਾਰ ਦੇ ਹੀ ਵੱਖੋ ਵੱਖਰੇ ਰੂਪ ਹਨ। ਉਤਾਂਹ ਤੋਂ 'ਠਾਂਹ ਤਕ ਵੱਢੀ ਹੀ ਵੱਢੀ ਲੈ ਬੈਠੀ ਹੈ ਆਮ ਲੋਕਾਂ ਨੂੰ! ਆਹ ਜਿਹੜੇ ਕਰੋੜਾਂ ਦੇ ਨੋਟ ਰੇਤੇ ਦੀਆਂ ਖੱਡਾਂ 'ਚੋਂ ਫੜੇ ਹਨ, ਭਲਾ ਕੀਹਦੇ ਹੋਣਗੇ ਤੇ ਕਿਥੇ ਵਰਤੇ ਜਾਣਗੇ?

ਕਈ ਕਹਿ ਦਿੰਦੇ ਹਨ, ਅਸੀਂਤਾਂ ਜੀ ਨਾ ਵੱਢੀ ਦਿੰਦੇ ਹਾਂ, ਨਾ ਲੈਂਦੇ ਹਾਂ।ਸਾਨੂੰ ਕੀ? ਇਹ ਵੀ ਭ੍ਰਿਸ਼ਟਾਚਾਰ ਨੂੰ ਹਵਾਦੇਣੀਹੀ ਹੈ। ਜਿਵੇਂ ਸਾਰੇ ਜੀਵ ਜੰਤੂ ਤੇ ਪੇੜ ਪੌਦੇ ਇਕੋ ਜਿਹੇ ਨਹੀਂ ਹੁੰਦੇ ਉਵੇਂ ਸਾਰੇ ਮਨੁੱਖ ਵੀ ਇਕੋ ਜਿਹੇ ਨਹੀਂ ਹੁੰਦੇ। ਸੌ 'ਚੋਂ ਪੰਜ ਦਸ ਬੜੇਚੰਗੇ ਹੁੰਦੇ ਹਨ, ਪੰਜ ਦਸਬੜੇ ਮਾੜੇ। ਵਿਚਕਾਰਲੇ ਅੱਸੀ ਨੱਬੇ ਫੀਸਦੀ ਤਾਂ ਚੰਗੇ ਜਾਂ ਮਾੜਿਆਂ ਦੇ ਮਗਰ ਲੱਗਣ ਵਾਲੇਹੀ ਹੁੰਦੇ ਹਨ। ਜੇਕਰ ਉਹ ਚੰਗਿਆਂ ਮਗਰ ਲੱਗ ਜਾਣ ਤਾਂ ਸਤਿਯੁਗ ਆ ਜਾਂਦੈ।ਜੇ ਮਾੜਿਆਂ ਮਗਰ ਲੱਗੇ ਰਹਿਣ ਤਾਂ ਕਲਯੁਗ ਵਰਤਦਾ ਰਹਿੰਦੈ। ਇਸ ਲਈ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟਣ ਲਈ'ਸਾਨੂੰ ਕੀ' ਕਹਿਣ ਵਾਲੇ ਨੱਬੇ ਫੀਸਦੀ ਲੋਕਾਂ ਦਾਸੰਘਰਸ਼ੀ ਹੋਣਾਜ਼ਰੂਰੀ ਹੈ। ਉਹ ਅੱਖਾਂ ਮੀਚ ਕੇ 'ਹੋਊ ਪਰ੍ਹੇ' ਨਾਕਹੀ ਜਾਣ। ਕਰਮਚਾਰੀਆਂ, ਕਿਸਾਨਾਂਤੇ ਮਜਦੂਰਾਂ ਦੀਆਂ ਯੂਨੀਅਨਾਂ ਦੇ ਜਥੇ ਤਸੀਲਾਂ, ਠਾਣਿਆਂ ਤੇ ਹੋਰਨਾਂ ਦਫਤਰਾਂ ਦੇ ਦਰਾਂ ਮੂਹਰੇ ਪਹਿਰੇ ਦੇਣ ਤੇ ਕਿਸੇ ਨੂੰ ਵੱਢੀ ਨਾ ਲੈਣ ਦੇਣ। ਜਿਹੜਾ ਵੱਢੀ ਲਵੇ ਦੇਵੇ ਉਹਦਾ ਉਥੇ ਹੀ ਪਿੱਟ ਸਿਆਪਾ ਕਰਨ ਤਾਂ ਜੋ ਵੱਢੀ ਲੈਣ ਵਾਲਾ ਵੱਢੀ ਲੈ ਨਾ ਸਕੇ।

ਚੋਣਾਂ ਹੋ ਰਹੀਆਂ ਹਨ। ਗੱਲ ਕਿਸੇ ਰਾਜਸੀ ਪਾਰਟੀ ਦੀ ਨਹੀਂ ਕਿ ਇਕ ਚੰਗੀ ਹੈ, ਦੂਜੀ ਮਾੜੀ। ਵੱਖੋ ਵੱਖ ਪਾਰਟੀਆਂ ਦੀਆਂ ਟਿਕਟਾਂ ਲੈਣ ਤੇ ਚੋਣਾਂ ਲੜਨ ਵਾਲੇ ਬਥੇਰੇ ਨੇਤਾ ਹਨ ਜੋ ਢਿੱਡੋਂ ਪੇਟੋਂ ਇਕ ਹਨ। ਇਕੋ ਪਾਰਟੀ ਵਿਚ ਵੀ ਇਹੋ ਜਿਹੇ ਨੇਤਾਵਾਂ ਦੀ ਘਾਟ ਨਹੀਂ ਜਿਹੜੇ ਇਕ ਦੂਜੇ ਨਾਲ ਖ਼ਾਰ ਖਾਂਦੇ ਹਨ। ਕਈ ਵਾਰ ਵਿਰੋਧੀ ਪਾਰਟੀਆਂ ਵਿਚਕਾਰ ਏਨਾ ਵਿਰੋਧ ਨਹੀਂ ਹੁੰਦਾ ਜਿੰਨਾ ਇਕੋ ਪਾਰਟੀ ਵਿਚਕਾਰ ਆਪਸ ਵਿਚ ਹੁੰਦੈ। ਬਹੁਤੇ ਵਿਰੋਧ, ਵੱਢੀ ਦਾ ਮਾਲ-ਮੱਤਾ ਘੱਟ-ਵੱਧ ਮਿਲਣ ਤੋਂ ਹੀ ਪੈਦਾ ਹੁੰਦੇ ਹਨ।

ਬਹੁਤੇ ਹਮ੍ਰਾਤੜ ਤੁਮ੍ਰਾਤੜਵੱਖ ਵੱਖ ਪਾਰਟੀਆਂ ਦੇ ਹਮਾਇਤੀ ਬਣ ਕੇ ਐਵੇਂ ਹੀ ਡਾਂਗਾਂ ਸੋਟੇ ਚੁੱਕੀ ਫਿਰਦੇ ਤੇ ਆਪੋ ਵਿਚ ਜੂਤ ਪਤਾਣ ਹੋਈ ਜਾਂਦੇ ਹਨ। ਚੋਣਾਂ ਤੋਂ ਅੱਗੋਂ ਪਿੱਛੋਂ ਪਤਾ ਲੱਗਹੀ ਜਾਂਦੈ ਕਿ 'ਵੱਡੇ ਬੰਦੇ' ਕਿਸੇ ਇੱਕੋ 'ਮਾਂ ਪਾਰਟੀ' ਨਾਲ ਹੀ ਨਹੀਂ ਬੱਝੇ ਹੁੰਦੇ। ਪੰਜਾਬ ਦੇ ਕਪਤਾਨਾਂ ਨੂੰ ਈ ਵੇਖ ਲਓ। ਵੱਡਿਆਂ ਬੰਦਿਆਂ ਦੀਆਂ ਵੱਡੀਆਂ ਜਾਇਦਾਦਾਂ, ਕਾਰਾਂ ਕੋਠੀਆਂ,ਹੋਟਲਾਂ, ਮਹੱਲਾਂ, ਕਾਰਖਾਨਿਆਂ,ਕਾਰੋਬਾਰਾਂ, ਲਾਕਰਾਂ ਤੇ ਬੈਂਕ ਬੈਲੈਂਸਾਂ ਵਿਚ ਜੇ ਪੂਰੀ ਚੌਕਸੀ ਨਾਲ ਕਰੋਲਾ ਦਿੱਤਾ ਜਾਵੇ ਤਾਂ ਪੰਜਾਬ ਦਾਖਾਲੀ ਖ਼ਜ਼ਾਨਾ ਮੁੜ ਮਾਲਾਮਾਲ ਹੋ ਸਕਦੈ। ਉਨ੍ਹਾਂ ਦਾ ਪੰਜਾਬ ਸਿਰ ਚਾੜ੍ਹਿਆਤਿੰਨ ਲੱਖ ਕਰੋੜ ਦਾ ਕਰਜ਼ਾ ਲਾਹੁਣਾ ਤਾਂ ਗੱਲ ਈ ਕਿਹੜੀ ਐ? ਗੱਲ ਤਾਂ ਚੋਰਾਂ-ਯਾਰਾਂ ਤੇ ਵਿਗੜੇ ਬੰਦਿਆਂ ਨੂੰ 'ਬੰਦੇ' ਬਣਾਉਣ ਦੀ ਹੈ।

ਚੋਣਾਂ ਲੜਨ ਵਾਲਿਓ! ਇਹ ਤਾਂ ਦੱਸੋ ਪਈ 'ਵੱਡਿਆਂਬੰਦਿਆਂ' ਦੀਆਂ ਬਣਾਈਆਂ ਨਾਜਾਇਜ਼ ਜਾਇਦਾਦਾਂ ਦਾ ਕੀ ਕਰੋਗੇ?ਜੇਲੋਕਾਂ ਦੀ 'ਸੇਵਾ' ਹੀ ਕਰਨੀ ਹੈ ਤਾਂ ਸੇਵਾਦਾਰਾਂ ਨੇ ਨਿੱਜੀ ਜਾਇਦਾਦਾਂ ਬਣਾ ਕੇਕੀ ਕਰਨੀਆਂ ਹਨ? ਲੋਕ ਸਭਾ ਤੇ ਵਿਧਾਨ ਸਭਾਵਾਂ ਵਿਚ ਕਾਨੂੰਨ ਬਣਾ ਦਿਓ ਕਿ ਜੀਹਨੇ 'ਰਾਜ ਨਹੀਂ ਸੇਵਾ'ਕਰਨ ਲਈ ਚੋਣ ਲੜਨੀ ਹੈ, ਉਹ ਆਪਣੇ ਗੁਜ਼ਾਰੇ ਜੋਗੀ ਪੂੰਜੀ ਰੱਖ ਕੇ ਬਾਕੀ ਚੱਲ ਅਚੱਲ ਜਾਇਦਾਦ ਸਰਕਾਰੀ ਖਜ਼ਾਨੇ 'ਚ ਜਮ੍ਹਾਂ ਕਰਾਵੇ। ਨਾਲ ਹਲਫੀਆਬਿਆਨਦੇਵੇ ਕਿ 'ਰਾਜ ਨਹੀਂ ਸੇਵਾ' ਦੌਰਾਨ ਕੌਡੀ ਭਰ ਵੀ ਹੋਰ ਜਾਇਦਾਦ ਨਾ ਆਪ ਬਣਾਵੇਗਾ ਨਾ ਨੇੜਲੇ ਰਿਸ਼ਤੇਦਾਰਾਂ ਨੂੰ ਬਣਾਉਣ ਦੇਵੇਗਾ। ਨਿੱਜੀ ਜਾਇਦਾਦਾਂਵਿਚ ਵਾਧਾ ਕਰੀ ਜਾਣਾ ਹੀ ਸਾਰੇ ਪੁਆੜਿਆਂ ਦੀ ਜੜ੍ਹ ਹੈ।ਜ਼ਮੀਨ ਦੀ ਹੱਦਬੰਦੀ ਦਾ ਕਾਨੂੰਨ ਤਾਂ 1972 ਵਿਚ ਹੀ ਬਣਾ ਦਿੱਤਾ ਗਿਆ ਸੀ ਕਿ ਕੋਈ ਬਾਲਗ ਕਿਸਾਨ ਸਾਢੇ ਸਤਾਰਾਂ ਏਕੜ ਤੋਂ ਵੱਧ ਸੇਂਜੂ ਜਾਂ ਪੰਜਾਹ ਏਕੜ ਤੋਂ ਵੱਧ ਬਰਾਨੀ ਜ਼ਮੀਨ ਨਹੀਂ ਰੱਖ ਸਕਦਾ।ਵੋਟਰ ਸੁਆਲ ਉਠਾਉਣ ਕਿ ਸ਼ਹਿਰੀ ਜਾਇਦਾਦਾਂ ਦੀ ਹੱਦਬੰਦੀ ਦਾ ਕਾਨੂੰਨ ਬਣਾਉਣਾ ਵੀ ਸਿਆਸੀ ਪਾਰਟੀਆਂ ਆਪਣੇ ਅਜੰਡੇ'ਤੇ ਪਾਉਣ। ਫੇਰ ਵੇਖਿਓ ਕਿਹੜੇ ਭਾਅ ਵਿਕਦੀ ਐ!

## ਰਸੋਈ ਡਰਾਈਫਰੂਟ ਦੀ ਪੰਜੀਰੀ



ਸਮੱਗਰੀ-20 ਗਰਾਮ ਗੌਂਦ, 20 ਗਰਾਮ ਬਾਦਾਮ, 20 ਗਰਾਮ ਚਿਰੌਂਜੀ, 20 ਗਰਾਮ ਕੱਦੂਕਸ ਕੀਤਾ ਹੋਇਆ ਨਾਰੀਅਲ, ਤੀਹ ਗਰਾਮ ਮਖਾਣੇ, ਵੱਡਾ ਚਮਚ ਪਿਸਤਾ, 20 ਗਰਾਮ ਕਿਸ਼ਮਿਸ਼, ਅੱਧਾ ਛੋਟਾ ਚਮਚ ਛੋਟੀ ਇਲਾਇਚੀ ਪਾਊਡਰ, ਇੱਕ ਛੋਟਾ ਚਮਚ ਜੀਰਾ, ਅੱਧਾ ਛੋਟਾ ਚਮਚ ਅਜਵਾਇਣ, ਬੂਰਾ ਖੰਡ ਸਵਾਦ ਅਨੁਸਾਰ, 150 ਗਰਾਮ ਦੇਸੀ ਘਿਓ।

ਵਿਧੀ- 100 ਗਰਾਮ ਘਿਓ ਕੜਾਈ ਵਿੱਚ ਪਾ ਕੇ ਗੌਂਦ ਨੂੰ ਭੁੰਨੋ। ਬਚੇ ਘਿਓ ਵਿੱਚ ਮਖਾਣੇ ਨੂੰ ਹਲਕੇ ਸੇਕ ਉੱਤੇ ਕਰਾਰਾ ਭੁੰਨ ਲਓ। ਗੌਂਦ ਨੂੰ ਮੋਟਾ ਮੋਟਾ ਕੁੱਟ ਲਓ ਅਤੇ ਮਖਾਣਿਆਂ ਨੂੰ ਦਰਦਰਾ। ਬਚੇ ਹੋਏ ਘਿਓ ਨੂੰ ਕੜਾਹੀ ਵਿੱਚ ਪਾਓ ਅਤੇ ਬਾਦਾਮ, ਚਿਰੌਂਜੀ ਤੇ ਪਿਸਤਾ ਭੁੰਨ ਕੇ ਕੱਢ ਲਓ। ਬਾਦਾਮ ਤੇ ਪਿਸਤਾ ਛੋਟੇ ਛੋਟੇ ਟੁਕੜਿਆਂ ਵਿੱਚ ਕੱਟ ਲਓ। ਉਸੇ ਘਿਓ ਵਿੱਚ ਜੀਰਾ ਤੇ ਅਜਵਾਇਣ ਭੁੰਨੋ ਅਤੇ ਫਿਰਮ ਨਾਰੀਅਲ ਪਾ ਕੇ ਇੱਕ ਮਿੰਟ ਭੁੰਨੋ। ਹੁਣ ਕਿਸ਼ਮਿਸ਼ ਵੀ ਪਾ ਦਿਓ। ਫਿਰ ਸਾਰੀ ਸਮੱਗਰੀ ਮਿਕਸ ਕਰੋ। ਠੰਢਾ ਹੋਣ ਉੱਤੇ ਬੂਰਾ ਖੰਡ ਤੇ ਛੋਟੀ ਇਲਾਇਚੀ ਪਾਊਡਰ ਮਿਲਾ ਦਿਓ। ਡਰਾਈ ਫਰੂਟ ਪੰਜੀਰੀ ਤਿਆਰ ਹੈ।

# ਜਿੱਤ ਦੇ ਅਰਥ ਪੁੱਛਦੇ ਹੋ?

ਡਾ. ਗੁਰਬਖ਼ਸ਼ ਸਿੰਘ ਭੰਡਾਲ

ਤੁਸੀਂ ਇਸ ਜਿੱਤ ਦੇ ਅਰਥ ਪੁੱਛਦੇ ਹੋ, ਜਿੱਤ ਜੋ ਸਾਡੇ ਸਮਿਆਂ ਦਾ ਹਾਸਲ ਏ ਅਤੇ ਜ਼ਮੀਂ ਦੇ ਜਾਇਆਂ ਨੇ ਆਪਣੇ ਨਾਮ ਕੀਤੀ। ਜਿੱਤ ਜਿਸ ਬਾਰੇ ਵਕਤ ਦੇ ਹਾਕਮਾਂ ਦੀਆਂ ਫੋਕੀਆਂ ਧਾਰਨਾਵਾਂ ਟੁੱਟੀਆਂ। ਉਨ੍ਹਾਂ ਦੀ ਭਰਮਾਈ ਹੈਂਕੜ ਨੂੰ ਖ਼ੁਦ ਦੇ ਰੂਬਰੂ ਹੋਣਾ ਹੀ ਪਿਆ।

ਜਿੱਤ ਦੇ ਅਰਥ ਸਮਝਣ ਲਈ ਸਿਦਕ, ਸਬਰ, ਸਿਰੜ, ਸਾਧਨਾ, ਸਹਿਜ, ਸਹਿਯੋਗ, ਸਾਂਝੀਵਾਲਤਾ, ਸੂਹੀ ਸੋਚ, ਸਿਆਣਪ, ਸਾਂਝੀਵਾਲਤਾ, ਸਦਭਾਵਨਾ ਅਤੇ ਸੱਚ ਦਾ ਸਾਥ ਮਾਨਣਾ ਬਹੁਤ ਜ਼ਰੂਰੀ ਹੈ, ਜੋ ਇਨ੍ਹਾਂ ਜਿੱਤਾਂ ਵਾਲਿਆਂ ਦੇ ਸਿਰ ਦਾ ਤਾਜ ਆ। ਇਹ ਜਿੱਤ ਹੀ ਹੈ ਜੋ ਚਿਰਾਂ ਬਾਅਦ ਆਪਣੇ ਘਰਾਂ ਨੂੰ ਪਰਤਦਿਆਂ ਦੇ ਮੁਖੜਿਆਂ ਦਾ ਨੂਰ, ਬਿਆਈਆਂ ਵਾਲੇ ਪੈਰਾਂ ਦਾ ਸਰੂਰ, ਰੱਟਨਾਂ ਵਾਲੇ ਹੱਥਾਂ ਦਾ ਗਰੂਰ ਅਤੇ ਖੇਤਾਂ ਵਿਚ ਉਗੀਆਂ ਖੁਸ਼ੀਆਂ ਦਾ ਪੁਰਨੂਰ ਏ।

ਜਿੱਤ, ਜਿਸ ਨੇ ਆਮ ਲੋਕਾਂ ਨੂੰ ਉਨ੍ਹਾਂ ਦੀ ਹਿੰਮਤ, ਹੱਕ, ਹੱਠ ਅਤੇ ਦਲੇਰੀ ਦੇ ਦਰਸ਼ ਕਰਵਾਏ। ਜੇ ਤੁਸੀਂ ਫਿਰ ਵੀ ਇਸ ਜਿੱਤ ਦੇ ਮਾਅਨੇ ਪੁੱਛਦੇ ਹੋ? ਇਸ ਨੂੰ ਜਾਨਣਾ ਚਾਹੁੰਦੇ ਹੋ ਤਾਂ ਇਸ ਜਿੱਤ ਨੂੰ ਸਮਝਣ ਅਤੇ ਇਸ ਦੀਆਂ ਤਹਿਆਂ ਫਰੋਲਣ ਲਈ ਖ਼ੁਦ ਨੂੰ ਇਸ ਦਾ ਹਾਣੀ ਬਣਾਉਣਾ ਪਵੇਗਾ। ਇਸ ਦੀਆਂ ਪੈੜਾਂ ਨੂੰ ਫਰੋਲਣ ਲਈ ਖ਼ੁਦ ਨੂੰ ਉਨ੍ਹਾਂ ਹਾਲਤਾਂ ਬਾਰੇ ਕਿਆਸਣਾ ਹੋਵੇਗਾ ਤੇ ਪਿੱਛਲਪੁਰੀ ਵਿਚਾਰਨਾ ਪਵੇਗਾ।

ਇਸ ਜਿੱਤ ਦੇ ਅਰਥ ਰਾਹਾਂ ਵਿਚ ਉਗੀਆਂ ਕੰਡਿਆਲੀਆਂ ਵਾੜਾਂ, ਠੋਕੇ ਹੋਏ ਕਿੱਲਾਂ ਅਤੇ ਰੋਕਾਂ ਦੀ ਹਿੱਕ 'ਤੇ ਉਗੇ ਹੋਏ ਸਫ਼ਰ ਨੂੰ ਪੁੱਛਣਾ ਜਿਨ੍ਹਾਂ ਨੂੰ ਆਪਣੀ ਹੋਛੀ ਹਰਕਤ 'ਤੇ ਸ਼ਾਇਦ ਹੁਣ ਨਮੋਸ਼ੀ ਜ਼ਰੂਰ ਆਉਂਦੀ ਹੋਵੇਗੀ।

ਜਿੱਤ ਦੇ ਮਾਅਨੇ ਜਾਣਨ ਲਈ ਪਾਣੀਆਂ ਦੀਆਂ ਬੁਛਾਰਾਂ ਵਿਚ ਪੰਜ ਇਸ਼ਨਾਨ ਕਰ ਕੇ ਸੋਚ ਨੂੰ ਸੁੱਚਾ ਕਰਦੇ ਅਤੇ ਵਰ੍ਹਦੀਆਂ ਡਾਗਾਂ ਤੇ ਅੱਥਰੂ ਗੈਸ ਦੇ ਗੋਲਿਆਂ ਵਿਚੋਂ ਆਪਣੀ ਜਿੱਤ ਦੀ ਨਿਸ਼ਾਨਦੇਹੀ ਕਰਦੀਆਂ ਉਨ੍ਹਾਂ ਅੱਖਾਂ ਵਿਚੋਂ ਦੇਖਣਾ ਜਿਨ੍ਹਾਂ ਲਈ ਆਪਣੀ ਤੋਰ ਵਿਚ ਪਕਿਆਈ ਅਤੇ ਤਕੜਾਈ ਉਨ੍ਹਾਂ ਦਾ ਹਾਸਲ ਬਣਨ ਲਈ ਉਤਾਵਲੀ ਸੀ।

ਜਿੱਤ ਨੂੰ ਸਮਝਣ ਲਈ ਗਿੱਟਿਆਂ 'ਤੇ ਸੋਟੀਆਂ ਨਾਲ ਉਗੀ ਹੋਈ ਚੀਸ, ਪਾਟੇ ਹੋਏ ਸਿਰ ਅਤੇ ਵਾਲਾਂ 'ਚੋਂ ਵਗਦੀਆਂ ਲਹੂ ਦੀਆਂ ਤਤੀਰੀਆਂ ਦੇ ਰੰਗ ਨੂੰ ਸਮਝਣਾ। ਪੀੜ ਨੂੰ ਅੰਤਰੀਵ ਵਿਚ ਜ਼ੀਰ ਕੇ ਆਪਣੇ 'ਤੇ ਤਸ਼ੱਦਦ ਢਾਹੁਣ ਵਾਲਿਆਂ ਨੂੰ ਲੰਗਰ ਛਕਾਉਣ ਦੀ ਸ਼ੁਭ ਕਰਮਨ ਵਾਲੀ ਧਾਰਨਾ ਨੂੰ ਸਮਝਣ ਦੀ ਲੋੜ ਹੈ। ਤਾਂ ਹੀ ਪਤਾ ਲੱਗੇਗਾ ਕਿ ਜ਼ੁਲਮ ਢਾਹੁਣ ਵਾਲਿਆਂ ਦੇ ਹੱਥਾਂ 'ਤੇ ਰੱਖੇ ਲੰਗਰ ਦੇ ਫੁਲਕੇ 'ਤੇ ਤਾਂ ਪਹਿਲੇ ਦਿਨ ਹੀ ਜਿੱਤ ਦੇ ਸ਼ਿਲਾਲੇਖ ਉਕਰੇ ਗਏ ਸਨ। ਸਿਰਫ਼ ਹਾਕਮਾਂ ਕੋਲ ਇਨ੍ਹਾਂ ਨੂੰ ਪੜ੍ਹਨ ਦੀ ਹੀ ਵਿਹਲ ਨਹੀਂ ਸੀ ਅਤੇ ਨਾ ਹੀ ਉਹ ਇਸ ਲਿਖਤ ਨੂੰ ਸਮਝ ਕੇ ਇਸ ਦੀ ਸੁੱਚਮਤਾ ਨੂੰ ਨਤਮ-ਸਕਤ ਹੋਣ ਲਈ ਤਿਆਰ ਸਨ।



ਜਿੱਤ ਤਾਂ ਦੀਦਿਆਂ ਵਿਚ ਤਰਲ ਹੋਏ ਸੁਪਨਿਆਂ 'ਚੋਂ ਉਸ ਦਿਨ ਹੀ ਵਹਿ ਤੁਰੀ ਸੀ, ਜਿਸ ਦਿਨ ਖ਼ੇਤਾਂ ਦੇ ਜਾਇਆਂ ਨੇ ਧਰਤ ਮਾਂ ਦੇ ਹੱਕਾਂ ਲਈ ਚਾਲੇ ਪਾਏ ਸਨ। ਉਨ੍ਹਾਂ ਨੂੰ ਪਤਾ ਸੀ ਕਿ ਨੈਣਾਂ ਵਿਚ ਤਰਲ ਹੋਏ ਸੁਪਨਿਆਂ ਨੇ ਉਨਾ ਚਿਰ ਚੈਨ ਨਾਲ ਟਿਕਣ ਨਹੀਂ ਦੇਣਾ, ਜਿੰਨਾ ਚਿਰ ਉਹ ਆਪਣੀ ਵਿਰਾਸਤ ਅਤੇ ਮਿੱਟੀ ਦੀ ਮਹਿਕ ਨੂੰ ਪਿੰਡੇ 'ਤੇ ਮਹਿਕਾਉਂਦੇ ਰਹਿਣਗੇ।

ਇਸ ਜਿੱਤ ਦੇ ਅਰਥ ਤਾਂ ਤੁਹਾਨੂੰ ਵਿਰਸੇ ਵਿਚ ਬੜੀ ਜਲਦੀ ਹੀ ਲੱਭ ਜਾਣਗੇ। ਜਦ ਕੋਈ ਕੌਮ ਆਪਣੇ ਹੱਕਾਂ ਲਈ ਜਾਨ ਦੀ ਬਾਜ਼ੀ ਲਾਉਣ ਅਤੇ ਸ਼ਾਂਤ ਰਹਿ ਕੇ ਜਾਬਰਾਂ ਨੂੰ ਝੁਕਾਉਣਾ ਜਾਣਦੀ ਹੋਵੇ ਤਾਂ ਉਨ੍ਹਾਂ ਦੇ ਮੱਥਿਆਂ 'ਤੇ ਜਿੱਤਾਂ ਦੇ ਨਕਸ਼ ਜ਼ਰੂਰ ਉਘੜਨਗੇ।

ਇਸ ਜਿੱਤ ਨੇ ਦੁਨੀਆ ਨੂੰ ਦਰਸਾ ਦਿੱਤਾ ਕਿ ਜਦ ਆਮ ਵਿਅਕਤੀ ਜਾਗਰੂਕ ਹੋ ਕੇ ਤਰਕ ਅਤੇ ਸਮਝ ਨਾਲ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਦਾ ਨਿਰਣਾ ਕਰ ਲਵੇ ਤਾਂ ਕੋਈ ਵੀ ਹਾਕਮ ਉਨ੍ਹਾਂ ਨੂੰ ਆਪਣੇ ਅਡੋਲ ਪ੍ਰਣ ਤੋਂ ਨਹੀਂ ਡੁਲਾ ਸਕਦਾ। ਉਹ ਦੁਨੀਆ ਦੀ ਤਵਾਰੀਖ਼ ਵਿਚ ਇਕ ਅਜਿਹਾ ਵਰਕਾ ਜੋੜ ਦਿੰਦੇ ਨੇ, ਜਿਸ 'ਤੇ ਆਉਣ ਵਾਲੀਆਂ ਨਸਲਾਂ ਮਾਣ ਵੀ ਕਰਨਗੀਆਂ ਅਤੇ ਆਪਣੇ ਪੁਰਖ਼ਿਆਂ ਦੇ ਮਾਰਗ 'ਤੇ ਚੱਲਣ ਦਾ ਤਹੱਈਆ ਵੀ ਕਰਨਗੀਆਂ।

ਇਸ ਜਿੱਤ ਦੀ ਤਹਿ ਫਰੋਲਣੀ ਹੈ ਤਾਂ ਧਰਨਿਆਂ ਦੇ ਆਲ਼ੇ-ਦੁਆਲੇ ਵਸਦੇ ਰੇਹੜੀ ਤੇ ਖੋਖੇ ਵਾਲਿਆਂ ਤੋਂ ਲੈ ਕੇ ਵੱਡੇ ਅਦਾਰਿਆਂ ਵਾਲਿਆਂ ਤੋਂ ਪੁੱਛੀਂ ਕਿ ਕਿਵੇਂ ਇਨ੍ਹਾਂ ਬਾਰੇ ਮੀਡੀਆ ਵਲੋਂ ਬਣਾਈ ਧਾਰਨਾ ਟੁੱਟਦੀ ਹੈ? ਕਿਵੇਂ ਹਰ ਵਿਅਕਤੀ ਇਸ ਨੂੰ ਆਪਣੀ ਜੱਦੋ-ਜਹਿਦ ਸਮਝ ਕੇ ਇਸ ਦਾ ਹਿੱਸਾ ਬਣ ਕੇ ਮਾਣਮੱਤਾ ਮਹਿਸੂਸ ਕਰਦਾ ਹੈ ਪਰ ਵਿਕਾਊ ਮੀਡੀਆ ਨੂੰ ਆਪਣੀ ਬੇਸ਼ਰਮੀ 'ਤੇ ਵੀ ਰਤਾ ਸ਼ਰਮ ਨਹੀਂ ਆਉਂਦੀ।

ਜਿੱਤ ਦੀ ਤਫ਼ਸੀਲ ਲਈ ਨੱਕ 'ਤੇ ਟਿਕਾਈਆਂ ਐਨਕਾਂ ਹੇਠ ਮਘਦੇ ਦੀਦਿਆਂ, ਹਿੱਕ ਵਿਚ ਉਜਵਲ ਹੋਈ ਜਜ਼ਬੇ ਦੀ ਜਵਾਲਾ, ਸੋਚ ਵਿਚ ਸ਼ਾਂਤੀ ਤੇ ਸਹਿਜ ਦਾ ਸੁਖ਼ਨ ਅਤੇ ਕਰਮ ਵਿਚਲੀ ਧਰਮ-ਕੀਰਤੀ ਵਿਚ ਉਤਰਨ ਦੀ ਜ਼ਰਾ ਕੁ ਕੋਸ਼ਿਸ਼ ਕਰੀਂ, ਸਭ ਕੁਝ ਆਪਣੇ ਆਪ ਹੀ ਸਮਝ ਆ ਜਾਵੇਗਾ। ਜਿੱਤ ਦੇ ਅਰਥ ਤਾਂ ਉਸ ਸਮੇਂ ਸਪੱਸ਼ਟ ਹੀ ਹੋ ਗਏ ਸਨ ਜਦ ਤਰਕ ਸਾਹਵੇਂ ਕਿਰ ਗਈਆਂ ਸਨ ਥੋਥੀਆਂ ਦਲੀਲਾਂ, ਪਾਖੰਡਬਾਜ਼ੀ ਦੀਆਂ ਦੁਰਕਾਰੀਆਂ ਗਈਆਂ ਸਨ ਅਪੀਲਾਂ। ਸਾਬਤ ਕਦਮਾਂ ਵਾਲੀ ਤੋਰ ਦੀ ਸੰਜੀਦਗੀ, ਸਿਆਣਪ, ਸਮਝ ਅਤੇ ਸਮਰੱਥਾ ਨੇ ਆਪਣੇ ਸਿਰੜ ਵਿਚੋਂ ਨਵੇਂ ਸਿਰਨਾਵਿਆਂ ਵਾਲੀ ਪੈੜ ਨੂੰ ਰੁਸ਼ਨਾਇਆ ਸੀ। ਸੁਪਨਿਆਂ ਦਾ ਸੱਚ ਹਾਸਲ ਕਰਨ ਲਈ ਖ਼ੁਦ ਨੂੰ ਸੁਪਨਿਆਂ ਦੇ ਹਾਣ ਦਾ ਕਰਨਾ ਪੈਂਦਾ ਅਤੇ ਸੁਪਨਿਆਂ ਦੀ ਸਰਦਲ 'ਤੇ ਖ਼ੁਦ ਨੂੰ ਅਰਪਿਤ ਕਰਨਾ ਪੈਂਦਾ ਹੈ।

ਜਿੱਤ ਦੇ ਅਰਥਾਂ ਲਈ ਮਿੱਟੀ ਦੇ ਜਾਇਆਂ ਦੀ ਤਹਿਰੀਕ ਦੀਆਂ ਤਹਿਆਂ ਫਰੋਲੀਂ। ਇਨ੍ਹਾਂ ਦੀ ਪੁਰਖ਼ੀ ਵਿਰਾਸਤ ਵਿਚਾਰੀਂ। ਇਨ੍ਹਾਂ ਦੀ ਜੀਵਨ-ਸ਼ੈਲੀ ਨੂੰ ਵਿਚਾਰੀਂ, ਜੋ ਦਿਨ-ਰਾਤ ਆਪਣੇ ਜੀਵਨ ਨੂੰ ਖੇਤਾਂ ਦੇ ਨਾਮ ਲਾਉਂਦੇ। ਸਾਹਾਂ ਵਰਗੀਆਂ ਫਸਲਾਂ ਨੂੰ ਬੱਚਿਆਂ ਵਾਂਗ ਪਾਲਦੇ ਅਤੇ ਇਨ੍ਹਾਂ ਦੀਆਂ ਸੁੱਖਣਾਂ ਸੁੱਖਦਿਆਂ, ਸਰਬੱਤ ਲਈ ਸਕੂਨ ਅਤੇ ਸਬਰ ਦਾ ਸਬਕ ਪੜ੍ਹਾਉਂਦੇ।

ਜਿੱਤ ਦੇ ਅਰਥ ਮਾਵਾਂ, ਦਾਦੀਆਂ, ਚਾਚੀਆਂ, ਤਾਈਆਂ, ਭੈਣਾਂ ਅਤੇ ਧੀਆਂ ਨੂੰ ਪੁੱਛਣਾ, ਜਿਨ੍ਹਾਂ ਨੇ ਖੇਤਾਂ ਦੇ ਵਾਰਸਾਂ ਨੂੰ ਮੋਰਚੇ 'ਤੇ ਤੋਰ ਖ਼ੁਦ ਖੇਤ ਸੰਭਾਲੇ। ਜਿਨ੍ਹਾਂ ਦੀਆਂ ਝੁਰੜੀਆਂ ਵਿਚ ਜਿੱਤ ਦੇ ਨਕਸ਼ ਸਨ, ਜਿਨ੍ਹਾਂ ਨੇ ਮੋਰਚਿਆਂ 'ਤੇ ਡਟਿਆਂ ਲਈ ਹੀ ਰੋਟੀ ਨਹੀਂ ਸੀ ਪਕਾਈ ਸਗੋਂ ਆਸ-ਪਾਸ ਵੱਸਦੀ ਲੋਕਾਈ ਨੂੰ ਵੀ ਆਪਣੇ ਨਾਲ ਜੋੜ ਲਿਆ ਸੀ। ਜਿਨ੍ਹਾਂ ਨੇ ਲੋਕ-ਸੰਸਦ ਵੀ ਚਲਾਈ। ਜਿਨ੍ਹਾਂ ਨੇ ਦਿਹਾੜੀਦਾਰ ਹੋਣ ਦੀਆਂ ਤੁਹਮਤਾਂ ਨੂੰ ਪਿੰਡੇ ਤੋਂ ਪੂੰਝ, ਚਿਕਨੇ ਚਿਹਰਿਆਂ ਨੂੰ ਦੱਸ ਦਿਤਾ ਕਿ ਖੇਤਾਂ ਦੇ ਜਾਇਆਂ ਜਿੰਨੀਆਂ ਹੀ ਜ਼ੋਰਾਵਰ ਅਤੇ ਜ਼ਿੰਦਾਦਿਲ ਨੇ ਘਰ ਵਿਚ ਰਹਿਣ ਵਾਲੀਆਂ ਸਾਡੀਆਂ ਮਾਵਾਂ। ਜਿਹੜੀਆਂ ਮੌਕਾ ਪੈਣ 'ਤੇ ਸਿਰ 'ਤੇ ਮੜ੍ਹਾਸਾ ਬੰਨ੍ਹ, ਮੁਹਰੈਲ ਬਣ, ਦੁਸ਼ਮਣ ਦੀ ਅੱਖ ਵਿਚ ਅੱਖ ਪਾ ਕੇ ਉਸ ਨੂੰ ਉਸ ਦੀ ਔਕਾਤ ਦੇ ਰੁਬਰੂ ਵੀ ਕਰ ਸਕਦੀਆਂ ਨੇ। ਇਨ੍ਹਾਂ ਦੀ ਲਲਕਾਰ ਛੇੜਦੀ ਸੀ ਹਾਕਮਾਂ ਨੂੰ ਕੰਬਣੀ ਅਤੇ ਘੁਰਨਿਆਂ ਵਿਚ ਲੱਭਦੇ ਸਨ ਆਪਣੀ ਠਾਹਰ।

ਇਸ ਜਿੱਤ ਨੂੰ ਸਮਝਣ ਲਈ ਤੁਹਾਨੂੰ ਸੜਕਾਂ ਦੇ ਕੰਢਿਆਂ 'ਤੇ ਉਗੇ ਹੋਏ ਸ਼ਹਿਰ, ਟਰਾਲੀਆਂ ਵਿਚ ਬਣੇ ਹੋਏ ਘਰ ਅਤੇ ਪਾਣੀ 'ਚ ਡੁੱਬੇ ਤੰਬੂਆਂ ਵਿਚ ਔਕੜਾਂ ਨੂੰ ਮਖ਼ੌਲਾਂ ਕਰਨ ਵਾਲਿਆਂ ਨੂੰ ਮਿਲਣਾ ਪਵੇਗਾ। ਨਿੱਕੇ-ਨਿੱਕੇ ਖ਼ਾਨਿਆਂ ਵਿਚ ਜਾਗਦੀਆਂ ਕਿਤਾਬਾਂ ਨੂੰ ਘੋਖ਼ਦੀਆਂ ਅੱਖਾਂ ਦੇਖੀਂ। ਪੋਹ ਦੀ ਰਾਤੇ ਮਾਛੀਵਾੜੇ ਨੂੰ ਧਿਆਉਂਦੇ ਬਜ਼ੁਰਗਾਂ ਅਤੇ ਨੌਜਵਾਨਾਂ ਦੇ ਦੀਦਿਆਂ ਵਿਚ ਸਾਹਿਬਜ਼ਾਦਿਆਂ ਦੀ ਦੀਦਾ-ਦਲੇਰੀ ਨੂੰ ਚਿਤਵਣਾ ਬਹੁਤ ਜ਼ਰੂਰੀ। ਤਾਂ ਹੀ ਇਸ ਜਿੱਤ ਨੂੰ ਉਸ ਦੇ ਸਹੀ ਤੇ ਸੱਚੇ ਸੰਦਰਭ ਵਿਚ ਸਮਝਣ ਵਿਚ ਸੌਖ ਹੋਵੇਗੀ।

ਜਿੱਤ ਦੇ ਪਾਸਾਰ ਜਾਨਣੇ ਨੇ ਤਾਂ ਝੰਡਿਆਂ ਦੀ ਛਾਂ ਹੇਠ ਮਾਵਾਂ ਦਾ ਕਾਫ਼ਲਾ, ਸਵਾਣੀਆਂ ਵਲੋਂ ਮੁੱਠੀ ਬੰਦ ਕਰ ਕੇ ਲਾਏ ਜੈਕਾਰਿਆਂ ਦੀ ਗੂੰਜ, ਚੌਂਕੇ ਤੋਂ ਚੌਕ ਤੀਕ ਦੀ ਯਾਤਰਾ ਅਤੇ ਬਾਪੂਆਂ ਦੇ ਬਰੋਬਰ ਤੁਰਦੀਆਂ ਧੀਆਂ ਦੀਆਂ ਤਸਵੀਰਾਂ ਨੂੰ ਚੰਗੀ ਤਰ੍ਹਾਂ ਨਿਹਾਰਨਾ, ਤੁਹਾਨੂੰ ਉਨ੍ਹਾਂ ਦੀ ਤੋਰ ਵਿਚਲੀ ਮੜਕ ਤੇ ਨਿਰਭੈਤਾ, ਬੋਲਾਂ ਵਿਚਲੀ ਬੇਲਿਹਾਜ਼ਤਾ ਅਤੇ ਅੱਖਾਂ ਵਿਚ ਦਗਦੇ ਚੰਗਿਆੜੇ ਵਿਚੋਂ ਆਪਣੇ ਟੀਚੇ ਨੂੰ ਪੂਰਾ ਕਰਨ ਦਾ ਪ੍ਰਤੱਖ ਪ੍ਰਮਾਣ ਨਜ਼ਰੀਂ ਪਵੇਗਾ।

ਜਿੱਤ ਦੇ ਅਰਥ ਪੁੱਛਣੇ ਤਾਂ ਉਨ੍ਹਾਂ ਨੂੰ ਜ਼ਰੂਰ ਪੁੱਛੀਂ ਜਿਨ੍ਹਾਂ ਨੇ ਘਰ-ਪਰਿਵਾਰ ਨੂੰ ਬੇਦਾਵਾ ਦਿੱਤਾ, ਜਿਨ੍ਹਾਂ ਆਪਣਾ ਸਭ ਕੁਝ ਵੇਚ ਵੱਟ ਕੇ ਲੋਕ-ਲਹਿਰ ਦੇ ਲੇਖੇ ਲਾਇਆ, ਜਿਨ੍ਹਾਂ ਭਰਮ-ਭੁਲੇਖਿਆਂ ਨੂੰ ਤਿਆਗ ਕੇ ਹੱਕ-ਸੱਚ ਦੀ ਲਹਿਰ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਇਆ ਅਤੇ ਲੋਕਾਂ ਦਾ ਪਿਆਰ ਕਮਾਇਆ। ਇਹ ਲੋਕ ਹੀ ਨੇ ਜਿਨ੍ਹਾਂ ਨੇ ਤਵਾਰੀਖ਼ ਦਾ ਇਕ ਵਰਕਾ ਆਪਣੇ ਨਾਮ ਦਾ ਲਿਖਵਾਇਆ ਅਤੇ ਨਵੀਂ ਤਹਿਜ਼ੀਬ ਨੂੰ ਲੋਕ-ਮਨਾਂ ਵਿਚ ਸਮਾਇਆ ਕਿ ਲੋਕਾਂ ਦੀਆਂ ਵੰਡੀਆਂ ਸਿਰਫ਼ ਹਾਕਮਾਂ ਦੀ ਚਾਲ ਹੁੰਦੀ ਹੈ। ਜਦ ਲੋਕ ਇਕੱਠੇ ਹੋ ਕੇ ਲੋਕ-ਲਹਿਰ ਬਣਦੇ ਨੇ ਤਾਂ ਇਹ ਚਾਲਾਂ ਰੇਤ ਦੀਆਂ ਦੀਵਾਰਾਂ ਵਾਂਗ ਪਲ ਭਰ ਵਿਚ ਢਹਿ-ਢੇਰੀ ਹੋ ਜਾਂਦੀਆਂ ਨੇ।

ਜਿੱਤ ਦੇ ਅਰਥ ਪੁੱਛਣੇ ਨੇ ਤਾਂ ਕਾਰਪੋਰੇਟਾਂ ਦੇ ਚਿਹਰਿਆਂ 'ਤੇ ਚਿਪਕੀ ਉਦਾਸੀ, ਜ਼ਮੀਨਾਂ ਹਥਿਆਉਣ ਦੀ ਲੋਚਾ ਪਾਲਣ ਵਾਲਿਆਂ ਦੀ ਨਮੋਸ਼ੀ, ਵੱਡੇ ਮਹਿਲਾਂ ਵਿਚ ਖਾਮੋਸ਼ ਹੋ ਗਈਆਂ ਮਹਿਫ਼ਲਾਂ ਅਤੇ ਉਨ੍ਹਾਂ ਦੀਆਂ ਕੂੜ-ਕਮਾਈਆਂ, ਕੁਰਹਿਤਾਂ ਅਤੇ ਕਮੀਨਗੀਆਂ ਨੂੰ ਮਿਲੀ ਕਰੁਣਾ ਦਾ ਅੰਦਾਜ਼ਾ ਜ਼ਰੂਰ ਲਾ ਲੈਣਾ।

ਜਿੱਤ ਦੇ ਅਰਥ ਤਾਂ ਸਪੱਸ਼ਟ ਹੀ ਹੋ ਜਾਣਗੇ ਜਦ ਗੀਤਾਂ ਦੇ ਬਦਲੇ ਮੁੱਖੜੇ ਅਤੇ ਲੋਕ-ਸੰਗੀਤ ਦੇ ਨਵੇਂ ਸਿਰਨਾਵੇਂ ਨੂੰ ਦੇਖਣਾ। ਕਲਮਾਂ ਵਲੋਂ ਕੋਰੇ ਵਰਕਿਆਂ 'ਤੇ ਉਕਰੀ ਉਸ ਇਬਾਰਤ ਨੂੰ ਪੜ੍ਹਨਾ, ਜਿਸ ਨੇ ਇਬਾਦਤ ਵਾਂਗ ਨਵੀਂ ਪੀੜ੍ਹੀ ਦਾ ਮਾਰਗ-ਦਰਸ਼ਨ ਕਰਨਾ ਹੈ। ਨੌਜਵਾਨਾਂ ਦੇ ਸੁਪਨਿਆਂ ਨੂੰ ਮਿਲੀ ਨਵੀਂ ਪਰਵਾਜ਼, ਜਿਊਣ ਤੋਂ ਆਕੀ ਹੋ ਚੁੱਕਿਆਂ ਨੂੰ ਮਿਲਿਆ ਨਵਾਂ ਜਿਊਣ ਅੰਦਾਜ਼ ਅਤੇ ਉਨ੍ਹਾਂ ਦੇ ਸਾਹਸੱਤ ਹੀਣ ਸਾਹਾਂ ਵਿਚ ਉਗਿਆ ਸਾਹਾਂ ਦਾ ਰਿਆਜ਼ ਦੇਖਣਾ। ਪਤਾ ਲੱਗੇਗਾ ਕਿ ਜਿੱਤ ਵਿਚੋਂ ਜ਼ਿੰਦਗੀ ਦੀ ਕਿਵੇਂ ਨਿਸ਼ਾਨਦੇਹੀ ਕਰ ਸਕਦੇ ਹਾਂ।

## ਨੌਟ ਰੀਚਏਬਲ

-ਰਿਚਾ ਸ਼ਰਮਾ

ਪਤਨੀ ਦਾ ਦਿਹਾਂਤ ਹੋਏ ਮਹੀਨਾ ਕੁ ਹੋਇਆ ਸੀ। ਉਹ ਘਰ ਵਿੱਚ ਬੜਾ ਇਕੱਲ ਮਹਿਸੂਸ ਕਰ ਰਹੇ ਸਨ, ਬੇਟਾ, ਨੂੰਹ, ਬੱਚੇ ਆਪੋ ਆਪਣੇ ਲੈਪਟਾਪ ਲੈ ਕੇ ਕਮਰਿਆਂ ਵਿੱਚ ਬੰਦ ਹੋ ਜਾਂਦੇ। ਘਰ ਖਾਣ ਨੂੰ ਆਉਂਦਾ। ਪਤਨੀ ਦੇ ਵਿਛੜਦਿਆਂ ਹੀ ਹੱਥ ਪੈਰ ਜਿਵੇਂ ਕੱਟੇ ਜਿਹੇ ਗਏ ਸਨ। ਕੁਝ ਸੁਝ ਨਹੀਂ ਸੀ ਰਿਹਾ। ਸਮਝ ਆਉਂਦਾ ਹੈ ਕਿ ਨੂੰਹ-ਪੁੱਤ ਦੀਆਂ ਗੱਲਾਂ ਵੀ ਉਹ ਆਪਣੇ ਤੱਕ ਰੱਖਦੀ ਸੀ। ਸਮੇਂ ਸਿਰ ਕਦਰ ਨਹੀਂ ਸਮਝੀ ਮੈਂ ਉਹਦੀ। ਗੁੰਮ-ਸੁੰਮ ਜਿਹੇ ਬੈਠੇ ਸੋਚ ਰਹੇ ਸਨ। ਉਦੋਂ ਹੀ ਬੇਟਾ ਆ ਕੇ ਬੋਲਿਆ, 'ਪਾਪਾ, ਇੱਕ ਗੱਲ ਕਰਨੀ ਸੀ ਤੁਹਾਡੇ ਨਾਲ। ਅਸਲ ਵਿੱਚ ਆਨਲਾਈਨ ਕਲਾਸਾਂ ਲਈ ਸਭ ਨੂੰ ਅੱਡ-ਅੱਡ ਕਮਰਾ ਚਾਹੀਦਾ ਹੈ। ਮੰਮੀ ਰਹੇ ਨਹੀਂ, ਤਾਂ ..."

ਉਹ ਐਨਕ ਲਾਹ ਕੇ ਵੇਖਣ ਲੱਗੇ ਉਹਨੂੰ... ਤਾਂ..."

"ਗੱਲ ਇਹ ਹੈ ਕਿ ਸੁਮਨ ਤੁਹਾਡੇ ਨਾਲ ਕੰਫਰਟੇਬਲ ਫੀਲ ਨਹੀਂ ਕਰ ਰਹੀ। ਗੈਰੇਜ ਕੋਲ ਜੋ ਕਮਰਾ ਹੈ, ਕੀ ਤੁਸੀਂ ਓਥੇ ਰਹਿ ਲਵੋਗੇ?"

"ਹਾਂ..." ਉਨ੍ਹਾਂ ਨੇ ਡੂੰਘਾ ਸਾਹ ਲਿਆ।

ਅਗਲੇ ਦਿਨ ਉਹ ਫਲਾਈਟਸ ਦੀਆਂ ਚਾਰ ਟਿਕਟਾਂ ਲੈ ਆਏ। ਨੂੰਹ ਨੂੰ ਬੋਲੇ, "ਬੇਟੀ, ਕਈ ਦਿਨਾਂ ਤੋਂ ਤੁਸੀਂ ਕਿਤੇ ਘੁੰਮਣ ਨਹੀਂ ਗਏ। ਮੈਂ ਕੇਰਲ ਦੇ ਹੋਟਲ ਦੀ ਬੁਕਿੰਗ ਕਰਵਾ ਦਿੱਤੀ ਹੈ, ਖਰਚ ਦੀ ਫਿਕਰ ਨਾ ਕਰਨਾ। ਬੱਚਿਆਂ ਦੀਆਂ ਆਨਲਾਈਨ ਕਲਾਸਾਂ ਹਨ ਤੇ ਤੁਹਾਡਾ ਦੋਵਾਂ ਦਾ ਵੀ ਕੰਮ ਘਰੋਂ ਚੱਲ ਰਿਹਾ ਹੈ। ਇਸ ਲਈ ਤੁਹਾਨੂੰ ਵੀ ਕੋਈ ਦਿੱਕਤ ਨਹੀਂ ਹੋਵੇਗੀ..."




ਸਾਰੇ ਖੁਸ਼ ਹੋ ਗਏ। ਬੇਟਾ ਹੈਰਾਨ ਸੀ। ਬੋਲਿਆ, "ਪਾਪਾ, ਤੁਸੀਂ ਨਾਰਾਜ਼ ਤਾਂ ਨਹੀਂ ਮੇਰੇ ਨਾਲ.. ਮੈਨੂੰ ਲੱਗਿਆ ਸੀ ਕਿ..."

"ਓ ਬਈ, ਆਪਣੇ ਬੱਚਿਆਂ ਨਾਲ ਵੀ ਕੋਈ ਨਾਰਾਜ਼ ਹੁੰਦਾ ਹੈ।" ਉਹ ਮੁਸਕਰਾ ਕੇ ਬੋਲੇ। ਨੂੰਹ ਪੁੱਤ ਦੇ ਜਾਣ ਪਿੱਛੋਂ ਅਗਲੇ ਦਿਨ ਮਕਾਨ ਦੇ ਖਰੀਦਦਾਰ ਆ ਗਏ। ਬੰਗਲਾ ਵੇਚ ਕੇ ਉਹ ਵਨ ਬੈੱਡਰੂਮ ਦੇ ਛੋਟੇ ਜਿਹੇ ਫਲੈਟ ਵਿੱਚ ਸ਼ਿਫਟ ਹੋ ਗਏ। ਨੂੰਹ-ਪੁੱਤ ਘੁੰਮ ਫਿਰ ਕੇ ਆਏ ਤਾਂ ਵਾਚਮੈਨ ਨੇ ਚਿੱਠੀ ਦਿੱਤੀ, ਜਿਸ ਵਿੱਚ ਬੇਟੇ ਦੇ ਕਿਰਾਏ ਦੇ ਫਲੈਟ ਦਾ ਪਤਾ ਲਿਖਿਆ ਹੋਇਆ ਸੀ। ਪਿਤਾ ਦਾ ਫੋਨ 'ਨੋਟ ਰੀਚਏਬਲ' ਆ ਰਿਹਾ ਸੀ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?



ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com


647-739-4641
346-714-0224

# ਇਸ ਵਾਰ ਕੀ ਕਰੇਗਾ ਜਿੱਤ ਕੇ ਲੜਾਈ ਹਾਰਨ ਗਿੱਝਾ ਹੋਇਆ ਪੰਜਾਬ!



ਅਸੀਂ ਬਹੁਤ ਸਾਰੇ ਦੱਬੇ ਮੁਰਦਿਆਂ ਨੂੰ ਉਖਾੜ ਕੇ ਲੋਕ-ਸੱਥ ਸਾਹਮਣੇ ਰੱਖ ਸਕਦੇ ਹਾਂ, ਅਤੇ ਰੱਖਣਾ ਵੀ ਚਾਹੁੰਦੇ ਹਾਂ, ਪਰ ਉਸ ਦਾ ਕੋਈ ਫਾਇਦਾ ਨਹੀਂ ਹੋਣਾ, ਜਿਹੜੀ ਲੀਹ ਵਿੱਚ ਵਕਤ ਆਪਣੀ ਰਵਾਨੀ ਸੁਖਾਲੀ ਵੇਖੇਗਾ, ਉਸ ਨੇ ਉਸ ਪਾਸੇ ਹੀ ਵਹਿੰਦੇ ਰਹਿਣਾ ਹੈ। ਇਹ ਵਹਿਮ ਕਈ ਲੋਕਾਂ ਨੂੰ ਹੁੰਦਾ ਹੈ ਕਿ ਉਹ ਵਕਤ ਦੀ ਦਿਸ਼ਾ ਬਦਲ ਦੇਣਗੇ, ਇਸ ਲਈ ਉਹ ਤਾਣ ਵੀ ਪੂਰੀ ਈਮਾਨਦਾਰੀ ਨਾਲ ਲਾਉਂਦੇ ਹਨ, ਪਰ ਸਮਾਂ ਜਦੋਂ ਲੀਹ ਤੋਂ ਲਾਹੁਣ ਵਾਲਾ ਕੰਮ ਕਰਦਾ ਹੈ, ਅਕਲ ਦੇ ਭੰਡਾਰ ਮੰਨੇ ਜਾਣ ਵਾਲਿਆਂ ਨੂੰ ਵੀ ਸਮਝ ਨਹੀਂ ਲੱਗਦੀ। ਪੰਜਾਬ ਇਸ ਦੀਆਂ ਝਲਕਾਂ ਕਈ ਵਾਰੀ ਵੇਖ ਚੁੱਕਾ ਹੈ। ਦਸਵੇਂ ਗੁਰੂ ਸਾਹਿਬ ਵੱਲੋਂ ਸਰਬੰਸ ਵਾਰਨ ਦੇ ਬਾਅਦ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਆਏ ਤੇ ਉਨ੍ਹਾਂ ਦੀ ਕਮਾਨ ਹੇਠ ਪਹਿਲੀ ਵਾਰੀ ਜਗੀਰਾਂ ਤੋੜ ਕੇ ਮੁਜ਼ਾਰਿਆਂ ਨੂੰ ਵੰਡੀਆਂ ਗਈਆਂ, ਉਹ ਬਹੁਤ ਵੱਡਾ ਇਤਹਾਸਕ ਮੋੜਾ ਸੀ, ਪਰ ਇਸ ਦਾ ਮੁਹਾਣ ਮੋੜਨ ਲਈ ਵਕਤ ਨੇ ਸਦੀਆਂ ਨਹੀਂ ਸਨ ਉਡੀਕੀਆਂ, ਦਹਾਕਿਆਂ ਵਿੱਚ ਕੀ ਦਾ ਕੀ ਕਰ ਦਿੱਤਾ ਸੀ। ਬਾਰਾਂ ਮਿਸਲਾਂ ਮਸਾਂ ਚਾਰ ਦਹਾਕਿਆਂ ਅੰਦਰ ਹੀ ਬਣ ਗਈਆਂ ਸਨ ਤੇ ਫਿਰ ਅਸਲੀ ਮੁੱਦਾ ਭੁਲਾ ਕੇ ਇਲਾਕਿਆਂ ਉੱਤੇ ਕਬਜ਼ਾ ਕਰਨ ਦੇ ਲਈ ਮਿਸਲਾਂ ਆਪੋ ਵਿੱਚ ਲੜਨ ਅਤੇ ਗੁਰੂ ਦੇ ਸਿੱਖਾਂ ਨੂੰ ਇੱਕ ਦੂਸਰੇ ਤੋਂ ਮਰਵਾਉਣ ਲੱਗ ਪਈਆਂ ਸਨ। ਸਿੱਖ ਪੰਥ ਅੱਜ ਤੱਕ ਉਨ੍ਹਾਂ ਸਾਰੀਆਂ ਮਿਸਲਾਂ ਵਾਲੇ ਸਰਦਾਰਾਂ ਦਾ ਸਤਿਕਾਰ ਕਰਦਾ ਹੈ, ਕੁੱਟੇ ਜਾਣ ਵਾਲਿਆਂ ਦਾ ਵੀ ਅਤੇ ਕੁੱਟ ਖਾ ਕੇ ਹਾਰ ਮੰਨ ਲੈਣ ਪਿੱਛੋਂ ਓਸੇ ਤਰ੍ਹਾਂ ਦੀਆਂ ਜਗੀਰਾਂ ਲੈ ਕੇ ਤਸੱਲੀ ਕਰ ਲੈਣ ਵਾਲਿਆਂ ਦਾ ਵੀ, ਜਿੰਦਾਂ ਦੀਆਂ ਜਗੀਰਾਂ ਬਾਬਾ ਬੰਦਾ ਸਿੰਘ ਤੋੜ ਕੇ ਗਿਆ ਸੀ। ਜਿਨ੍ਹਾਂ ਲੋਕਾਂ ਨੇ ਅੰਗਰੇਜ਼ਾਂ ਦੇ ਰਾਜ ਵਿੱਚ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਾਉਣ ਜਾਂਦੇ ਜਥਿਆਂ ਨੂੰ ਮਾਰਨ ਲਈ ਰਾਹਾਂ ਵਿਚਲੇ ਖੂਹਾਂ ਵਿੱਚ ਜ਼ਹਿਰ ਪਾ ਦਿੱਤਾ ਸੀ, ਉਹ ਬਾਅਦ ਵਿੱਚ ਵੋਟਾਂ ਨਾਲ ਚੁਣ ਕੇ ਗੁਰਦੁਆਰਿਆਂ ਦੇ ਪ੍ਰਬੰਧ ਵਾਲੀਆਂ ਕਮੇਟੀਆਂ ਦੇ ਮੈਂਬਰ ਤੇ ਅਹੁਦੇਦਾਰ ਬਣਦੇ ਰਹੇ ਸਨ। ਉਹੋ ਕੁਝ ਇਸ ਵੇਲੇ ਵਰਤਦਾ ਵੇਖ ਕੇ ਕੁਝ ਲੋਕ ਜਾਣਦੇ ਹੋਏ ਵੀ ਚੁੱਪ ਹਨ, ਕਿਉਂਕਿ 'ਇੱਕ ਚੁੱਪ, ਸੌ ਸੁਖ' ਦਾ ਫਾਰਮੂਲਾ ਉਨ੍ਹਾਂ ਨੂੰ ਚੰਗਾ ਲੱਗਦਾ ਹੈ।

ਇਸ ਪੰਜਾਬ ਵਿੱਚ ਕਦੀ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਦਾ ਬੋਲਬਾਲਾ ਹੋਇਆ ਕਰਦਾ ਸੀ, ਵਕਤ ਦੇ ਨਾਲ ਉਸ ਦੀ ਸੋਚ ਦੇ ਵਿਰੋਧੀਆਂ ਦੀ ਚੜ੍ਹਤ ਹੋਣ ਲੱਗੀ ਤਾਂ ਉਹ ਆਪਣੀ ਮਰਜ਼ੀ ਮੁਤਾਬਕ ਭਗਤ ਸਿੰਘ ਤੇ ਹੋਰਨਾਂ ਦੇਸ਼ ਭਗਤਾਂ ਦਾ ਇਤਹਾਸ ਲਿਖਣ ਅਤੇ ਠੋਸਣ ਲੱਗ ਪਏ। ਵਕਤ ਉਨ੍ਹਾਂ ਦੇ ਅੱਗੇ ਨਾਕਾ ਨਹੀਂ ਲਾ ਸਕਿਆ। ਜੱਲ੍ਹਿਆਂਵਾਲਾ ਬਾਗ ਵਿੱਚ ਅੰਗਰੇਜ਼ੀ ਰਾਜ ਦਾ ਤਸ਼ੱਦਦ ਝੱਲਣ ਵਾਲੇ ਹੋਰ ਲੋਕ ਸਨ, ਉਨ੍ਹਾਂ ਦੇ ਨਾਂਅ ਉੱਤੇ ਰਾਜਨੀਤੀ ਕਰਨ ਵਾਲੇ ਹੋਰ ਅਤੇ ਸਮੇਂ ਦੇ ਨਾਲ ਇੱਕ ਦਿਨ ਉਹ ਲੋਕ ਜੱਲ੍ਹਿਆਂਵਾਲੇ ਬਾਗ ਦੇ ਕਾਰ-ਮੁਖਤਾਰ ਬਣ ਗਏ, ਜਿਹੜੇ ਆਜ਼ਾਦੀ ਦੀ ਲਹਿਰ ਵੇਲੇ ਅੰਗਰੇਜ਼ਾਂ ਦੀ ਵਫਾਦਾਰੀ ਕਰਨ ਵਾਲਿਆਂ ਦੀ ਵਿਰਾਸਤ ਨਾਲ ਜੁੜੇ ਹੋਏ ਸਨ। ਵਕਤ ਉਨ੍ਹਾਂ ਨੂੰ ਇਹੋ ਜਿਹੀ ਧੱਕੜਸ਼ਾਹੀ ਕਰਦਿਆਂ ਨੂੰ ਰੋਕ ਨਹੀਂ ਸੀ ਸਕਿਆ। ਇੱਕ ਮੌਕਾ ਇਹੋ ਜਿਹਾ ਆਇਆ, ਜਦੋਂ ਆਜ਼ਾਦੀ ਸੰਘਰਸ਼ ਵਿੱਚ ਕੂਕਾ ਲਹਿਰ ਦੇ ਯੋਗਦਾਨ ਦਾ ਬਣਦਾ ਸਥਾਨ ਮੰਨਵਾਉਣ ਲਈ ਦੇਸ਼ਭਗਤ ਯਾਦਗਾਰ ਵਾਲਿਆਂ ਨੇ ਦੇਸ਼ ਦੇ



ਜਤਿੰਦਰ ਪੰਨੂ

ਉੱਪ ਪ੍ਰਧਾਨ ਮੰਤਰੀ ਨਾਲ ਅੱਖ ਵਿੱਚ ਅੱਖ ਪਾ ਕੇ ਗੱਲ ਕਰਨ ਦਾ ਫੈਸਲਾ ਕੀਤਾ ਤਾਂ ਪੁਲਸ ਨੇ ਕੁਟਾਪਾ ਚਾੜ੍ਹ ਦਿੱਤਾ ਅਤੇ ਜਿਨ੍ਹਾਂ ਕੋਲ ਉਸ ਮਹਾਨ ਲਹਿਰ ਦੀ ਵਿਰਾਸਤ ਦਾ ਸਰਟੀਫਿਕੇਟ ਸੀ, ਉਹ ਓਸੇ ਦਿਨ ਓਸੇ ਉੱਪ ਪ੍ਰਧਾਨ ਮੰਤਰੀ ਦੇ ਗਲ਼ ਹਾਰ ਪਾ-ਪਾ ਕੇ ਫੋਟੋ ਖਿਚਾਉਂਦੇ ਫਿਰਦੇ ਸਨ। ਉਨ੍ਹਾਂ ਨੂੰ ਵੀ ਏਦਾਂ ਕਰਨ ਤੋਂ ਵਕਤ ਨੇ ਨਹੀਂ ਰੋਕਿਆ। ਵਕਤ ਜਦੋਂ ਆਪਣੇ ਵਹਿਣ ਦੇ ਮੁਤਾਬਕ ਹਾਲਾਤ ਨੂੰ ਵਹਿੰਦੇ ਵੇਖਦਾ ਹੈ ਤਾਂ ਉਸ ਨੇ ਯੁੱਗਾਂ ਤੋਂ ਲੈ ਕੇ ਕਦੀ ਨਹੀਂ ਸੀ ਰੋਕਿਆ ਅਤੇ ਅੱਗੋਂ ਵੀ ਕਦੀ ਨਹੀਂ ਰੋਕਣਾ।

ਅਸੀਂ ਲੋਕਾਂ ਨੇ ਬਚਪਨ ਵਿੱਚ ਕਾਂਗਰਸ ਪਾਰਟੀ ਦੇ ਵਿਰੋਧ ਦੀ ਤਾਨ ਸੁਣੀ ਅਤੇ ਵੱਡੇ ਆਗੂਆਂ ਦੇ ਪਿੱਛੇ ਕਾਂਗਰਸ ਵਿਰੋਧੀ ਨਾਅਰੇ ਲਾਏ ਸਨ। ਜਦੋਂ ਫਿਰ ਪੰਜਾਬ ਦੀ ਪਹਿਲੀ ਗੈਰ ਕਾਂਗਰਸੀ ਸਰਕਾਰ ਬਣੀ, ਅਸੀਂ ਆਪਣੀ ਬਾਲ-ਉਮਰ ਵਿੱਚ ਚਾਅ ਨਾਲ ਖੀਵੇ ਹੋਏ ਪਏ ਸਾਂ ਅਤੇ ਜੋਗਾ ਸਿੰਘ ਜੋਗੀ ਦੇ ਇਹ ਬੋਲ ਪੰਜਾਬ ਦੀਆਂ ਸਟੇਜਾਂ ਉੱਪਰ ਗੂੰਜਿਆ ਕਰਦੇ ਸਨ; 'ਏਕੇ ਦੀਆਂ ਲਗਰਾਂ ਫੁੱਟੀਆਂ ਨੇ, ਗਾਂਧੀ ਦੀ ਬੱਕਰੀ ਖਾਵੇ ਨਾ'। ਮਸਾਂ ਅੱਠ ਮਹੀਨੇ ਲੰਘੇ ਕਿ ਓਸੇ ਗੈਰ-ਕਾਂਗਰਸੀ ਟੀਮ ਦੇ ਕੁਝ ਆਗੂ ਵਕਤ ਦੀ ਮਾਰ ਹੇਠ ਫਿਰ ਓਸੇ ਕਾਂਗਰਸ ਨਾਲ ਜਾ ਜੁੜੇ ਸਨ। ਜਿਹੜੇ ਬੇਅੰਤ ਸਿੰਘ ਨੇ ਅਕਾਲੀ ਦਲ ਵੱਲੋਂ ਚੋਣ ਲੜ ਕੇ ਹਾਰੀ ਤੇ ਫਿਰ ਆਜ਼ਾਦ ਚੋਣ ਲੜ ਕੇ ਅਕਾਲੀ-ਕਾਂਗਰਸੀ ਦੋਵਾਂ ਨੂੰ ਹਰਾਇਆ ਸੀ, ਉਹ ਵੀ ਸਮਾਂ ਪਾ ਕੇ ਪੰਜਾਬ ਦੀ ਕਾਂਗਰਸ ਦਾ ਪ੍ਰਧਾਨ ਬਣ ਗਿਆ ਤੇ ਫਿਰ ਪੰਜਾਬ ਦਾ ਮੁੱਖ ਮੰਤਰੀ ਵੀ ਬਣ ਗਿਆ। ਇਹੋ ਕਿੱਸਾ ਅੱਜ ਵਾਲੇ ਕਾਂਗਰਸੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਹੈ, ਜਿਸ ਨੇ ਪਹਿਲੀ ਚੋਣ ਆਜ਼ਾਦ ਲੜੀ, ਕਾਂਗਰਸੀ ਤੇ ਅਕਾਲੀ ਦੋਵਾਂ ਨੂੰ ਹਰਾਇਆ ਅਤੇ ਅਗਲੀਆਂ ਦੋ ਚੋਣਾਂ ਕਾਂਗਰਸ ਵੱਲੋਂ ਜਿੱਤਣ ਪਿੱਛੋਂ ਓਸੇ ਕਾਂਗਰਸ ਦੀ ਰਾਜ ਸਰਕਾਰ ਦਾ ਮੁੱਖ ਮੰਤਰੀ ਬਣ ਗਿਆ ਹੈ। ਪਹਿਲਾਂ ਪ੍ਰਤਾਪ ਸਿੰਘ ਕੈਰੋਂ ਨੇ ਏਦਾਂ ਅਕਾਲੀ ਉਮੀਦਵਾਰ ਵਜੋਂ 1937 ਵਿੱਚ ਦੇਸ਼ਭਗਤ ਬਾਬਾ ਗੁਰਦਿੱਤ ਸਿੰਘ ਕਾਮਾ ਗਾਟਾਮਾਰੂ ਨੂੰ ਝੂਠੇ ਪ੍ਰਚਾਰ ਨਾਲ ਹਰਾਇਆ ਸੀ ਤੇ ਫਿਰ ਕਾਂਗਰਸ ਵੱਲੋਂ ਮੁੱਖ ਮੰਤਰੀ ਬਣ ਕੇ ਅਕਾਲੀਆਂ ਦੀ ਅੱਖ ਦਾ ਕੁੱਕਰਾ ਜਾ ਬਣਿਆ ਸੀ, ਪਰ ਉਸ ਦੇ ਅੱਖਾਂ ਮੀਟਣ ਪਿੱਛੋਂ ਪਤਨੀ ਵੀ ਅਤੇ ਪੁੱਤਰ ਵੀ ਫਿਰ ਅਕਾਲੀ ਦਲ ਵੱਲੋਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਲੜਦੇ ਫਿਰਦੇ ਸਨ। ਸ਼ਹੀਦ ਭਗਤ ਸਿੰਘ ਦੇ ਸਾਥੀ ਸੋਹਣ ਸਿੰਘ ਜੋਸ਼ ਨੂੰ ਅਕਾਲੀ ਆਗੂ ਈਸ਼ਰ ਸਿੰਘ ਮਝੈਲ ਨੇ ਇੱਕ ਝੂਠੀ ਤੋਹਮਤ ਲਾ ਕੇ ਹਰਾ ਦਿੱਤਾ ਸੀ ਅਤੇ ਲੋਕਾਂ ਨੂੰ ਇਸ ਖੇਡ ਦੀ ਸਮਝ ਨਹੀਂ ਸੀ ਪੈ ਸਕੀ। ਗਦਰ ਪਾਰਟੀ ਬਣਾਉਣ ਅਤੇ ਸਾਰੀ ਉਮਰ ਲੋਕਾਂ ਲਈ ਸੰਘਰਸ਼ ਕਰਨ ਤੇ ਜੇਲ੍ਹਾਂ ਵਿੱਚ ਸਾਲਾਂ ਬੱਧੀ ਸਖਤੀਆਂ ਝੱਲਣ ਵਾਲੇ ਬਾਬਾ ਸੋਹਣ ਸਿੰਘ ਭਕਨਾ ਨੂੰ ਵਿਧਾਨ ਸਭਾ ਵਿੱਚ ਵੜਨ ਤੋਂ ਰੋਕਣ ਲਈ ਕਾਂਗਰਸ ਦੇ ਆਗੂਆਂ ਨੇ ਉਸ ਦੇ ਮੁਕਾਬਲੇ ਝਬਾਲ ਦੀ ਸੀਟ ਤੋਂ ਗੁਰਦਿਆਲ ਸਿੰਘ ਢਿੱਲੋਂ ਨੂੰ ਖੜਾ ਕੀਤਾ ਤੇ ਮਹਾਨ ਦੇਸ਼ਭਗਤ ਬਾਬੇ ਦੇ ਰਾਹ ਵਿੱਚ ਕੰਡੇ ਵਿਛਾਉਣ ਲਈ ਰਾਤ-ਦਿਨ ਇੱਕ ਕਰ ਰੱਖਿਆ ਸੀ। ਬਾਬਾ ਗੁਰਦਿੱਤ ਸਿੰਘ ਕਾਮਾ ਗਾਟਾਮਾਰੂ, ਬਾਬਾ ਸੋਹਣ ਸਿੰਘ ਭਕਨਾ ਅਤੇ ਸੋਹਣ ਸਿੰਘ ਜੋਸ਼ ਨੂੰ ਦੇਸ਼ਭਗਤੀ ਦਾ ਸਰਟੀਫਿਕੇਟ ਚੁੱਕੀ ਫਿਰਦੇ ਕਾਂਗਰਸੀਆਂ ਨੇ ਇਸ ਲਈ ਹਰਾਇਆ ਸੀ ਕਿ ਉਨ੍ਹਾਂ ਅਸਲੀ ਦੇਸ਼ਭਗਤਾਂ ਦੇ ਸਾਹਮਣੇ ਇਨ੍ਹਾਂ ਨੂੰ ਆਪਣਾ ਕੱਦ ਬੌਣਾ ਲੱਗਦਾ ਸੀ। ਪੰਜਾਬ ਦੇ ਲੋਕਾਂ ਨੂੰ ਓਦੋਂ ਇਸ ਖੇਡ ਦੀ ਸਮਝ ਨਹੀਂ ਸੀ ਪੈ ਸਕੀ ਤੇ ਉਹ ਭੁਚਲਾਏ ਗਏ ਸਨ। ਵਕਤ ਨੇ ਏਦਾਂ ਦੇ ਕਈ ਦ੍ਰਿਸ਼ ਵੀ ਵਿਖਾਏ ਹੋਏ ਹਨ।

ਇਸ ਵੇਲੇ ਪੰਜਾਬ ਵਿੱਚ ਵਿਧਾਨ ਸਭਾ ਚੋਣ ਦਾ ਦੌਰ ਫਿਰ ਚੱਲ ਪਿਆ ਹੈ। ਅਸੀਂ ਮੇਲਿਆਂ ਵਿੱਚ ਹੀਰ ਦੀ ਕਿਤਾਬ ਵੇਚਣ ਲਈ ਬੋਰੀਆਂ ਵਿਛਾਈ ਬੈਠੇ ਦੁਕਾਨਦਾਰਾਂ ਤੋਂ ਸੁਣਦੇ ਹੁੰਦੇ ਸਾਂ ਕਿ 'ਵਾਰਸ ਸ਼ਾਹ ਦੀ ਅਸਲੀ ਹੀਰ' ਸਿਰਫ ਇਹੋ ਹੈ, ਜਿਹੜੀ ਮੈਂ ਵੇਚਦਾ ਪਿਆ ਹਾਂ। ਅੱਜਕੱਲ੍ਹ ਚੋਣਾਂ ਦੇ ਦੌਰ ਵਿੱਚ ਫਿਰ ਹਰ ਪਾਰਟੀ ਦਾ ਹਰ ਲੀਡਰ ਇਹੋ ਕਹੀ ਜਾ ਰਿਹਾ ਹੈ ਕਿ ਪੰਜਾਬ ਦੀ ਭਲਾਈ ਦਾ ਤਿੱਬੀ-ਯੂਨਾਨੀ ਅਤੇ ਹਕੀਮ ਲੁਕਮਾਨੀ ਨੁਸਖਾ ਸਿਰਫ ਉਨ੍ਹਾਂ ਕੋਲ ਹੈ ਤੇ ਪੰਜਾਬ ਦੇ ਲੋਕ ਏਨੀ ਭੀੜ ਵਿੱਚੋਂ ਆਪਣੇ ਮਰਜ਼ ਦਾ ਇਲਾਜ ਕਰਨ ਵਾਲਾ ਹਕੀਮ ਲੱਭਣ ਵਿੱਚ ਔਖ ਮਹਿਸੂਸ ਕਰਦੇ ਹਨ। ਅਗਲੇ ਦਿਨਾਂ ਵਿੱਚ ਇਹੋ ਜਿਹੇ ਦਾਅਵੇ ਕਰਨ ਵਾਲੇ ਲੀਡਰਾਂ ਦੀ ਸੁਰ ਵੀ ਹੋਰ ਉੱਚੀ ਹੋ ਜਾਣੀ ਹੈ, ਨੌਟੰਕੀ ਵੀ ਦਿਨੋ-ਦਿਨ ਵਧਣੀ ਹੈ ਤੇ ਆਮ ਲੋਕਾਂ ਦਾ ਭੰਬਲਭੂਸਾ ਵੀ ਦਿਨੋ ਦਿਨ ਵਧਣਾ ਹੈ। ਬਚਪਨ ਵਿੱਚ ਅਸੀਂ ਸਾਰਿਆਂ ਨੇ ਉਸ ਬੱਚੇ ਦੀ ਕਹਾਣੀ ਸੁਣੀ ਅਤੇ ਪੜ੍ਹੀ ਹੋਈ ਹੈ, ਜਿਹੜਾ ਭੇਡ ਦਾ ਮੇਮਣਾ ਲਈ ਜਾਂਦਾ ਸੀ ਅਤੇ ਚਾਰ ਬਦਮਾਸ਼ਾਂ ਵਾਰੀ ਵਾਰੀ ਇਹ ਕਹਿ ਕੇ ਉਸ ਨੂੰ ਬੇਵਕੂਫ ਬਣਾ ਲਿਆ ਸੀ ਕਿ ਇਹ ਮੇਮਣਾ ਨਹੀਂ, ਕਤੂਰਾ ਹੈ। ਵਿਚਾਰਾ ਬੱਚਾ ਉਨ੍ਹਾਂ ਦੇ ਝਾਂਸੇ ਵਿੱਚ ਆ ਕੇ ਕਤੂਰਾ ਮੰਨ ਕੇ ਮੇਮਣਾ ਉਨ੍ਹਾਂ ਅੱਗੇ ਸੁੱਟ ਬੈਠਾ ਅਤੇ ਖਾਲੀ ਹੱਥ ਘਰ ਘਰ ਜਾ ਵੜਿਆ ਸੀ। ਇਸ ਵੇਲੇ ਪੰਜਾਬ ਤੇ ਇਸ ਦੇ ਨਾਲ ਹੀ ਚਾਰ ਹੋਰਨਾਂ ਰਾਜਾਂ ਦੇ ਲੋਕਾਂ ਨੂੰ ਠੱਗਣ ਵਾਲੀਆਂ ਧਾੜਾਂ ਇੱਕ ਵਾਰ ਫਿਰ ਮੈਦਾਨ ਵਿੱਚ ਨਿਕਲ ਤੁਰੀਆਂ ਹਨ ਤੇ ਉਨ੍ਹਾਂ ਕੋਲ ਆਮ ਲੋਕਾਂ ਨੂੰ ਮੂਰਖ ਬਣਾ ਕੇ ਵੋਟਾਂ ਠੱਗਣ ਲਈ ਹਰ ਹੱਥਕੰਡਾ ਹੈ। ਸਮਝਣ ਦੀ ਲੋੜ ਹੈ, ਪਰ ਪੰਜਾਬ ਦੇ ਲੋਕਾਂ ਨੂੰ ਏਦਾਂ ਦੀਆਂ ਮੋਮੋਠਗਣੀਆਂ ਧਾੜਾਂ ਵਿੱਚੋਂ ਆਪਣਾ ਦੁਸ਼ਮਣ ਪਛਾਨਣ ਦੀ ਜਿਹੜੀ ਸੂਝ ਚਾਹੀਦੀ ਹੈ, ਉਹ ਪਿਛਲੇ ਵਕਤਾਂ ਵਿੱਚ ਕਦੀ ਨਜ਼ਰ ਨਹੀਂ ਪਈ ਤੇ ਅੱਗੋਂ ਦਾ ਵੀ ਪਤਾ ਨਹੀਂ। ਇਸ ਕਰ ਕੇ ਬਹੁਤ ਸਾਰੇ ਬੁੱਧੀਵਾਨਾਂ ਨਾਲ ਗੱਲਬਾਤ ਦੇ ਦੌਰਾਨ ਏਥੇ ਆ ਕੇ ਗੱਲ ਮੁੱਕ ਜਾਂਦੀ ਰਹੀ ਹੈ ਕਿ ਹੋਣਾ ਬਹੁਤ ਕੁਝ ਚਾਹੀਦਾ ਹੈ, ਵਿਚਾਰ ਵੀ ਬਹੁਤ ਹਨ, ਪਰ ਰਾਜਨੀਤੀ ਦੇ ਰਥਵਾਨਾਂ ਨੇ ਲੋਕਾਂ ਨੂੰ ਸੋਚਣ ਜੋਗੇ ਹੀ ਨਹੀਂ ਛੱਡਿਆ। ਇਹੀ ਕਾਰਨ ਹੈ ਕਿ ਇਸ ਵਕਤ ਏਥੇ ਬੁੱਧੀਜੀਵੀ ਬਹੁਤ ਹਨ, ਜਿਹੜੇ ਬੁੱਧੀ ਨੂੰ ਜੀਵਿਕਾ ਕਮਾਉਣ ਦਾ ਵਸੀਲਾ ਮੰਨਦੇ ਹਨ, ਬੁੱਧੀਵਾਨੀ ਨੂੰ ਲੋਕਾਂ ਲਈ ਵਰਤਣ ਵਾਲੇ ਬਹੁਤ ਥੋੜ੍ਹੇ ਹਨ ਅਤੇ ਇਹ ਸੋਚ ਵਾਰ-ਵਾਰ ਉੱਠਦੀ ਹੈ ਕਿ ਜਿੱਤ ਕੇ ਲੜਾਈਆਂ ਹਾਰਨ ਗਿੱਝਾ ਹੋਇਆ ਪੰਜਾਬ ਇਸ ਵਾਰ ਕੀ ਕਰੇਗਾ!

# ਕੈਨੇਡਾ ਵਿਚ ਐਨ ਆਰ ਆਈ ਧੋਖੇ ਦੇ ਵਿਆਹ ਸ਼ਾਦੀ ਤੋਂ ਬਾਅਦ ਹੁਣ ਵਿਦਿਆਰਥੀਆਂ ਨੂੰ ਵੀ ਕਾਲਜਾਂ ਵਲੋਂ ਚੂਨਾ



ਸੁਰਜੀਤ ਸਿੰਘ ਫਲੋਰਾ

ਪੰਜਾਬ ਦੇ ਬਹੁਤੇ ਨੌਜਵਾਨ ਉੱਤਰੀ ਅਮਰੀਕਾ -ਕੈਨੇਡਾ ਜਾਂ ਯੂਰਪ ਵਿੱਚ ਪਰਵਾਸ ਕਰਨਾ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਨੂੰ ਆਪਣੇ ਦੇਸ਼ ਵਿਚ ਕੋਈ ਚੰਗੇਰਾ ਭਵਿੱਖ ਨਜ਼ਰ ਨਹੀਂ ਆਉਂਦਾ ਜਾਂ ਇਹ ਕਹਿ ਲਉ ਕੇ ਚਾਚੇ ਦੀ ਧੀ ਚੱਲੀ ਤੇ ਮੈਂ ਕਿਉਂ ਰਹਾ ਕੱਲੀ ਵਿੱਚ ਹਨੇਰੀਆਂ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ। ਇੱਥੋਂ ਤੱਕ ਕਿ ਉਨ੍ਹਾਂ ਦੇ ਮਾਪੇ ਵੀ ਚਾਹੁੰਦੇ ਹਨ ਕਿ ਉਹ ਵਿਦੇਸ਼ ਜਾਣ ਤਾਂ ਜੋ ਜਦੋਂ ਇਹ ਬੱਚੇ ਇਨ੍ਹਾਂ ਦੇਸ਼ਾਂ ਵਿੱਚ ਸਥਾਈ ਨਿਵਾਸ ਪ੍ਰਾਪਤ ਕਰ ਲੈਣ ਤਾਂ ਉਹ ਵੀ ਇਹਨਾਂ ਬਾਹਰਲੇ ਮੁਲਕਾਂ ਵਿਚ ਆ ਵਸਣ।

ਅੱਜ ਇਨ੍ਹਾਂ ਨੌਜਵਾਨਾਂ ਲਈ ਵਿਦੇਸ਼ ਜਾਣ ਦਾ ਸਭ ਤੋਂ ਅਸਾਨ ਰਸਤਾ ਵਿਦਿਆਰਥੀ ਵੀਜ਼ਾ ਹੈ। ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਯੂਰਪ ਦੇ ਬਹੁਤ ਸਾਰੇ ਦੇਸ਼ਾਂ ਨੂੰ ਜਨਸੰਖਿਆ ਕਾਰਨਾਂ ਕਰਕੇ ਪ੍ਰਵਾਸੀਆਂ ਦੀ ਬੁਰੀ ਤਰ੍ਹਾਂ ਲੋੜ ਹੈ, ਅਤੇ ਇਹ ਰਾਸ਼ਟਰ ਲੋਕਾਂ ਦੁਆਰਾ ਵਿਦਿਆਰਥੀ ਵੀਜ਼ਾ ਰੂਟ ਦੀ ਦੁਰਵਰਤੋਂ ਬਾਰੇ ਵੀ ਪ੍ਰਵਾਹ ਨਹੀਂ ਕਰਦੇ ਹਨ।

ਪਰ ਸਾਡੇ ਲੋਕ ਭਾਵੇਂ ਕੈਨੇਡਾ ਦੇ ਕਾਲਜ਼ ਆਮ ਨਾਗਰਿਕ ਦੇ ਮੁਕਾਬਲੇ ਵਿਦੇਸ਼ੀ ਵਿਦਿਆਰਥੀਆਂ ਪਾਸੋ ਕਈ ਗੁਣਾ ਵੱਧ ਫੀਸਾ ਵਸੂਲਦੇ ਹਨ ਪਰ ਫਿਰ ਵੀ ਘਰ-ਵਰ ਸਭ ਗਹਿਣੇ ਰੱਖਕੇ ਉਹ ਆਪਣੇ ਬੱਚਿਆਂ ਨੂੰ ਇਹਨਾਂ ਮੁਲਕਾਂ ਵਿਚ ਭੇਜਦੇ ਹਨ ਇਸ ਆਸ ਨਾਲ ਕੇ ਇਕ ਦਿਨ ਉਹ ਪੱਕੇ ਹੋ ਜਾਣਗੇ ਤਾਂ ਉਹ ਵੀ ਉਹਨਾਂ ਕੋਲ ਪਹੁੰਚ ਹੀ ਜਾਣਗੇ। ਇਕ ਕੈਨੇਡਾ ਪੰਜਾਬੀਆਂ ਲਈ ਮੋਹਰੀ ਟਿਕਾਣਾ ਬਣ ਗਿਆ ਹੈ, ਇਸ ਲਈ ਇਹ ਦੇਸ਼ ਵਿਦਿਆਰਥੀ-ਵੀਜ਼ਾ ਤੋਂ ਸਥਾਈ-ਨਿਵਾਸ ਮਾਰਗ ਤੋਂ ਤਿੰਨ ਤਰੀਕਿਆਂ ਨਾਲ ਲਾਭ ਪ੍ਰਾਪਤ ਕਰਦਾ ਹੈ।

ਇੱਕ, ਕੈਨੇਡੀਅਨ ਵਿਦਿਅਕ ਸੰਸਥਾਵਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ 400 ਪ੍ਰਤੀਸ਼ਤ ਫੀਸਾਂ ਵਸੂਲਦੀਆਂ ਹਨ, ਜਿਸ ਨਾਲ ਕੈਨੇਡੀਅਨ ਆਰਥਿਕਤਾ ਵਿੱਚ ਅਰਬਾਂ ਦਾ ਵਾਧਾ ਹੁੰਦਾ ਹੈ। ਦੋ, ਕੈਨੇਡਾ ਨੂੰ ਸਿੱਖਿਅਤ ਨੌਜਵਾਨ ਸ਼ਕਤੀ ਮਿਲਦੀ ਹੈ। ਤਿੰਨ, ਨੌਜਵਾਨ ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਦੀ ਜਨਸੰਖਿਆ ਨੂੰ ਵਧਾਉਂਦੇ ਹਨ ਜਿਸ ਦੀ ਕੈਨੇਡਾ ਨੂੰ ਬਹੁਤ ਲੋੜ ਹੈ।

ਪਰ ਕਈ ਵਾਰ ਇਹ ਵਿਦਿਆਰਥੀ ਕਿਸੇ ਐਸੇ ਏਜੰਟਾਂ ਜਾਂ ਕਾਲਜਾਂ ਦੇ ਅਧਿਕਾਰੀਆਂ ਨਾਲ ਰਾਸਤਾਂ ਕਾਇਮ ਕਰ ਲੈਂਦੇ ਹਨ ਜੋ ਬਾਅਦ ਵਿਚ ਧੋਖਾਂ ਕਰ ਜਾਂਦੇ ਹਨ ਜਾਂ ਕਾਲਜਾਂ ਲਈ ਬਣਾਇਆ ਇਮਾਰਤਾਂ ਸਭ ਕਾਗਜਾਂ ਵਿਚ ਹੀ ਹੁੰਦੀਆਂ ਹਨ। ਇਸੇ ਤਰ੍ਹਾਂ ਅੱਜ ਕਲ੍ਹ ਇਕ ਖ਼ਬਰ ਹਰ ਅਖ਼ਬਾਰ ਅਤੇ ਟੀ ਵੀ ਦੀਆਂ ਸੁਰਖ਼ੀਆਂ ਬਣ ਰਿਹਾ ਹੈ ਜੋ ਹੈ ਮਾਂਟਰੀਅਲ, ਕਿਊਬਿਕ, ਕੈਨੇਡਾ ਦੇ ਤਿੰਨ ਕਾਲਜ, ਐਮ-ਕਾਲਜ, ਸੀਡੀਈ ਅਤੇ ਸੀਸੀਐਸਕਿਊ ਨੇ ਦੀਵਾਲੀਆ ਘੋਸ਼ਿਤ ਕਰਕੇ ਵਿਦਿਆਰਥੀਆਂ ਦੇ ਲੱਖਾ ਡਾਲਰ ਹੜੱਪ ਲਏ।

ਇਨ੍ਹਾਂ ਪਰਿਵਾਰਾਂ ਨੇ ਆਪਣੇ ਬੱਚਿਆਂ ਨੂੰ ਕੈਨੇਡਾ ਵਿੱਚ ਪੜ੍ਹਾਈ ਲਈ ਭੇਜਣ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ। ਬਹੁਤ ਸਾਰੇ ਵਿਦਿਆਰਥੀ ਗਰੀਬੀ ਪ੍ਰਭਾਵਿਤ ਖੇਤਰਾਂ ਤੋਂ ਆਉਂਦੇ ਹਨ। ਇਹ ਉਨ੍ਹਾਂ ਲਈ ਭਿਆਨਕ ਘਟਨਾ ਹੈ। ਕਈ ਮਾਂ ਬਾਪ ਨੇ ਆਪਣੇ ਬੱਚਿਆਂ ਨੂੰ ਕੈਨੇਡਾ ਭੇਜਣ ਲਈ ਘਰਾਂ ਤੇ ਜ਼ਮੀਨਾਂ ਨੂੰ ਗਿਰਵੀ ਰੱਖ ਕੇ ਇਹਨਾਂ ਨੂੰ ਕੈਨੇਡਾ ਭੇਜਿਆਂ ਹੋਵੇਗਾ। ਜਿਹਨਾਂ ਦੇ ਸਾਰੇ ਸੁਪਨੇ ਚਕਨਾਂ ਚੋਰ ਹੋ ਚੁਕੇ ਹਨ।

ਇਸ ਤਰ੍ਹਾ ਦੇ ਬਹੁਤ ਸਾਰੇ ਕਾਲਜ ਟਰਾਂਟੋ ਦੇ ਇਲਾਕੇ ਵਿਚ ਵੀ ਹਨ ਜੋ ਸਿਰਫ਼ ਕਾਗਜਾਂ ਵਿਚ ਹੀ ਹਨ ਜਾਂ ਇਕ ਛੋਟੇ ਜਿਹੇ ਕਮਰੇ ਤੱਕ ਹੀ ਸੀਮਿਤ ਹਨ ਤਾਂ ਜੋ ਸਰਕਾਰਾਂ ਨੂੰ ਧੋਖਾਂ ਦੇ ਕੇ ਇਹ ਇਮਾਰਤਾਂ ਦਾ ਦਿਖਾਵਾਂ ਕਰਕੇ ਵਿਦਿਆਰਥੀਆਂ ਦੀਆਂ ਫੀਸਾਂ ਹੀ ਨਹੀਂ ਬੱਲਕੇ ਸਰਕਾਰਾਂ ਤੋਂ ਪੈਸਾ ਵੀ ਵਸੂਲ ਕਰ ਸਕਣ। ਇਹਨਾਂ ਵਿਚ ਬਹੁਤ ਸਾਡੇ ਆਪਣੇ ਭੰਦੇ ਹੁੰਨਰਮੰਦ ਲੋਕ ਹਨ ਜੋ ਆਪਣੇ ਹੀ ਲੋਕਾ ਨੂੰ ਚੂਨਾ ਲਗਾਉਣ ਤੋਂ ਵਾਜ ਨਹੀਂ ਆ ਰਹੇ।

ਇਨ੍ਹਾਂ ਕਾਲਜਾਂ ਵਿੱਚ ਪੰਜਾਬ ਅਤੇ ਭਾਰਤ ਦੇ ਕਈ ਹੋਰ ਰਾਜਾਂ ਦੇ ਹਜ਼ਾਰਾਂ ਵਿਦਿਆਰਥੀ ਪੜ੍ਹਦੇ ਸਨ। ਜਿਹਨਾਂ ਨੇ ਹਜ਼ਾਰਾਂ ਡਾਲਰ ਫੀਸਾਂ ਰਹਿਣ ਲਈ ਕਿਰਾਏ ਅਤੇ ਹੋਰ ਖਰਚੇ ਅਦਾ ਕੀਤੇ ਹੋਏ ਸਨ। ਫਿਲਹਾਲ ਉਹ ਆਨਲਾਈਨ ਪੜ੍ਹਾਈ ਕਰ ਰਹੇ ਸਨ। ਕਾਲਜ ਬੰਦ ਹੋਣ ਤੋਂ ਨਾਰਾਜ਼ ਵਿਦਿਆਰਥੀਆਂ ਨੇ ਮਾਂਟਰੀਅਲ ਵਿੱਚ ਇਕੱਠੇ ਹੋ ਕੇ ਵਿਰੋਧ ਵਿੱਚ ਨਾਅਰੇਬਾਜ਼ੀ ਕੀਤੀ। ਅਫ਼ਸੋਸ ਦੀ ਗੱਲ ਹੈ ਕਿ ਇਨ੍ਹਾਂ ਵਿੱਚੋਂ 70 ਫੀਸਦੀ ਵਿਦਿਆਰਥੀ ਗ੍ਰੈਜੂਏਟ ਹੋਣ ਵਾਲੇ ਸਨ ਅਤੇ 30 ਫੀਸਦੀ ਵਿਦਿਆਰਥੀਆਂ ਨੇ ਆਪਣੀ ਪੜ੍ਹਾਈ ਹਾਲੇ ਸ਼ੁਰੂ ਹੀ ਕੀਤੀ ਸੀ।

ਇਸ ਅਜੀਬੋ-ਗਰੀਬ ਘੁਟਾਲੇ ਦੇ ਇੱਕ ਦੋਸ਼ੀ, ਜੋ ਕਾਲਜ ਦਾ ਮਾਲਕ ਸੀ, ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਦੂਜਾ ਅਜੇ ਫਰਾਰ ਹੈ। ਅਜਿਹੇ ਘੁਟਾਲੇ ਕੋਈ ਨਵੀਂ ਗੱਲ ਨਹੀਂ ਹੈ ਪਰ ਹੁਣ ਕੋਵਿਡ-19 ਦੇ ਬਹਾਨੇ ਸਕੂਲ ਅਤੇ ਕਾਲਜ ਬੰਦ ਹੋਣ ਦੀਆਂ ਲਗਾਤਾਰ ਖਬਰਾਂ ਆ ਰਹੀਆਂ ਹਨ। ਜਨਵਰੀ 2013 ਵਿੱਚ ਕੈਨੇਡਾ ਦੇ ਤਤਕਾਲੀ ਇਮੀਗ੍ਰੇਸ਼ਨ ਮੰਤਰੀ ਜੇਸਨ ਕੈਨੀ ਨੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਹੀ ਨਹੀਂ ਬੱਲਕੇ ਵੈਨਕੂਵਰ , ਟਰਾਂਟੋ ਦੇ ਕਈ ਇਲਾਕਿਆਂ ਵਿਚ ਮੀਡੀਏ ਨਾਲ ਮਿਲ ਕੇ ਕਈ ਪ੍ਰੈਸ ਕਾਨਫਰੰਸ ਵਿੱਚ ਖੁਲਾਸਾ ਕੀਤਾ ਸੀ ਕਿ ਪੰਜਾਬ ਵਿੱਚ ਗੈਰ-ਰਜਿਸਟਰਡ ਟਰੈਵਲ ਏਜੰਟਾਂ ਵੱਲੋਂ



ਆਮ ਲੋਕਾਂ ਨਾਲ ਧੋਖਾ ਕੀਤਾ ਜਾ ਰਿਹਾ ਹੈ ਤੇ ਇਹਨਾਂ ਤੇ ਨੱਥ ਪਾਉਣ ਵਿਚ ਕਾਫ਼ੀ ਹੱਦ ਤੱਕ ਕਾਮਯਾਬ ਹੀ ਹੋ ਗਿਆ ਸੀ, ਪਰ ਬਾਅਦ ਵਿਚ ਲਿਬਰਲ ਟਰੂਡੋ ਸਰਕਾਰ ਆਉਣ ਤੇ ਸਭ ਕੁਝ ਉਲਟ ਹੀ ਨਹੀਂ ਹੋਇਆ ਬੱਲਕੇ ਇਹ ਸਭ ਧੋਖਾਂ ਧੜੀ ਆਪ ਹੀ ਹੋ ਗਈ ਹੈ।

ਇਸ ਦੇ ਨਾਲ ਹੀ ਉਸ ਸਮੇਂ ਸਿਰਫ਼ ਵਿਦਿਆਰਥੀਆਂ ਦਾ ਮੁਦਾ ਹੀ ਨਹੀਂ ਸੀ, ਬੱਲਕੇ ਬਹੁਤ ਸਾਰੇ ਐਨ ਆਰ ਆਈ ਠੱਗ ਨਕਲੀ ਵਿਆਹ ਦਿਖਾ ਕੇ ਲੋਕਾ ਤੋਂ ਲੱਖਾ ਡਾਲਰ ਵਿਆਹ ਤੇ ਮਿ-ਲਿਆ ਪੈਸਾ, ਸੋਨਾ ਸਭ ਹੜੱਪ ਜਾਂਦੇ ਸਨ, ਤੇ ਜਦ ਕੁੜੀ ਜਾਂ ਮੁੰਡਾ ਕੈਨੇਡੇ ਏਅਰਪੋਰਟ ਤੇ ਪਹੁੰਚਦੇ ਸਨ ਤਾਂ ਅੱਗੋ ਉਹਨਾਂ ਨੂੰ ਕੋਈ ਲੈਣ ਹੀ ਨਹੀਂ ਸੀ ਆਉਂਦਾ , ਸਭ ਪਤੇ ਤੇ ਪੇਪਰ ਫ਼ਰਜੀ ਹੁੰਦੇ ਸਨ।

ਮਜ਼ਾਕੀਆ ਗੱਲ ਹੈ ਕਿ ਇਹ ਚੋਰ ਅਤੇ ਧੋਖੇਬਾਜ਼ ਫਵੇ ਜਾਣ 'ਤੇ ਕਿਵੇਂ ਭੱਜਦੇ ਹਨ ਅਤੇ ਲੁਕ ਜਾਂਦੇ ਹਨ। ਅਤੇ ਪਿੱਛੇ ਛੁਪਾਉਣ ਲਈ ਮੌਜੂਦਾ ਕਾਨੂੰਨੀ ਨੁਕਤਿਆਂ ਬਾਰੇ ਪਹਿਲਾਂ ਤੋਂ ਹੀ ਸਭ ਤਿਆਰੀ ਕਰ ਰੱਖਦੇ ਹਨ ਤੇ ਉਹ ਸਾਫ਼ ਹੀ ਸਭ ਕਾਨੂੰਨੀ ਦਾਅ ਪੇਚਿਆਂ ਤੋਂ ਬਾਹਰ ਨਿਕਲ ਜਾਂਦੇ ਹਨ।

ਭਾਰਤ ਦੇ ਲੋਕ ਆਮ ਤੌਰ 'ਤੇ ਕੈਨੇਡੀਅਨ ਸਰਕਾਰ ਦੇ ਨਾਲ -ਨਾਲ ਕਾਨੂੰਨੀ ਪਾਲਸੀਆਂ ਦਾ ਅਤੇ ਕਾ ਦਾ ਉੱਚ ਸਨਮਾਨ ਕਰਦੇ ਹਨ। ਉਹ ਇੰਨੇ ਭੋਲੇ ਹਨ ਕਿ ਉਹ ਕੈਨੇਡਾ ਦੀ ਧਰਤੀ 'ਤੇ ਹੋਣ ਵਾਲੇ ਧੋਖਾਧੜੀ ਬਾਰੇ ਸੋਚ ਵੀ ਨਹੀਂ ਸਕਦੇ। ਫਿਰ ਇਹਨਾਂ ਘਪਲਿਆਂ ਨਾਲ ਅਤੇ ਉਹ ਵੀ ਸਿੱਖਿਆ ਪ੍ਰਣਾਲੀ ਤੋਂ ਉਨ੍ਹਾਂ ਦਾ ਕੈਨੇਡੀਅਨ ਪ੍ਰਣਾਲੀ ਤੋਂ ਭਰੋਸਾ ਪੂਰੀ ਤਰ੍ਹਾਂ ਟੁੱਟਣ ਵਾਲਾ ਹੈ ਜਦੋਂ ਤੱਕ ਸਰਕਾਰ ਦਖਲ ਨਹੀਂ ਦਿੰਦੀ ਅਤੇ ਵਿਦਿਆਰਥੀਆਂ ਨੂੰ ਧੋਖੇਬਾਜ਼ਾਂ ਤੋਂ ਨਹੀਂ ਬਚਾਉਂਦੀ ਤਾਂ ਉਨ੍ਹਾਂ ਨੂੰ ਭਾਰਤੀ ਭ੍ਰਿਸ਼ਟ ਪ੍ਰਣਾਲੀ ਅਤੇ ਕੈਨੇਡੀਅਨ "ਕਥਿਤ ਤੌਰ 'ਤੇ" ਭ੍ਰਿਸ਼ਟਾਚਾਰ ਮੁਕਤ ਸਮਾਜ ਵਿੱਚ ਕੋਈ ਫ਼ਰਕ ਨਜ਼ਰ ਨਹੀਂ ਆਵੇਗਾ।

ਪਰ ਇਕ ਕੌੜਾ ਸੱਚ ਇਹ ਵੀ ਹੈ ਕਿ ਇਹ ਵਿਦਿਆਰਥੀ ਕਿੰਨੇ ਕੋ ਦੁੱਧ ਧੋਤੇ ਹਨ, ਗੱਡੀਆਂ ਦੀਆਂ ਇੰਨਸ਼ੋਰਸਾਂ ਦੇ ਧੋਖੇ , ਮਹਿੰਗੀਆਂ ਗੱਡੀਆਂ ਦਿਖਾਵੇ ਲਈ ਖਰੀਦ ਕੇ ਜਦ ਕਿਸਤਾਂ ਨਹੀਂ ਦੇ ਹੁੰਦਿਆਂ ਤੇ ਆਪਿਸ ਵਿਚ ਦੋ ਗੱਡੀਆਂ ਦੀ ਟੱਕਰ ਕਰਵਾ ਕੇ ਇੰਨਸ਼ੋਰਸਾਂ ਤੋਂ ਪੈਸਾ ਵਸੂਲ ਲਿਆਂ ਜਾਂਦਾ ਹੈ। ਜਿਸ ਕਰਕੇ ਬਰੈਂਪਟਨ ਮਿਸੀਸਾਗਾ ਦੇ ਇਲਾਕੇ ਵਿਚ ਬਹੁਤੇ ਵਿਦਿਆਰਥੀਆਂ ਨੂੰ ਗੱਡੀਆਂ ਦੀ ਇੰਨਸ਼ੋਰਸਨ ਤੱਕ ਨਹੀਂ ਮਿਲਦੀ । ਇਹਨਾਂ ਦੇ ਕਰਕੇ ਆਮ ਨਾਗਰਿਕਾਂ ਦੀਆਂ ਇੰਨਸ਼ੋਰਸ਼ਾ ਅਸਮਾਨੀ ਪਹੁੰਚਿਆਂ ਹੋਇਆ ਹਨ ਕਿਉਂਕਿ ਇਹਨਾਂ ਇਲਾਕਿਆਂ ਵਿਚ ਇੰਨਸੋਰੈਂਸ਼ ਕੰਪਨੀਆਂ ਨੂੰ ਐਕਸੀਡੈਂਟ ਹੋਣ ਤੇ ਸਭ ਤੋਂ ਵੱਧ ਪੈਸੇ ਦੀ ਅਦਾਇਗੀ ਕਰਨੀ ਪੈ ਰਹੀ ਹੈ ਜੋ ਸਭ ਨੂੰ ਭੁਗਤਨੀ ਪੈ ਰਹੀ ਹੈ।

ਗੱਲ ਕਰਕੇ ਹਾਂ ਇਹਨਾਂ ਵਿਦਿਆਰਥੀਆਂ ਦੇ ਹੜੱਪੇ ਗਏ ਪੈਸੇ ਦੀ। ਤਿੰਨ ਕਿਊਬਿਕ ਕਾਲਜਾਂ ਅਤੇ ਇੱਕ ਭਰਤੀ ਫਰਮ ਨੇ ਕਰਜ਼ਦਾਰ ਸੁਰੱਖਿਆ ਲਈ ਦਾਇਰ ਕੀਤੀ ਹੈ, ਜਿਸ ਨਾਲ ਸੈਂਕੜੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਅਨਿਸ਼ਚਿਤਤਾ ਵਿੱਚ ਵਾਧਾ ਹੋਇਆ ਹੈ ਜੋ ਪਹਿਲਾਂ ਹੀ ਟਿਊਸ਼ਨ ਰਿਫੰਡ ਦੀ ਮੰਗ ਕਰ ਰਹੇ ਸਨ।

ਮਾਂਟਰੀਅਲ ਵਿੱਚ ਐਮ ਕਾਲਜ, ਸ਼ੇਰਬਰੂਕ ਵਿੱਚ ਸੀਡੀਈ ਕਾਲਜ ਅਤੇ ਸੀਸੀਐਸਕਿਊ, ਜਿਸਦਾ ਲੌਂਗਯੂਇਲ ਅਤੇ ਸ਼ੇਰਬਰੂਕ ਵਿੱਚ ਕੈਂਪਸ ਹਨ, ਸਾਰਿਆਂ ਨੇ ਪਿਛਲੇ ਹਫਤੇ ਕਿਊਬਿਕ ਸੁਪੀਰੀਅਰ ਕੋਰਟ ਵਿੱਚ ਫਾਈਲਿੰਗ ਵਿੱਚ ਸੁਰੱਖਿਆ ਦੀ ਬੇਨਤੀ ਕੀਤੀ। ਮਾਂਟਰੀਅਲ-ਅਧਾਰਤ ਭਰਤੀ ਫਰਮ, ਰਾਈਜ਼ਿੰਗ ਫੀਨਿਕਸ ਇੰਟਰਨੈਸ਼ਨਲ, ਨੇ ਵੀ ਸੁਰੱਖਿਆ ਲਈ ਦਾਇਰ ਕੀਤੀ ਹੈ।

ਕਰਜ਼ਦਾਰ ਸੁਰੱਖਿਆ ਦੀ ਬੇਨਤੀ ਪ੍ਰੋਵਿੰਸ ਦੁਆਰਾ 10 ਪ੍ਰਾਈਵੇਟ ਕਾਲਜਾਂ ਨੂੰ ਮੁਅੱਤਲ ਕਰਨ ਤੋਂ ਇੱਕ ਸਾਲ ਤੋਂ ਪਹਿਲਾਂ ਆਈ ਹੈ, ਜਿਸ ਵਿੱਚ ਐਮ ਕਾਲਜ ਅਤੇ ਸੀਡੀਈ ਕਾਲਜ ਵੀ ਸ਼ਾਮਲ ਹਨ, ਜਿਸ ਨੂੰ ਇਸਨੇ ਭਾਰਤ ਵਿੱਚ ਵਿਦਿਆਰਥੀਆਂ ਲਈ "ਸੰਦੇਹਯੋਗ" ਭਰਤੀ ਅਭਿਆਸਾਂ ਵਜੋਂ ਦਰਸਾਇਆ ਹੈ।

ਮੁਅੱਤਲੀ ਦਾ ਮਤਲਬ ਹੈ ਕਿ ਕਾਲਜਾਂ ਨੂੰ ਕੁਝ ਵਿਦੇਸ਼ੀ-ਵਿਦਿਆਰਥੀਆਂ ਦੀਆਂ ਅਰਜ਼ੀਆਂ ਨੂੰ ਸਵੀਕਾਰ ਕਰਨ ਤੋਂ ਅਸਥਾਈ ਤੌਰ 'ਤੇ ਰੋਕਿਆ ਗਿਆ ਸੀ। ਕਿਊਬਿਕ ਦੀ 10 ਕਾਲਜਾਂ ਦੀ ਜਾਂਚ ਵਿੱਚ ਭਰਤੀ, ਵਪਾਰਕ ਅਭਿਆਸਾਂ, ਸ਼ਾਸਨ ਅਤੇ ਅਧਿਆਪਨ ਦੀਆਂ ਸਥਿਤੀਆਂ ਵਿੱਚ ਕਮੀਆਂ ਸਾਹਮਣੇ ਆਈਆਂ ਸਨ

ਹਾਲਾਂਕਿ 2021 ਦੀ ਸ਼ੁਰੂਆਤ ਵਿੱਚ ਮੁਅੱਤਲੀ ਹਟਾ ਦਿੱਤੀ ਗਈ ਸੀ, ਸੈਂਕੜੇ ਵਿਦਿਆਰਥੀਆਂ ਨੂੰ ਵਿਦਿਆਰਥੀ ਵੀਜ਼ਾ ਪ੍ਰਾਪਤ ਕਰਨ ਵਿੱਚ ਲੰਮੀ ਦੇਰੀ ਦਾ ਸਾਹਮਣਾ ਕਰਨਾ ਪਿਆ ਸੀ।

ਭਾਰਤ ਦੇ ਵਿਦਿਆਰਥੀ ਰਿਫੰਡ ਲੈਣ ਲਈ ਸੰਘਰਸ਼ ਕਰ ਰਹੇ ਹਨ, ਅਦਾਲਤੀ ਦਸਤਾਵੇਜ਼ਾਂ ਦੇ ਅਨੁਸਾਰ, ਵਿਦਿਆਰਥੀ ਕਾਲਜਾਂ ਵਿੱਚ ਦਾਖਲਾ ਲੈਣ ਲਈ $28,000 ਤੋਂ $30,000 ਦੇ ਵਿਚਕਾਰ ਭੁਗਤਾਨ ਕਰਦੇ ਹਨ, ਆਮ ਤੌਰ 'ਤੇ ਦੋ ਸਾਲਾਂ ਦੀ ਮਿਆਦ ਵਿੱਚ। ਤਿੰਨਾਂ ਕਾਲਜਾਂ ਦੇ 1,177 ਵਿਦਿਆਰਥੀਆਂ ਵਿੱਚੋਂ 95 ਫੀਸਦੀ ਭਾਰਤ ਦੇ ਵਿਦਿਆਰਥੀ ਹੁੰਦੇ ਹਨ।

ਦਸੰਬਰ ਤੋਂ ਬਹੁਤ ਸਾਰੇ ਭਾਰਤੀ ਵਿਦਿਆਰਥੀ ਆਪਣੇ ਵਿਦਿਆਰਥੀ ਵੀਜ਼ਾ ਦੇਰੀ ਕਾਰਨ ਆਪਣੀ ਟਿਊਸ਼ਨ ਵਾਪਸ ਲੈਣ ਦੀ ਕੋਸ਼ਿਸ਼ ਕਰ ਰਹੇ ਸਨ।

ਕਈਆਂ ਨੇ ਕਿਹਾ ਕਿ ਉਨ੍ਹਾਂ ਦੇ ਮਾਪਿਆਂ ਨੇ ਸਾਲਾਂ ਤੋਂ ਬਚਾਇਆ ਸੀ ਤਾਂ ਜੋ ਉਹ ਵਿਦੇਸ਼ ਵਿੱਚ ਪੜ੍ਹ ਸਕਣ। ਰਿਫੰਡ ਤੋਂ ਬਿਨਾਂ, ਕੁਝ ਵਿਦਿਆਰਥੀਆਂ ਨੇ ਕਿਹਾ ਕਿ ਉਹ ਦੂਜੇ ਕਾਲਜਾਂ ਵਿੱਚ ਅਪਲਾਈ ਕਰਨ ਵਿੱਚ ਅਸਮਰੱਥ ਹਨ, ਮਤਲਬ ਕਿ ਉਹਨਾਂ ਦੀ ਅਕਾਦਮਿਕ ਤਰੱਕੀ ਨੂੰ ਪ੍ਰਭਾਵੀ ਤੌਰ 'ਤੇ ਰੋਕ ਦਿੱਤਾ ਗਿਆ ਹੈ। ਹੋਰਾਂ ਨੂੰ ਕਰਜ਼ਾ ਲੈਣਾ ਪਿਆ ਜਾਂ ਪਾਰਟ-ਟਾਈਮ ਨੌਕਰੀ ਕਰਨੀ ਪਈ।

ਲੈਣਦਾਰ ਸੁਰੱਖਿਆ ਲਈ ਅਰਜ਼ੀ ਦੇ ਅਨੁਸਾਰ, ਆਰਪੀਆਈ ਗਰੁੱਪ ਦੇ ਵਿਰੁੱਧ 633 ਵਿਦਿਆਰਥੀਆਂ ਤੋਂ ਅਦਾਇਗੀਸ਼ੁਦਾ ਟਿਊਸ਼ਨ ਫੀਸਾਂ ਅਤੇ ਰਿਫੰਡ ਦਾਅਵਿਆਂ ਦਾ ਅੰਦਾਜ਼ਾ ਲਗਭਗ $6.4 ਮਿਲੀਅਨ ਹੈ।

ਆਪਣੀ ਅਦਾਲਤੀ ਅਰਜ਼ੀ ਵਿੱਚ, ਆਰਪੀਆਈ ਗਰੁੱਪ ਨੇ ਆਪਣੀਆਂ ਵਿੱਤੀ ਸਮੱਸਿਆਵਾਂ ਨੂੰ "ਮੰਦਭਾਗੀ ਘਟਨਾਵਾਂ ਦਾ ਜ਼ਿੰਮੇਵਾਰ ਠਹਿਰਾਉਂਦੇ ਹੋਏ "ਕੋਵਿਡ-19 ਮਹਾਂਮਾਰੀ ਦੇ ਸਿਰ ਮੜ ਦਿੱਤਾ ਹੈ।

ਨਵੰਬਰ 2020 ਵਿੱਚ, ਪ੍ਰੋਵਿੰਸ ਦੀ ਭ੍ਰਿਸ਼ਟਾਚਾਰ ਵਿਰੋਧੀ ਯੂਨਿਟ ਦੇ ਜਾਂਚਕਰਤਾਵਾਂ ਨੇ ਕੈਰੋਲੀਨ ਮਸੰਤੂਨੋ ਅਤੇ ਉਸਦੀ ਧੀ, ਕ੍ਰਿਸਟੀਨਾ ਨੂੰ 2014 ਅਤੇ 2016 ਦੇ ਵਿਚਕਾਰ ਲੈਸਟਰ ਬੀ. ਪੀਅਰਸਨ ਕਾਲਜ ਬੋਰਡ ਵਿੱਚ ਕੰਮ ਕਰਦੇ ਹੋਏ ਵਿਦਿਆਰਥੀ ਪਰਮਿਟ ਅਰਜ਼ੀਆਂ ਦੀ ਪ੍ਰਕਿਰਿਆ ਦੀ ਸਹੂਲਤ ਲਈ ਕਥਿਤ ਤੌਰ 'ਤੇ ਧੋਖਾਧੜੀ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ।

ਕੈਰੋਲੀਨ ਅਤੇ ਕ੍ਰਿਸਟੀਨਾ ਮਾਸਟਨਟੂਨੋ ਨੇ ਕਿਸੇ ਵੀ ਗਲਤ ਕੰਮ ਤੋਂ ਇਨਕਾਰ ਕੀਤਾ ਹੈ ਅਤੇ ਉਨ੍ਹਾਂ ਦੇ ਖਿਲਾਫ ਦੋਸ਼ਾਂ ਦਾ ਵਿਰੋਧ ਕੀਤਾ ਹੈ। ਮਾਮਲਾ ਅਜੇ ਅਦਾਲਤਾਂ ਵਿੱਚ ਹੈ।

ਦੂਸਰੇ ਪਾਸੇ ਬਹੁਤ ਸਾਰੇ ਵਿਦਿਆਰਥੀ ਜੋ ਸਥਿਤੀ ਦਾ ਸਾਹਮਣਾ ਨਹੀਂ ਕਰ ਪਾ ਰਹੇ ਹਨ , ਉਹ ਆਤਮਹੱਤਿਆਂ ਕਰ ਰਹੇ ਹਨ, ਜਾਂ ਜੋ ਲੜਕੀਆਂ ਜਦ ਖਾਣ ਪੀਣ ਤੇ ਰਹਿਣ ਲਈ ਇਹਨਾਂ ਨੂੰ ਕੋਈ ਕੰਮਕਾਰ ਨਹੀਂ ਮਿਲਦਾ , ਇਹ ਆਪਣਾ ਸਰੀਰ ਵੇਚਣ ਲਈ ਮਜਬੂਰ ਹੋ ਜਾਂਦਿਆ ਹਨ। ਜਾਂ ਕੁਝ ਲੋਕ ਇਹਨਾਂ ਦੀ ਕਮਜੋਰੀ ਦਾ ਫਾਇਦਾ ਉਠਾਉਂਦੇ ਹੋਏ ਇਹਨਾਂ ਨੂੰ ਦੇਹ ਵਪਾਰ ਵਿਚ ਧਕੇਲ ਰਹੇ ਹਨ। ਆਖਿਰ ਇਹ ਕਦੋ ਖ਼ਤਮ ਹੋਵੇਂਗਾ?

ਭਾਈਚਾਰੇ ਅਤੇ ਸਰਕਾਰਾਂ ਨੂੰ ਇਸ ਵਾਰੇ ਗੰਭੀਰਤਾਂ ਨਾਲ ਸੋਚਣ ਦੀ ਲੋੜ ਹੈ ਤਾਂ ਜੋ ਇਸ ਤਰ੍ਹਾਂ ਦੀ ਧੋਖੇਦਾਰੀ ਤੋਂ ਹਰਇਕ ਨੂੰ ਰਾਹਤ ਦਵਾਈ ਜਾ ਸਕੇ।

# ਨਵਜੋਤ ਸਿੱਧੂ ਦੇ ਮੁਕਾਬਲੇ ਬਿਕਰਮ ਮਜੀਠੀਆ ਅੰਮ੍ਰਿਤਸਰ ਪੂਰਬੀ ਤੋਂ ਚੋਣ ਲੜੇਗਾ

ਅੰਮ੍ਰਿਤਸਰ, 27 ਜਨਵਰੀ, (ਪੋਸਟ ਬਿਊਰੋ)- ਇਸ ਵਾਰੀ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਆਹਮੋ-ਸਾਹਮਣੇ ਹੋਣ ਲੱਗੇ ਹਨ। ਅਕਾਲੀ ਦਲ ਨੇ ਬਿਕਰਮ ਸਿੰਘ ਮਜੀਠੀਆ ਨੂੰ ਅੰਮ੍ਰਿਤਸਰ ਪੂਰਬੀ ਸੀਟ ਤੋਂ ਚੋਣ ਲੜਨ ਦੇ ਲਈ ਨਵਜੋਤ ਸਿੰਘ ਸਿੱਧੂ ਦੇ ਖ਼ਿਲਾਫ਼ ਉਮੀਦਵਾਰ ਐਲਾਨ ਕੀਤਾ ਹੈ। ਅੱਜ ਅੰਮ੍ਰਿਤਸਰ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਇਸ ਫੈਸਲੇ ਦਾ ਐਲਾਨ ਕਰਦੇ ਵਕਤ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜੰਡਿਆਲਾ ਗੁਰੂ ਹਲਕੇ ਤੋਂ ਸਤਿੰਦਰ ਸਿੰਘ ਨੂੰ ਉਮੀਦਵਾਰ

*** ਪ੍ਰਕਾਸ਼ ਸਿੰਘ ਬਾਦਲ ਲੰਬੀ ਤੋਂ ਇਸ ਵਾਰ ਵੀ ਚੋਣ ਲੜਨਗੇ**

ਐਲਾਨਿਆ ਹੈ ਤੇ ਇਸ ਦੇ ਨਾਲ ਰਸਮੀ ਤੌਰ ਉੱਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦਾ ਵੀ ਲੰਬੀ ਹਲਕੇ ਤੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ।

ਸੁਖਬੀਰ ਸਿੰਘ ਬਾਦਲ ਨੇ ਪ੍ਰੈੱਸ ਕਾਨਫ਼ਰੰਸ ਦੌਰਾਨ ਕਿਹਾ ਕਿ ਨਵਜੋਤ ਸਿੰਘ ਸਿੱਧੂ ਤਿਆਰ ਹੋ ਜਾਣ, ਕਿਉਂਕਿ 'ਮਾਝੇ ਦਾ ਜਰਨੈਲ' ਉਨ੍ਹਾਂ ਦੇ ਖ਼ਿਲਾਫ਼ ਚੋਣ ਲੜਨ ਵਾਲਾ ਹੈ। ਉਨ੍ਹਾਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਦੇ ਖ਼ਿਲਾਫ਼ ਪੰਜਾਬ ਦੀ ਸਰਕਾਰ ਸਮੇਤ ਸਾਰੀਆਂ ਪਾਰਟੀਆਂ ਲੱਗੀਆਂ ਹੋਈਆਂ ਹਨ, ਕਿਉਂਕਿ



ਮਜੀਠੀਆ ਉਨ੍ਹਾਂ ਨੂੰ ਭਜਾਈ ਰੱਖਦੇ ਹਨ ਤੇ ਪੰਜਾਬੀਆਂ ਦੀ ਆਵਾਜ਼ ਚੁੱਕਦੇ ਹਨ। ਉਨ੍ਹਾਂ ਕਿਹਾ ਕਿ ਬੜੇ ਅਫ਼ਸੋਸ ਦੀ ਗੱਲ ਹੈ ਕਿ ਚਰਨਜੀਤ ਸਿੰਘ ਚੰਨੀ ਦੀ ਕਾਂਗਰਸ ਸਰਕਾਰ ਨੇ, ਖ਼ਾਸ ਕਰਕੇ ਨਵਜੋਤ ਸਿੰਘ ਸਿੱਧੂ ਨੇ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਡਰੱਗ ਦਾ ਝੂਠਾ ਕੇਸ ਬਣਾ ਕੇ 'ਗੁਰਸਿੱਖ ਪਰਿਵਾਰ' ਉੱਤੇ ਡਰੱਗ ਦਾ ਦੋਸ਼ ਲਾਇਆ, ਜਦ ਕਿ ਮਜੀਠੀਆ ਰੋਜ਼ ਢਾਈ ਘੰਟੇ ਨਿਤਨੇਮ ਕਰਦੇ ਹਨ। ਉਨ੍ਹਾਂ

ਕਿਹਾ ਕਿ ਨਵਜੋਤ ਸਿੰਘ ਸਿੱਧੂ ਵਿੱਚ ਸਿਰਫ਼ 'ਮੈਂ ਹੀ ਹੈ' ਅਤੇ ਬਾਕੀਆਂ ਨੂੰ ਕੁਝ ਵੀ ਨਹੀਂ ਸਮਝਦੇ, ਪਰ ਅੰਮ੍ਰਿਤਸਰ ਹਲਕੇ ਦੀ ਜਨਤਾ ਇਨਸਾਫ਼ ਕਰੇਗੀ। ਉਨ੍ਹਾਂ ਕਿਹਾ ਕਿ ਸਿੱਧੂ ਦਾ ਟਾਕਰਾ ਅਕਾਲੀ ਦਲ ਦੀ ਫ਼ੌਜ ਨਾਲ ਹੈ ਤੇ ਬਿਕਰਮ ਸਿੰਘ ਮਜੀਠੀਆ ਹੀ ਨਵਜੋਤ ਸਿੰਘ ਸਿੱਧੂ ਦੀ ਜ਼ਮਾਨਤ ਜ਼ਬਤ ਕਰਵਾਉਣਗੇ।

ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਜੰਡਿਆਲਾ ਗੁਰੂ ਹਲਕੇ ਤੋਂ ਸਤਿੰਦਰ ਸਿੰਘ ਛੱਜਲਵੱਡੀ ਨੂੰ ਅਕਾਲੀ ਦਲ ਦਾ ਉਮੀਦਵਾਰ ਐਲਾਨਿਆ ਹੈ ਅਤੇ ਚੋਣ ਲੜਨ ਲਈ ਵਰਕਰਾਂ ਨੂੰ ਸਰਗਰਮ ਹੋਣ ਲਈ ਕਿਹਾ ਹੈ। ਅੱਜ ਸ਼ਾਮ ਇੱਕ ਹੋਰ ਐਲਾਨ ਵਿੱਚ ਅਕਾਲੀ ਦਲ ਨੇ ਦੱਸਿਆ ਕਿ ਪੰਜ ਵਾਰੀਆਂ ਦੇ ਪੰਜਾਬ ਦੇ ਮੁੱਖ ਮੰਤਰੀ ਤੇ ਬਜ਼ੁਰਗ ਨੇਤਾ ਪ੍ਰਕਾਸ਼ ਸਿੰਘ ਬਾਦਲ ਮੁਕਤਸਰ ਸਾਹਿਬ ਜ਼ਿਲੇ ਦੇ ਵਿਧਾਨ ਸਭਾ ਹਲਕਾ ਲੰਬੀ ਤੋਂ ਚੋਣ ਲੜਨਗੇ। ਇਹ ਐਲਾਨ ਅੰਮ੍ਰਿਤਸਰ ਪੁੱਜੇ ਹਰਸਿਮਰਤ ਕੌਰ ਬਾਦਲ ਨੇ ਕੀਤਾ ਹੈ। ਸਾਲ 1997 ਤੋਂ ਪ੍ਰਕਾਸ਼ ਸਿੰਘ ਬਾਦਲ ਇਸ ਹਲਕੇ ਤੋਂ ਚੋਣਾਂ ਲੜਦੇ ਆਏ ਹਨ ਤੇ ਇਸ ਵਾਰ ਫਿਰ ਲੰਬੀ ਤੋਂ ਚੋਣ ਲੜਨ ਲਈ ਮੈਦਾਨ ਵਿੱਚ ਉਤਰਨਗੇ। ਇਸ ਤੋਂ ਪਹਿਲਾਂ ਇਹ ਕਿਆਫੇ ਲੱਗਦੇ ਸਨ ਕਿ ਸਿਹਤ ਠੀਕ ਨਾ ਹੋਣ ਕਰਕੇ ਪ੍ਰਕਾਸ਼ ਸਿੰਘ ਬਾਦਲ ਸ਼ਾਇਦ ਐਤਕੀਂ ਚੋਣ ਨਹੀਂ ਲੜਨਗੇ ਤੇ ਉਨ੍ਹਾਂ ਦੀ ਨੂੰਹ ਹਰਸਿਮਰਤ ਕੌਰ ਬਾਦਲ ਇਸ ਹਲਕੇ ਤੋਂ ਉਮੀਦਵਾਰ ਬਣ ਸਕਦੀ ਹੈ, ਪਰ ਅੱਜ ਹਰਸਿਮਰਤ ਕੌਰ ਬਾਦਲ ਨੇ ਖੁਦ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਇਹ ਸਪੱਸ਼ਟ ਕਰ ਦਿੱਤਾ ਕਿ ਪ੍ਰਕਾਸ਼ ਸਿੰਘ ਬਾਦਲ ਹੀ ਲੰਬੀ ਹਲਕੇ ਤੋਂ ਚੋਣ ਲੜਨਗੇ। ਅਜੇ ਇਸ ਬਾਰੇ ਪ੍ਰਕਾਸ਼ ਸਿੰਘ ਬਾਦਲ ਦਾ ਆਪਣਾ ਬਿਆਨ ਨਹੀਂ ਆਇਆ।

# ਮਜੀਠੀਆ ਉੱਤੇ ਸੁਖਜਿੰਦਰ ਰੰਧਾਵਾ ਦਾ ਪਲਟਵਾਰ: ਨਸ਼ਾ ਤਸਕਰ ਤੋਂ ਸਰਟੀਫੀਕੇਟ ਨਹੀਂ ਚਾਹੀਦਾ

ਚੰਡੀਗੜ੍ਹ, 27 ਜਨਵਰੀ, (ਪੋਸਟ ਬਿਊਰੋ)- ਪੰਜਾਬ ਦੇ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਬਿਕਰਮ ਸਿੰਘ ਮਜੀਠੀਆ ਵੱਲੋਂ ਲਾਏ ਦੋਸ਼ਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਪੰਜਾਬ ਜਾਣਦਾ ਹੈ ਕਿ ਮਜੀਠੀਆ ਇਸ ਰਾਜ ਵਿੱਚ ਨਸ਼ੇ ਦੀ ਸਮੱਸਿਆ ਲਈ ਜ਼ਿੰਮੇਵਾਰ ਹੈ ਤੇ ਦੇਸ਼ ਜਾਣਦਾ ਹੈ ਕਿ ਆਈ ਐੱਸ ਆਈ ਪੰਜਾਬ ਵਿੱਚ ਨਸ਼ੇ ਭੇਜਦੀ ਹੈ। ਉਨ੍ਹਾ ਕਿਹਾ ਕਿ ਮੇਰੇ ਪਰਿਵਾਰ ਨੂੰ ਰਾਸ਼ਟਰਵਾਦ ਉੱਤੇ ਨਸ਼ਾ ਤਸਕਰ ਦੇ ਸਰਟੀਫੀਕੇਟ ਦੀ ਲੋੜ ਨਹੀਂ, ਲੋਕਾਂ ਨੇ ਕਾਂਗਰਸ ਸਰਕਾਰ ਨੂੰ ਚੁਣਿਆ ਹੈ ਅਤੇ ਮੇਰੇ ਅਤੇ ਮੇਰੇ ਪਰਿਵਾਰ ਵਿੱਚ ਆਪਣਾ ਵਿਸ਼ਵਾਸ ਦਿਖਾਇਆ ਹੋਇਆ ਹੈ।

ਵਰਨਣ ਯੋਗ ਹੈ ਕਿ ਅੱਜ ਬਿਕਰਮ ਸਿੰਘ ਮਜੀਠੀਆ ਨੇ ਪ੍ਰੈੱਸ ਕਾਨਫਰੰਸ ਵਿੱਚ ਸੁਖਜਿੰਦਰ ਸਿੰਘ ਰੰਧਾਵਾ ਦੇ ਪਿਤਾ ਬਾਰੇ ਕਿਹਾ ਸੀ ਕਿ ਰੰਧਾਵਾ ਦੇ ਪਿਤਾ ਸੰਤੋਖ ਸਿੰਘ ਰੰਧਾਵਾ ਉੱਤੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ ਐੱਸ ਆਈ ਨਾਲ ਸਬੰਧਾਂ ਦੇ ਦੋਸ਼ ਲੱਗੇ ਸਨ, ਜਿਸ ਕਾਰਨ ਉਨ੍ਹਾਂ ਨੂੰ ਪਾਰਟੀ ਦੀ ਪ੍ਰਧਾਨਗੀ ਛੱਡਣੀ ਪਈ ਸੀ। ਮਜੀਠੀਆ ਦੇ ਇਸ ਦੋਸ਼ ਉੱਤੇ ਪਲਟਵਾਂ ਵਾਰ ਕਰਦਿਆਂ ਸੁਖਜਿੰਦਰ ਸਿੰਘ ਰੰਧਾਵਾ ਨੇ ਟਵੀਟ ਕਰ ਕੇ ਕਿਹਾ ਕਿ ਪੰਜਾਬ ਜਾਣਦਾ ਹੈ ਕਿ ਬਿਕਰਮ ਸਿੰਘ



ਮਜੀਠੀਆ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਲਈ ਜ਼ਿੰਮੇਵਾਰ ਹੈ ਤੇ ਸਾਡੇ ਪਰਿਵਾਰ ਨੂੰ ਅਜਿਹੇ ਨਸ਼ਾ ਤਸਕਰ ਤੋਂ ਦੇਸ਼ ਭਗਤੀ ਦੇ ਸਰਟੀਫੀਕੇਟ ਦੀ ਲੋੜ ਨਹੀਂ। ਇਸ ਤੋਂ ਪਹਿਲਾਂ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਸੀ ਕਿ ਨਸ਼ਿਆਂ ਦਾ ਕੇਸ ਦਰਜ ਹੋਣ ਪਿੱਛੋਂ ਅਕਾਲੀ ਦਲ ਦੇ ਵਿਧਾਇਕ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਇਸ ਦੀ ਜਾਂਚ ਲਈ ਪੰਜਾਬ ਪੁਲਸ ਗ੍ਰਿਫ਼ਤਾਰ ਕਰੇਗੀ। ਉਨ੍ਹਾਂ ਕਿਹਾ ਸੀ ਕਿ ਉਹ ਨਾ ਬਦਲਾਖੋਰੀ ਦੀ ਰਾਜਨੀਤੀ ਵਿੱਚ ਵਿਸ਼ਵਾਸ ਰੱਖਦੇ ਹਨ, ਨਾ ਕਾਨੂੰਨ ਤੋਂ ਬਾਹਰ ਜਾਣਾ ਹੈ, ਪੁਲਸ ਕਾਨੂੰਨੀ ਪ੍ਰਕਿਰਿਆ ਅਨੁਸਾਰ ਜਾਂਚ ਕਰੇਗੀ।

ਰੰਧਾਵਾ ਨੇ ਕਿਹਾ ਸੀ ਕਿ ਪੰਜਾਬ ਹਰਿਆਣਾ ਹਾਈ ਕੋਰਟ ਨੇ ਨਸ਼ਾ ਵਿਰੋਧੀ ਐੱਸ ਟੀ ਐੱਫ (ਸਪੈਸ਼ਲ ਟਾਸਕ ਫੋਰਸ) ਦੀ ਰਿਪੋਰਟ ਮੁਤਾਬਕ ਰਾਜ ਸਰਕਾਰ ਨੂੰ ਡਰੱਗਜ਼ ਕੇਸ ਵਿੱਚ ਕਾਰਵਾਈ ਤੋਂ ਕਦੇ ਨਹੀਂ ਰੋਕਿਆ ਅਤੇ ਕੋਰਟ ਦੀ ਆਗਿਆ ਤੋਂ ਬਿਨਾਂ ਪੁਲਸ ਇਕ ਇੰਚ ਵੀ ਅੱਗੇ ਨਹੀਂ ਵਧੇਗੀ।

# ਪੰਜਾਬ ਦੀ ਸੁਰੱਖਿਆ ਬਾਰੇ ਭਗਵੰਤ ਮਾਨ ਦਾ ਕਾਂਗਰਸ ਉੱਤੇ ਹਮਲਾ

ਚੰਡੀਗੜ੍ਹ, 27 ਜਨਵਰੀ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿੱਚ ਮੁੱਖ ਮੰਤਰੀ ਲਈ ਉਮੀਦਵਾਰ ਭਗਵੰਤ ਮਾਨ ਨੇ ਅੱਜ ਪੰਜਾਬ ਦੀ ਸੁਰੱਖਿਆ ਦੇ ਮੁੱਦੇ ਬਾਰੇ ਕਿਹਾ ਕਿ ਰਾਜ ਦੀ ਕਾਂਗਰਸ ਸਰਕਾਰ ਆਪਸੀ ਲੜਾਈ ਵਿੱਚ ਉਲਝੀ ਹੋਈ ਹੈ, ਜਿਸ ਕਰ ਕੇ ਉਹ ਸੁਰੱਖਿਆ ਵੱਲ ਧਿਆਨ ਨਹੀਂ ਦੇ ਰਹੀ।



ਅੱਜ ਏਥੇ ਇੱਕ ਪ੍ਰੈੱਸ ਕਾਨਫਰੰਸ ਮੌਕੇ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਨੇ ਮਸਾਂ ਸੌ ਕੁ ਦਿਨਾਂ ਵਿੱਚ ਪੁਲਸ ਦੇ ਚਾਰ ਮੁਖੀ (4 ਡੀ ਜੀ ਪੀ) ਬਦਲ ਦਿੱਤੇ ਤਾਂ ਪੁਲਸ ਨੂੰ ਆਪਣੇ ਮੁੱਖ ਅਧਿਕਾਰੀ ਦਾ ਵੀ ਪਤਾ ਨਹੀਂ ਲੱਗਦਾ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਅਕਾਲੀ-ਭਾਜਪਾ ਸਰਕਾਰ ਵੇਲੇ ਬੇਅਦਬੀ ਦੀਆਂ ਘਟਨਾਵਾਂ, ਲੁੱਟ-ਖੋਹ, ਛੇੜਛਾੜ ਦੇ ਕੇਸ ਹੁੰਦੇ ਹਨ। ਅਸਲ ਵਿੱਚ ਪੰਜਾਬ ਵਿੱਚ ਮਜ਼ਬੂਤ ਸਰਕਾਰ ਨਾ ਹੋਣ ਕਾਰਨ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ। ਭਗਵੰਤ ਮਾਨ ਨੇ ਕਿਹਾ ਕਿ ਆਮ ਆਦਮੀ ਪਾਟਰੀ ਦੀ ਸਰਕਾਰ ਬਣੇਗੀ ਤਾਂ ਲੋਕਾਂ ਦੀ ਸੁਰੱਖਿਆ ਵਾਲੇ ਕਈ ਕੰਮ ਕੀਤੇ ਜਾਣਗੇ ਅਤੇ ਅਮਨ-ਕਾਨੂੰਨ ਕਾਇਮ ਕਰਨ ਲਈ ਪੰਜਾਬ ਪੁਲਸ ਨੂੰ ਫਰੀ ਹੈਂਡ ਦੇਣ ਦੇ ਨਾਲ ਇਮਾਨਦਾਰ ਤੇ ਮਿਹਨਤੀ ਪੁਲਸ ਦੇ ਮੁਲਾਜ਼ਮਾਂ ਨੂੰ ਫੀਲਡ ਵਿੱਚ ਕੰਮ ਦਾ ਮੌਕਾ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਸਾਡੀ ਸਰਕਾਰ ਆਈ ਤਾਂ ਡਰੱਗ ਟਾਸਕ ਫੋਰਸ ਬਣਾ ਕੇ ਉਸ ਦੇ ਰਾਹੀਂ ਪੰਜਾਬ ਨੂੰ ਨਸ਼ਾ ਮੁਕਤ ਕੀਤਾ ਜਾਵੇਗਾ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬਾਰੇ ਭਗਵੰਤ ਮਾਨ ਨੇ ਕਿਹਾ ਕਿ ਚੋਣਾਂ ਕੋਈ ਹੋਣ, ਕੈਪਟਨ ਨੂੰ ਪਾਕਿਸਤਾਨ ਦੀ ਯਾਦ ਆ ਜਾਂਦੀ ਹੈ। ਬਿਹਾਰ ਵਿੱਚ ਜਦੋਂ ਵੋਟਾਂ ਪੈਣ, ਉਦੋਂ ਉਨ੍ਹਾਂ ਨੂੰ ਪਾਕਿ ਯਾਦ ਆ ਜਾਂਦਾ ਹੈ, ਦਿੱਲੀ ਵਿੱਚ ਵੋਟਾਂ ਪੈਣ ਉੱਤੇ ਪਾਕਿ ਦੀ ਯਾਦ ਆਉਂਦੀ ਹੈ, ਅੱਜਕੱਲ੍ਹ ਫਿਰ ਕੈਪਟਨ ਪਾਕਿਸਤਾਨ-ਪਾਕਿਸਤਾਨ ਕਰ ਰਹੇ ਹਨ। ਲੋਕਾਂ ਨੂੰ ਪਤਾ ਹੈ ਕਿ ਕੈਪਟਨ ਦੇ ਪਾਕਿਸਤਾਨ ਨਾਲ ਕਿਹੋ ਜਿਹੇ ਸਬੰਧ ਹਨ।

# ਕਾਂਗਰਸ ਵੱਲੋਂ ਜਵਾਬੀ ਹਮਲਾ: ਕੈਪਟਨ ਦੱਸ ਦੇਵੇ ਕਿ ਨਵਜੋਤ ਸਿੱਧੂ ਵਾਸਤੇ ਉਸ ਨੂੰ ਪਾਕਿਸਤਾਨ ਤੋਂ ਸੰਦੇਸ਼ ਕੌਣ ਭੇਜ ਰਿਹਾ ਸੀ?

ਚੰਡੀਗੜ੍ਹ, 27 ਜਨਵਰੀ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਘੇਰਦੇ ਹੋਏ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖੁਦ ਹੀ ਕਸੂਤੇ ਘਿਰ ਗਏ ਜਾਪਦੇ ਹਨ। ਅੱਜ ਇੱਕ ਪ੍ਰੈੱਸ ਕਾਨਫਰੰਸ ਵਿੱਚ ਕਾਂਗਰਸ ਪਾਰਟੀ ਦੀ ਬੁਲਾਰਾ ਨੇ ਕੈਪਟਨ ਅਮਰਿੰਦਰ ਸਿੰਘ ਦੇ ਉਸ ਦਾਅਵੇ ਨੂੰ ਸ਼ਰਮਨਾਕ ਕਰਾਰ ਦਿੱਤਾ ਹੈ, ਜਿਸ ਵਿੱਚ ਉਨ੍ਹਾ ਕਿਹਾ ਸੀ ਕਿ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਦਾ ਮੰਤਰੀ ਬਣਾਉਣ ਲਈ ਪਾਕਿਸਤਾਨ ਤੋਂ ਸੰਦੇਸ਼ ਆ ਰਹੇ ਹਨ। ਕਾਂਗਰਸ ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਉੱਤੇ ਪਲਟਵਾਰ ਕਰਦੇ ਹੋਏ ਕਿਹਾ ਕਿ ਉਹ ਚੋਣਾਂ ਤੋਂ ਪਹਿਲਾਂ ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਕਰ ਰਹੇ





ਹਨ। ਅੱਜ ਕਾਂਗਰਸ ਦੀ ਬੁਲਾਰਾ ਸੁਪ੍ਰੀਆ ਸ੍ਰੀਨੇਤ ਨੇ ਇਹ ਵੀ ਸਵਾਲ ਕੀਤਾ ਕਿ ਜੇ ਪਾਕਿਸਤਾਨ ਤੋਂ ਕੋਈ ਇਹੋ ਜਿਹੀ ਸਿਫ਼ਾਰਸ਼ ਆਈ ਸੀ ਤਾਂ ਅਮਰਿੰਦਰ ਸਿੰਘ ਨੇ ਓਦੋਂ ਕੀ ਕਾਰਵਾਈ ਕੀਤੀ ਸੀ? ਸੁਪ੍ਰੀਆ ਨੇ ਕਿਹਾ, 'ਅਮਰਿੰਦਰ ਸਿੰਘ ਸਾਡੇ ਵੱਡੇ ਨੇਤਾ ਸਨ, ਪਰ ਜਿੰਦਾਂ ਦੀਆਂ ਗੱਲਾਂ ਕਰਦੇ ਹਨ, ਇਹ ਸ਼ਰਮਨਾਕ ਹੈ, ਉਹ ਸੰਵਿਧਾਨਕ ਅਹੁਦਾ ਸੰਭਾਲ ਚੁੱਕੇ ਹਨ, ਚੁਣੇ ਹੋਏ ਮੁੱਖ ਮੰਤਰੀ ਸਨ, ਜੇ ਅਜਿਹੀ ਗੱਲ ਸੀ ਤਾਂ ਉਨ੍ਹਾਂ ਨੇ ਕੀ ਕੀਤਾ? ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਸੁਰਖੀਆਂ ਬਣਾਉਣੀਆਂ ਤੇ ਖ਼ਬਰਾਂ ਵਿੱਚ ਰਹਿਣਾ ਹੈ ਤਾਂ ਇਹ ਬੇਕਾਰ ਮੁੱਦੇ ਹਨ। ਸੁਪ੍ਰੀਆ ਨੇ ਕਿਹਾ, 'ਪੰਜਾਬ ਦਾ ਮੁੱਦਾ ਕਿਸਾਨਾਂ ਦਾ ਹੈ। ਮੁੱਦਾ ਫਸਲਾਂ ਦੀ ਘੱਟੋ-ਘੱਟ ਖਰੀਦ ਕੀਮਤ (ਐੱਮ ਐੱਸ ਪੀ ਦਾ ਹੈ। ਮੁੱਦਾ ਬੇਰੁਜ਼ਗਾਰੀ ਦਾ ਹੈ। ਅਜਿਹੇ ਮਸਲਿਆਂ ਤੋਂ ਸਿਰਫ਼ ਧਿਆਨ ਭਟਕਾਇਆ ਜਾ ਸਕਦਾ ਹੈ, ਜੋ ਉਹ ਕਰ ਰਹੇ ਹਨ।' ਵਰਨਣ ਯੋਗ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੋਮਵਾਰ ਨੂੰ ਦਾਅਵਾ ਕੀਤਾ ਸੀ ਕਿ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੂੰ ਮੰਤਰੀ ਬਣਾਉਣ ਲਈ ਉਨ੍ਹਾਂ ਨੂੰ ਪਾਕਿਸਤਾਨ ਤੋਂ ਮੈਸੇਜ਼ ਆਇਆ ਸੀ। ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਕੈਪਟਨ ਅਮਰਿੰਦਰ ਸਿੰਘ ਦਾ ਵਿਵਾਦ ਡੂੰਘਾ ਹੋਣ ਕਾਰਨ ਹੀ ਅਮਰਿੰਦਰ ਸਿੰਘ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ ਸੀ।

# ਗ੍ਰਿਫ਼ਤਾਰੀ ਉੱਤੇ ਰੋਕ ਪਿੱਛੋਂ ਮਜੀਠੀਆ ਵੱਲੋਂ ਪੁਲਸ ਦੇ ਸਾਬਕਾ ਡੀ ਜੀ ਪੀ ਉੱਤੇ ਤਿੱਖਾ ਹਮਲਾ

ਚੰਡੀਗੜ੍ਹ, 27 ਜਨਵਰੀ, (ਪੋਸਟ ਬਿਊਰੋ)- ਡਰੱਗਜ਼ ਕੇਸ ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਤੋਂ ਗ੍ਰਿਫ਼ਤਾਰੀ ਉੱਤੇ ਤਿੰਨ ਦਿਨਾਂ ਦੀ ਰੋਕ ਲੱਗ ਜਾਣ ਪਿੱਛੋਂ ਗਣਤੰਤਰ ਦਿਵਸ ਮੌਕੇ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਏਥੇ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਸੰਵਿਧਾਨ ਦਾ ਸਤਿਕਾਰ ਦੀ ਗੱਲ ਕਰਦੀ ਕਾਂਗਰਸ ਨੇ ਗਣਤੰਤਰ ਦਿਵਸ ਮੌਕੇ ਸੰਵਿਧਾਨ ਦਾ ਮਜ਼ਾਕ ਉਡਾਇਆ ਹੈ। ਉਨ੍ਹਾਂ ਕਿਹਾ ਕਿ ਇਨਫੋਰਸਮੈਂਟ ਡਾਇਰੈਕਟੋਰੇਟ(ਈ ਡੀ) ਨੇ ਸੁਖਪਾਲ ਸਿੰਘ ਖਹਿਰਾ ਦਾ ਸਬੰਧ ਉਸ ਕੇਸ ਵਿੱਚ ਨਸ਼ਾ ਤਸਕਰਾਂ ਨਾਲ ਦੱਸਿਆ, ਪਰ ਗ਼ੈਰ-ਜ਼ਮਾਨਤੀ ਵਾਰੰਟ ਹੋਣ ਦੇ ਬਾਵਜੂਦ ਉਸ ਵਿਰੁੱਧ ਕਾਰਵਾਈ ਨਹੀਂ ਹੋਈ, ਪਰ ਮੇਰੇ ਖਿਲਾਫ਼ ਕਰ ਦਿੱਤੀ। ਇਸ ਮੌਕੇ ਉਨ੍ਹਾਂ ਨੇ ਪੰਜਾਬ ਦੇ ਸਾਬਕਾ ਡੀ ਜੀ ਪੀ ਸਿਧਾਰਥ ਚਟੋਪਾਧਿਆਏ ਉੱਤੇ ਗੈਂਗਸਟਰਾਂ ਨਾਲ ਸਬੰਧਾਂ ਦਾ ਦੋਸ਼ ਵੀ ਲਾਇਆ।

ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਗੈਂਗਸਟਰਾਂ ਨਾਲ ਸਬੰਧ ਰੱਖਣ ਵਾਲਾ ਪੰਜਾਬ ਪੁਲਸ ਦਾ ਮੁਖੀ (ਡੀ ਜੀ ਪੀ) ਭਾਰਤ ਦੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਨਾਲ ਸਮਝੌਤਾ ਵੀ ਕਰ ਸਕਦਾ ਹੈ, ਇਸ ਲਈ ਐਨ ਆਈ ਏ ਵੱਲੋਂ ਉਸ ਦੀ ਭੂਮਿਕਾ ਦੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ



ਕਿ ਜੇ ਇਸ ਦੀ ਜਾਂਚ ਹੋਈ ਤਾਂ ਨਾਂ ਬਚੇਗਾ ਚਰਨਜੀਤ ਸਿੰਘ ਚੰਨੀ, ਨਾਂ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਨਾ ਡੀ ਜੀ ਪੀ ਚਟੋਪਾਧਿਆਏ। ਇਸ ਮੌਕੇ ਸਾਬਕਾ ਡੀ ਜੀ ਪੀ ਚਟੋਪਾਧਿਆਏ ਤੇ ਇਕ ਗੈਂਗਸਟਰ ਦੀ ਕਾਲ ਰਿਕਾਰਡਿੰਗ ਦਾ ਹਵਾਲਾ ਦੇ ਕੇ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੇ ਦੌਰੇ ਤੋਂ ਕੁਝ ਦਿਨ ਪਹਿਲਾਂ ਡੀ ਜੀ ਪੀ ਨੇ ਇੱਕ ਗੈਂਗਸਟਰ ਨਾਲ ਗੱਲਬਾਤ ਦੌਰਾਨ ਕਿਹਾ ਸੀ ਕਿ ਅਗਲੇ ਤਿੰਨ-ਚਾਰ ਦਿਨਾਂ ਵਿੱਚ ਮੋਦੀ ਨੂੰ ਵੀ ਸਬਕ ਸਿਖਾ ਦਿਆਂਗੇ।

ਵਰਨਣ ਯੋਗ ਹੈ ਕਿ ਪੰਜਾਬ ਹਰਿਆਣਾ ਹਾਈ ਕੋਰਟ ਨੇ ਡਰੱਗ ਕੇਸ ਵਿੱਚ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਅਗਾਊਂ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ, ਪਰ ਸੁਪਰੀਮ ਕੋਰਟ ਵਿੱਚ ਅਪੀਲ ਕਰਨ ਤਕ ਤਿੰਨ ਦਿਨ ਲਈ ਉਨ੍ਹਾਂ ਨੂੰ ਗ੍ਰਿਫ਼ਤਾਰੀ ਤੋਂ ਰਾਹਤ ਦੇ ਦਿੱਤੀ ਸੀ। ਜਸਟਿਸ ਲੀਜ਼ਾ ਗਿੱਲ ਨੇ ਬੀਤੇ ਮੰਗਲਵਾਰ 44 ਸਫਿਆਂ ਦੇ ਹੁਕਮ ਵਿੱਚ ਕਿਹਾ ਕਿ ਮਜੀਠੀਆ ਨੇ ਅਪੀਲ ਕੀਤੀ ਸੀ ਕਿ ਅਸੈਂਬਲੀ ਚੋਣਾਂ ਦਾ ਐਲਾਨ ਹੋ ਚੁੱਕਾ ਹੋਣ ਕਰ ਕੇ ਉਨ੍ਹਾਂ ਨੂੰ ਹਾਈ ਕੋਰਟ ਦੇ ਫ਼ੈਸਲੇ ਨੂੰ ਸੁਪੀਰਮ ਕੋਰਟ ਵਿਰੁੱਧ ਅਪੀਲ ਕਰਨ ਲਈ ਸੱਤ ਦਿਨਾਂ ਦਾ ਸਮਾਂ ਦਿੱਤਾ ਜਾਵੇ ਤੇ ਓਦੋਂ ਤੱਕ ਉਨ੍ਹਾਂ ਦੀ ਗ੍ਰਿਫ਼ਤਾਰੀ ਉੱਤੇ ਰੋਕ ਲਾਈ ਜਾਵੇ। ਕੋਰਟ ਨੇ ਮਜੀਠੀਆ ਦੀ ਗ੍ਰਿਫ਼ਤਾਰੀ ਉੱਤੇ ਸੱਤ ਦੀ ਥਾਂ ਤਿੰਨ ਦਿਨ ਦੀ ਰੋਕ ਲਾ ਕੇ ਉਨ੍ਹਾਂ ਨੂੰ ਆਦੇਸ਼ ਦਿੱਤੇ ਕਿ ਉਹ ਇਸ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ ਵਿੱਚ ਅਪੀਲ ਕਰ ਸਕਦੇ ਹਨ।

# ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਸਬੰਧੀ ਸਜਾਇਆ ਨਗਰ ਕੀਰਤਨ



ਅੰਮ੍ਰਿਤਸਰ 27 ਜਨਵਰੀ (ਗਿਆਨ ਸਿੰਘ)- ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਗਰ ਕੀਰਤਨ ਸਜਾਇਆ ਗਿਆ, ਜਿਸ ਦੀ ਆਰੰਭਤਾ ਅਰਦਾਸ ਨਾਲ ਹੋਈ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਅਤੇ ਨਗਾਰਚੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਨਿਵਾਜਿਆ। ਆਰੰਭਤਾ ਸਮੇਂ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸੁਨਿਹਰੀ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤਾ ਅਤੇ ਨਗਰ ਕੀਰਤਨ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਚੌਰ ਸਾਹਿਬ ਦੀ ਸੇਵਾ ਵੀ ਨਿਭਾਈ। ਨਗਰ ਕੀਰਤਨ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ, ਵੱਖ-ਵੱਖ ਧਾਰਮਿਕ ਸਭਾ-ਸੁਸਾਇਟੀਆਂ ਦੇ ਨੁਮਾਇੰਦੇ ਵੀ ਵੱਡੀ ਗਿਣਤੀ ਵਿਚ ਮੌਜੂਦ ਸਨ।

ਨਗਰ ਕੀਰਤਨ ਵਿਚ ਜਿਥੇ ਗਤਕਾ ਤੇ ਬੈਂਡ ਪਾਰਟੀਆਂ ਨੇ ਭਰਵੀਂ ਸ਼ਮੂਲੀਅਤ ਕੀਤੀ, ਉਥੇ ਹੀ ਕਾਰਸੇਵਾ ਵਾਲੇ ਮਹਾਂਪੁਰਖਾਂ ਅਤੇ ਸੰਗਤਾਂ ਵੱਲੋਂ ਕਈ ਪ੍ਰਕਾਰ ਦੇ ਲੰਗਰ ਲਗਾਏ ਗਏ ਸਨ। ਬ੍ਰਹਮ ਬੂਟਾ ਮਾਰਕੀਟ, ਮਾਹਣਾ ਸਿੰਘ ਰੋਡ, ਜ਼ਲਿਆਂ ਵਾਲਾ ਬਾਗ, ਲੱਕੜ ਮੰਡੀ ਬਜ਼ਾਰ, ਸੁਲਤਾਨਵਿੰਡ ਗੇਟ, ਪਾਣੀ ਵਾਲੀ ਟੈਂਕੀ, ਸਵਰਨ ਹਾਊਸ, ਗੋਲਡਨ ਕਲਾਥ ਮਾਰਕੀਟ, ਸੁਲਤਾਨਵਿੰਡ ਰੋਡ, ਤੇਜ ਨਗਰ ਚੌਕ, ਬਜ਼ਾਰ ਸ਼ਹੀਦ ਊਧਮ ਸਿੰਘ ਨਗਰ, ਬਜ਼ਾਰ ਕੋਟ ਮਾਹਣਾ ਸਿੰਘ ਅਤੇ ਤਰਨ ਤਾਰਨ ਰੋਡ ਆਦਿ ਥਾਵਾਂ 'ਤੇ ਸੰਗਤ ਨੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਕਰਦਿਆਂ ਸਤਿਕਾਰ ਭੇਟ ਕੀਤਾ।

# ਆਪ ਪਾਰਟੀ ਦੀ ਮਹਿਲਾ ਨੇਤਾ ਖ਼ਿਲਾਫ਼ ਅਸ਼ਲੀਲ ਸ਼ਬਦਾਂ ਦੀ ਵਰਤੋਂ

*** ਮਾਮਲਾ ਪਾਰਟੀ ਹਾਈ ਕਮਾਨ ਕੋਲ ਜਾ ਪਹੁੰਚਿਆ**

ਜਲੰਧਰ, 27 ਜਨਵਰੀ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੀ ਇੱਕ ਸੀਨੀਅਰ ਮਹਿਲਾ ਨੇਤਾ ਖ਼ਿਲਾਫ਼ ਵਰਤੀ ਗਈ ਅਸ਼ਲੀਲ ਸ਼ਬਦਾਵਲੀ ਦਾ ਮੁੱਦਾ ਪਾਰਟੀ ਹਾਈ ਕਮਾਨ ਕੋਲ ਪੁੱਜ ਗਿਆ ਹੈ, ਪਰ ਇਸ ਮਾਮਲੇ ਨੂੰ ਦਬਾਉਣ ਅਤੇ ਪੰਜਾਬ ਦੀ ਸੂਬਾ ਪੱਧਰੀ ਮਹਿਲਾ ਨੇਤਾ ਨੂੰ ਮਨਾਉਣ ਅਤੇ ਉਕਤ ਅਸ਼ਲੀਲ ਸ਼ਬਦਾਵਲੀ ਬੋਲਣ ਵਾਲੇ ਨੇਤਾ ਨੂੰ ਮੁਆਫ ਕਰਨ ਲਈ ਵੀ ਕਿਹਾ ਜਾ ਰਿਹਾ ਹੈ। ਮਹਿਲਾ ਨੇਤਾ ਨੇ ਭਾਵੁਕ ਹੁੰਦੇ ਹੋਏ ਕਿਹਾ ਕਿ ਇਹ ਉਸ ਦੇ ਮਾਣ-ਸਨਮਾਨ ਦਾ ਸਵਾਲ ਹੈ। ਇਸ ਮਾਮਲੇ ਵਿੱਚ ਪਾਰਟੀ ਹਾਈ ਕਮਾਨ ਨੇ ਹੀ ਫੈਸਲਾ ਕਰਨਾ ਹੈ।

ਵਰਣਨਯੋਗ ਹੈ ਕਿ ਬੀਤੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ ਉੱਤੇ ਇੱਕ ਮੁੱਦਾ ਜ਼ੋਰ-ਸ਼ੋਰ ਨਾਲ ਪ੍ਰਚਾਰਤ ਕੀਤਾ ਜਾ ਰਿਹਾ ਹੈ, ਜਿਸ ਵਿੱਚ ਜਲੰਧਰ ਦੇ ਵਸਨੀਕ ਆਮ ਆਦਮੀ ਪਾਰਟੀ ਦੇ ਇੱਕ ਨੇਤਾ ਵੱਲੋਂ 'ਗੁੰ..' ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ,




ਜਿਸ ਉੱਤੇ ਮਹਿਲਾ ਨੇਤਾ ਦਾ ਕਹਿਣਾ ਹੈ ਕਿ ਉਹ ਨੇਤਾ ਜਦੋਂ ਤਕ ਇਹ ਨਹੀਂ ਦੱਸਦਾ ਕਿ ਉਸ ਨੇ ਇਹ ਸ਼ਬਦ ਕਿਉਂ ਵਰਤੇ ਸਨ, ਤਦ ਤਕ ਮੁਆਫੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।ਇਸ ਸਬੰਧੀ ਜਦੋਂ ਉਕਤ ਨੇਤਾ ਨਾਲ ਫੋਨ ਉੱਤੇ ਗੱਲ ਕੀਤੀ ਗਈ ਤਾਂ ਉਸ ਨੇ ਕਿਹਾ ਕਿ ਉਸਨੇ ਕਿਸੇ ਦੇ ਖ਼ਿਲਾਫ਼ ਕੁਝ ਨਹੀਂ ਕਿਹਾ, ਅਜਿਹਾ ਕੋਈ ਮਾਮਲਾ ਹੈ ਹੀ ਨਹੀਂ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਉਕਤ ਮਹਿਲਾ ਨੇਤਾ ਨੇ ਇਸਦੀ ਪੁਸ਼ਟੀ ਕੀਤੀ ਤੇ ਕਿਹਾ ਹੈ ਕਿ ਉਹ ਆਪਣੇ ਸਨਮਾਨ ਦੀ ਖਾਤਰ ਇਨਸਾਫ਼ ਲੈ ਕੇ ਰਹੇਗੀ ਤਾਂ ਉਸ ਨੇਤਾ ਨੇ ਕਿਹਾ ਕਿ ਉਹ ਚੰਡੀਗੜ੍ਹ ਵਿੱਚ ਪਾਰਟੀ ਮੀਟਿੰਗ ਵਿੱਚ ਹੈ। ਕੋਈ ਈਸ਼ੂ ਹੈ ਤਾਂ ਉਹ ਬਾਅਦ ਵਿੱਚ ਗੱਲ ਕਰੇਗਾ।ਦੂਜੇ ਪਾਸੇ ਉਕਤ ਮਹਿਲਾ ਨੇਤਾ ਨੇ ਗੱਲਬਾਤ ਦੌਰਾਨ ਆਪਣਾ ਪੱਖ ਰੱਖਦੇ ਹੋਏ ਬੇਹੱਦ ਭਾਵੁਕ ਸ਼ਬਦਾਂ ਵਿੱਚ ਕਿਹਾ ਕਿ ਉਕਤ ਨੇਤਾ ਨੇ ਪਾਰਟੀ ਦੇ ਅਧਿਕਾਰਤ ਵਟਸਐਪ ਗਰੁੱਪ ਜਿਸ ਵਿੱਚ ਹੋਰ ਵੀ ਔਰਤਾਂ ਸ਼ਾਮਲ ਹਨ, ਵਿੱਚ ਭੱਦੇ ਤੇ ਗੰਦੇ ਸ਼ਬਦ ਲਿਖ ਕੇ ਪਾਰਟੀ ਦੇ ਅਕਸ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਦੱਸਿਆ ਕਿ ਪਾਰਟੀ ਦੇ ਸੀਨੀਅਰ ਨੇਤਾ ਮਾਮਲੇ ਦੀ ਜਾਂਚ ਕਰ ਰਹੇ ਹਨ।

# ਐਸ ਸੀ ਕਮਿਸ਼ਨ ਨੇ ਐਸ ਐਸ ਪੀ ਜਲੰਧਰ ਤੋਂ ਭਗਵੰਤ ਮਾਨ ਖਿਲਾਫ ਸ਼ਿਕਾਇਤ ਉਤੇ ਰਿਪੋਰਟ ਮੰਗੀ

ਚੰਡੀਗੜ੍ਹ, 27 ਜਨਵਰੀ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਪ੍ਰਧਾਨ ਤੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਭਗਵੰਤ ਮਾਨ ਦੀਆਂ ਮੁਸ਼ਕਲਾਂ ਅਗਲੇ ਦਿਨਾਂ ਵਿੱਚ ਵਧ ਸਕਦੀਆਂ ਹਨ। ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਭਗਵੰਤ ਮਾਨ ਵੱਲੋਂ ਆਪਣੇ ਗਲ਼ ਤੋਂ ਹਾਰ ਲਾਹ ਕੇ ਬਾਬਾ ਸਾਹਿਬ ਡਾਕਟਰ ਬੀ ਆਰ ਅੰਬੇਡਕਰ ਦੇ ਬੁੱਤ ਉੱਤੇ ਪਾਉਣ ਦੇ ਮਾਮਲੇ ਵਿੱਚ ਜਲੰਧਰ ਦੇ ਐਸ ਐਸ ਪੀ ਨੂੰ ਨੋਟਿਸ ਭੇਜ ਕੇ ਰਿਪੋਰਟ ਮੰਗੀ ਹੈ। ਕਮਿਸ਼ਨ ਨੇ ਇਹ ਕਾਰਵਾਈ ਪੰਜਾਬ ਲੋਕ ਕਾਂਗਰਸ ਦੇ ਜਨਰਲ ਸਕੱਤਰ ਜਗਦੀਸ਼ ਕੁਮਾਰ ਜੱਸਲ ਦੀ ਸ਼ਿਕਾਇਤ ਉੱਤੇ ਕੀਤੀ ਹੈ। ਇਸ ਨੋਟਿਸ ਵਿੱਚ ਕਮਿਸ਼ਨ ਨੇ ਕਿਹਾ ਕਿ ਪੰਜਾਬ ਲੋਕ ਕਾਂਗਰਸ ਦੇ ਜਨਰਲ ਸਕੱਤਰ ਜਗਦੀਸ਼ ਕੁਮਾਰ ਜੱਸਲ ਨੇ ਬੀਤੇ ਦਿਨ ਕਮਿਸ਼ਨ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਕਿ 24 ਜਨਵਰੀ ਨੂੰ ਆਮ ਆਦਮੀ ਪਾਰਟੀ



ਦੇ ਪ੍ਰਧਾਨ ਭਗਵੰਤ ਮਾਨ ਚੋਣ ਪ੍ਰਚਾਰ ਲਈ ਜਲੰਧਰ ਪੁੱਜੇ ਤਾਂ ਇਸ ਮੌਕੇ ਜਲੰਧਰ ਵਿੱਚ ਉਨ੍ਹਾਂ (ਮਾਨ) ਆਪਣੇ ਗਲ਼ ਤੋਂ ਹਾਰ ਕੱਢ ਕੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਪਹਿਨਾ ਦਿੱਤੇ। ਅਜਿਹਾ ਕਰ ਕੇ ਭਗਵੰਤ ਮਾਨ ਨੇ ਬਾਬਾ ਸਾਹਿਬ ਦਾ ਅਪਮਾਨ ਕੀਤਾ ਹੈ। ਭਗਵੰਤ ਮਾਨ ਦੇ ਇਸ ਵਿਹਾਰ ਨਾਲ ਐਸ ਸੀ ਸਮਾਜ ਵਿੱਚ ਰੋਸ ਪਾਇਆ ਜਾ ਰਿਹਾ ਹੈ। ਕਮਿਸ਼ਨ ਨੇ ਪੰਜਾਬ ਰਾਜ ਅਨੁਸੂਚਿਤ ਜਾਤੀ ਐਕਟ 2004 ਦੀ ਧਾਰਾ 10 ਹੇਠ ਸ਼ਿਕਾਇਤ ਦੀ ਜਾਂਚ ਕਰਨ ਲਈ ਐਸ ਐਸ ਪੀ ਜਲੰਧਰ (ਦਿਹਾਤੀ) ਨੂੰ ਤੱਥਾਂ ਦੇ ਆਧਾਰ ਉੱਤੇ ਕਾਨੂੰਨੀ ਰਾਏ ਲੈਣ ਪਿੱਛੋਂ ਇੱਕ ਮਾਰਚ ਤੋਂ ਪਹਿਲਾਂ ਕਮਿਸ਼ਨ ਕੋਲ ਦੋ ਪੜ੍ਹਤਾਂ ਵਿੱਚ ਰਿਪੋਰਟ ਦੇਣ ਦੇ ਹੁਕਮ ਦਿੱਤੇ ਹਨ।



# ਬੇਰਜ਼ੁਗਾਰ ਨੌਜਵਾਨਾਂ ਨੇ ਟਰੇਨਾਂ ਸਾੜੀਆਂ, ਕਈ ਟਰੇਨਾਂ ਰੱਦ

ਪਟਨਾ, 27 ਜਨਵਰੀ, (ਪੋਸਟ ਬਿਊਰੋ)- ਰੇਲਵੇ ਭਰਤੀ ਵਿੱਚ ਧਾਂਦਲੀ ਦਾ ਦੋਸ਼ ਲਾਉਂਦੇ ਹੋਏ ਬੇਰਜ਼ਗਾਰ ਨੌਜਵਾਨਾਂ ਨੇ ਅੱਜ ਫਿਰ ਹੰਗਾਮਾ ਕਰ ਦਿੱਤਾ ਹੈ। ਅੱਜ ਬੁੱਧਵਾਰ ਰੇਲਵੇ ਉਮੀਦਵਾਰਾਂ ਨੇ ਗਯਾ ਵਿੱਚ ਟਰੇਨ ਦੇ ਤਿੰਨ ਡੱਬਿਆਂ ਨੂੰ ਅੱਗ ਲਾ ਦਿੱਤੀ ਤੇ ਜ਼ਬਰਦਸਤ ਪ੍ਰਦਰਸ਼ਨ ਕੀਤਾ। ਖਬਰਾਂ ਹਨ ਕਿ ਗਯਾ ਜੰਕਸ਼ਨ ਨੇੜੇ ਕਰੀਮਗੰਜ ਨੇੜੇ ਰੇਲਵੇ ਟਰੈਕ ਉੱਤੇ ਖੜੀ ਟਰੇਨ ਦੀਆਂ ਤਿੰਨ ਬੋਗੀਆਂ ਨੂੰ ਵਿਦਿਆਰਥੀਆਂ ਨੇ ਅੱਗ ਲਾ ਦਿੱਤੀ ਤੇ



ਇਸ ਮੌਕੇ ਪ੍ਰਦਰਸ਼ਨ ਕਰਦੇ ਲੋਕਾਂ ਨੂੰ ਰੋਕਣ ਲਈ ਪੁਲਿਸ ਫੋਰਸ ਨੂੰ ਕਾਫੀ ਜੱਦੋ-ਜਹਿਦ ਕਰਨੀ ਪਈ। ਦੱਸਿਆ ਜਾਂਦਾ ਹੈ ਕਿ ਰੇਲਵੇ ਭਰਤੀ ਵਿੱਚ ਧਾਂਦਲੀ ਦਾ ਦੋਸ਼ ਲਾਉਣ ਵਾਲੇ ਹਜ਼ਾਰਾਂ ਪ੍ਰਦਰਸ਼ਨਕਾਰੀ ਏਥੇ ਗਯਾ ਜੰਕਸ਼ਨ ਉੱਤੇ ਇਕੱਠੇ ਹੋਣ ਤੋਂ ਬਾਅਦ ਅੱਗੇ ਵਧੇ ਅਤੇ ਸਭ ਤੋਂ ਪਹਿਲਾਂ ਉਨ੍ਹਾਂ ਨੇ ਟਰੈਕ ਨੂੰ ਨੁਕਸਾਨ ਪੁਚਾਇਆ। ਫਿਰ ਉਨ੍ਹਾਂ ਨੇ ਯਾਰਡ ਤੋਂ ਆਈ ਟਰੇਨ ਦੀ ਇਕ ਬੋਗੀ ਸਾੜ ਦਿੱਤੀ। ਇਸ ਤੋਂ ਪਹਿਲਾਂ ਕਿ ਪੁਲਿਸ ਅੱਗ ਵਾਲੀ ਬੋਗੀ ਤਕ ਪਹੁੰਚਦੀ, ਪ੍ਰਦਰਸ਼ਨਕਾਰੀਆਂ ਨੇ ਤਿੰਨ ਬੋਗੀਆਂ ਨੂੰ ਅੱਗ ਲਾ ਦਿੱਤੀ। ਵਿਦਿਆਰਥੀਆਂ ਦਾ ਪਿੱਛਾ ਕਰਦੀ ਪੁਲਿਸ ਨੇ ਦੰਗੇ ਰੋਕਣ ਲਈ ਹਲਕੀ ਤਾਕਤ ਦੀ ਵਰਤੋਂ ਕੀਤੀ, ਪਰ ਹਿੰਸਕ ਪ੍ਰਦਰਸ਼ਨਕਾਰੀ ਨਹੀਂ ਮੰਨੇ। ਇਸ ਤੋਂ ਬਾਅਦ ਰੇਲਵੇ ਪ੍ਰੋਟੈਕਸ਼ਨ ਫੋਰਸ (ਆਰ ਪੀ ਐਫ) ਦੀ ਟੀਮ ਨੇ ਭੀੜ ਨੂੰ ਹਟਾਉਣ ਲਈ ਅੱਥਰੂ ਗੈਸ ਦੇ ਗੋਲੇ ਛੱਡੇ। ਮਿਲੀ ਜਾਣਕਾਰੀ ਮੁਤਾਬਕ ਇਸ ਸਥਿਤੀ ਦੇ ਕਾਰਨ ਰੇਲਵੇ ਨੇ ਬਿਹਾਰ ਅਤੇ ਨਾਲ ਲੱਗਦੇ ਰਾਜਾਂ ਵਿੱਚ ਟਰੇਨਾਂ ਦੀ ਆਵਾਜਾਈ ਉੱਤੇ ਵਿਚਾਰ ਕੀਤੀ ਅਤੇ ਇੱਕ ਹਜ਼ਾਰ ਤੋਂ ਵੱਧ ਟਰੇਨਾਂ ਹਾਲ ਦੀ ਘੜੀ ਰੱਦ ਕਰ ਦਿੱਤੀਆਂ ਹਨ।

# ਲਖੀਮਪੁਰ ਖੀਰੀ ਕੇਸ; ਸਬੂਤਾਂ ਦੀ ਘਾਟ ਕਾਰਨ ਤਿੰਨ ਕਿਸਾਨ ਬਰੀ

ਲਖੀਮਪੁਰ ਖੀਰੀ, 27 ਜਨਵਰੀ (ਪੋਸਟ ਬਿਊਰੋ)- ਪਿਛਲੇ ਸਾਲ ਹੋਈ ਲਖੀਮਪੁਰ ਖੀਰੀ ਹਿੰਸਾ ਦੀ ਜਾਂਚ ਕਰਦੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੇ ਭਾਜਪਾ ਦੇ ਦੋ ਵਰਕਰਾਂ ਤੇ ਇੱਕ ਕਾਰ ਡਰਾਈਵਰ ਦੀ ਕੁੱਟਮਾਰ ਦੇ ਮਾਮਲੇ ਵਿੱਚ ਚਾਰ ਲੋਕਾਂ ਵਿਰੁੱਧ ਚਾਰਜਸ਼ੀਟ ਦਾਖ਼ਲ ਕੀਤੀ ਸੀ। ਇਸ ਕੇਸ ਵਿੱਚ ਸੱਤ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਤਿੰਨਾਂ ਵਿਰੁੱਧ ਕੋਈ ਸਬੂਤ ਨਹੀਂ ਮਿਲਿਆ। ਐਸ ਆਈ ਟੀ ਨੇ ਆਪਣੀ ਜਾਂਚ ਵਿੱਚ ਚਾਰ ਜਣਿਆਂ ਵਿਰੁੱਧ ਕਤਲ, ਦੰਗੇ, ਅੱਗਜ਼ਨੀ, ਤੋੜ-ਭੰਨ ਅਤੇ ਉਕਸਾਉਣ ਸਮੇਤ ਕਈ ਧਾਰਾਵਾਂ ਦੀ ਚਾਰਜਸ਼ੀਟ ਦਾਖ਼ਲ ਕੀਤੀ ਹੈ।

ਵਰਨਣ ਯੋਗ ਹੈ ਕਿ ਪਿਛਲੇ ਸਾਲ ਅਕਤੂਬਰ ਵਿੱਚ ਲਖੀਮਪੁਰ ਖੀਰੀ ਵਿੱਚ ਕੇਂਦਰੀ ਮੰਤਰੀ ਦੇ ਪੁੱਤਰ ਵੱਲੋਂ ਓਥੇ ਰੋਸ ਕਰਦੇ ਕਿਸਾਨਾਂ ਉੱਤੇ ਜੀਪ ਚਾੜ੍ਹ ਕੇ ਚਾਰ ਕਿਸਾਨ ਮਾਰ ਦਿੱਤੇ ਜਾਣ ਦੀ ਘਟਨਾ ਤੋਂ ਬਾਅਦ ਬਣੇ ਇਸ ਕੇਸ ਵਿੱਚ ਅੱਠ ਲੋਕਾਂ ਦੀ ਮੌਤ ਦਾ ਹਵਾਲਾ ਦਿੱਤਾ ਗਿਆ ਸੀ, ਜਿਸ ਵਿੱਚ ਚਾਰ ਕਿਸਾਨ, ਇੱਕ ਪੱਤਰਕਾਰ, ਦੋ ਭਾਜਪਾ ਵਰਕਰ ਅਤੇ ਇੱਕ ਕਾਰ ਡਰਾਈਵਰ ਸੀ। ਪਹਿਲੀ ਕਾਨੂੰਨੀ ਸ਼ਿਕਾਇਤ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਅਤੇ ਕਰੀਬ 15-20 ਲੋਕਾਂ ਉਤੇ ਉਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਦੇ ਦੌਰੇ ਦੇ ਵਿਰੁੱਧ ਰੋਸ ਕਰਦੇ ਚਾਰ ਕਿਸਾਨਾਂ ਅਤੇ ਇੱਕ ਪੱਤਰਕਾਰ ਦੀ ਹਤਿਆ ਕਰਨ ਦਾ ਦੋਸ਼ ਹੈ। ਦੂਸਰੇ ਪਾਸੇ ਭਾਜਪਾ ਵਰਕਰਾਂ ਦੇ ਕਤਲ ਦੇ ਕਾਰਨ ਸ਼ੁਰੂ ਵਿੱਚ ਸੱਤ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਸੀ, ਪਰ ਸਬੂਤਾਂ ਦੀ ਘਾਟ ਕਾਰਨ ਤਿੰਨਾਂ ਨੂੰ ਛੱਡ ਦਿੱਤਾ ਗਿਆ ਹੈ।

# ਇੰਦਰਾਣੀ ਮੁਖਰਜੀ ਵੱਲੋਂਆਪਣੀ ਬੇਟੀ ਦੇ ਜ਼ਿੰਦਾ ਹੋਣ ਦਾ ਦਾਅਵਾ

ਮੁੰਬਈ, 27 ਜਨਵਰੀ (ਪੋਸਟ ਬਿਊਰੋ)- ਬਹੁ-ਚਰਚਿਤ ਸ਼ੀਨਾ ਬੋਰਾ ਕੇਸ ਵਿੱਚ ਦੋਸ਼ੀ ਇੰਦਰਾਣੀ ਮੁਖਰਜੀ ਨੇ ਸੈਸ਼ਨ ਕੋਰਟ ਦਾ ਦਰਵਾਜ਼ਾ ਖੜਕਾਉਂਦੇ ਹੋਏ ਦਾਅਵਾ ਕੀਤਾ ਹੈ ਕਿ ਉਸ ਦੀ ਬੇਟੀ ਸ਼ੀਨਾ ਬੋਰਾ ਜ਼ਿੰਦਾ ਹੈ। ਉਸ ਨੇ ਕਿਹਾ ਕਿ ਸੀ ਆਈ ਡੀ ਵੱਲੋਂ ਪਿੱਛੇ ਜਿਹੇ ਗ੍ਰਿਫਤਾਰ ਕੀਤੀ ਗਈ ਮੁੰਬਈ ਕਰਾਈਮ ਬਰਾਂਚ ਦੀ ਇੰਸਪੈਕਟਰ ਪੱਧਰ ਦੀ ਇੱਕ ਅਫਸਰ ਨੇ ਇਹ ਦਾਅਵਾ ਕੀਤਾ ਹੈ। ਇੰਸਪੈਕਟਰ ਨੂੰ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਵਿੱਚ ਮੁੰਬਈ ਪੁਲਸ ਦੇ ਸਾਬਕਾ ਕਮਿਸ਼ਨਰ ਪਰਮਬੀਰ ਸਿੰਘ ਵੀ ਦੋਸ਼ੀ ਹਨ।

ਪੱਤਰਕਾਰ ਰਹਿ ਚੁੱਕੀ ਇੰਦਰਾਣੀ ਮੁਖਰਜੀ ਨੇ ਬੀਤੇ ਦਸੰਬਰ ਵਿੱਚ ਸੀ ਬੀ ਆਈ ਦੇ ਮੁਖੀ ਸੁਬੋਧ ਜੈਸਵਾਲ ਨੂੰ ਲਿਖੇ ਪੱਤਰ ਵਿੱਚ ਕਿਹਾ



ਸੀ ਕਿ ਭਾਏਖਲਾ ਜੇਲ੍ਹ ਵਿੱਚ ਬੰਦ ਇੱਕ ਕੈਦੀ ਨੇ ਦਾਅਵਾ ਕੀਤਾ ਹੈ ਕਿ ਸ਼ੀਨਾ ਬੋਰਾ ਜ਼ਿੰਦਾ ਹੈ ਤੇ ਕਸ਼ਮੀਰ ਵਿੱਚ ਹੈ। ਇਹ ਹਫਤੇ ਇੰਦਰਾਣੀ ਨੇ ਸੈਸ਼ਨ ਕੋਰਟ ਨੂੰ ਪੱਤਰ ਲਿਖ ਕੇ ਇਸ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਅਤੇ ਦਾਅਵਾ ਕੀਤਾ ਹੈ ਕਿ ਉਸ ਦੇ ਨਾਲ ਜੇਲ੍ਹ ਵਿੱਚ ਬੰਦ ਇੰਸਪੈਕਟਰ ਆਸ਼ਾ ਕੋਰਕੇ ਨੇ ਉਸ ਨੂੰ ਕਿਹਾ ਸੀ ਕਿ ਉਨ੍ਹਾਂ ਨੇ 24 ਜੂਨ 2021 ਨੂੰ ਡੱਲ ਝੀਲ ਦੇ ਨੇੜੇ ਸ਼ੀਨਾ ਬੋਰਾ ਨੂੰ ਦੇਖਿਆ ਸੀ। ਉਸ ਨੇ ਕਿਹਾ ਕਿ ਕੋਰਕੇ ਨੇ 25 ਨਵੰਬਰ 2021 ਨੂੰ ਸਵੇਰੇ ਸੱਤ ਵਜੇ ਉਸ ਨਾਲ ਸੰਪਰਕ ਕੀਤਾ ਅਤੇ ਕਿਹਾ ਕਿ ਉਹ ਕੁਝ ਅਹਿਮ ਜਾਣਕਾਰੀ ਦੇਣਾ ਚਾਹੁੰਦੇ ਹਨ। ਅਰਜ਼ੀ ਵਿੱਚ ਇੰਦਰਾਣੀ ਨੇ ਕਿਹਾ ਹੈ ਕਿ ਕੋਰਕੇ ਨੇ ਦੱਸਿਆ ਕਿ ਉਹ ਜੰਮੂ ਕਸ਼ਮੀਰ ਵਿੱਚ ਛੁੱਟੀਆਂ ਬਿਤਾਉਣ ਗਏ ਤਾਂ ਉਨ੍ਹਾਂ ਨੇ ਸ਼ੀਨਾ ਬੋਰਾ ਨੂੰ ਡੱਲ ਝੀਲ ਉੱਤੇ ਖੜ੍ਹੀ ਦੇਖਿਆ ਸੀ। ਉਨ੍ਹਾਂ ਨੂੰ ਉਸ ਦਾ ਚਿਹਰਾ ਜਾਣਿ-ਆ ਪਛਾਣਿਆ ਲੱਗਾ। ਦਿਮਾਗ ਉੱਤੇ ਜ਼ੋਰ ਦੇਣ ਉੱਤੇ ਉਨ੍ਹਾਂ ਨੇ ਸ਼ੀਨਾ ਨੂੰ ਪਛਾਣ ਲਿਆ। ਉਨ੍ਹਾਂ ਨੇ ਜਦੋਂ ਸ਼ੀਨਾ ਨੂੰ ਉਸ ਦੇ ਨਾਂਅ ਨਾਲ ਬੁਲਾਇਆ ਤਾਂ ਉਸ ਨੇ ਹਾਂ ਵਿੱਚ ਜਵਾਬ ਦਿੱਤਾ। ਇਸ ਉੱਤੇ ਸ਼ੀਨਾ ਨੇ ਕਿਹਾ ਕਿ ਉਹ ਆਪਣੀ ਨਵੀਂ ਜ਼ਿੰਦਗੀ ਵਿੱਚ ਅੱਗੇ ਵਧ ਚੁੱਕੀ ਹੈ ਤੇ ਪਿਛਲੀ ਜ਼ਿੰਦਗੀ ਵਿੱਚ ਨਹੀਂ ਪਰਤਣਾ ਚਾਹੁੰਦੀ। ਇਸ ਤੋਂ ਬਾਅਦ ਇੱਕ ਵਿਦੇਸ਼ੀ ਨੌਜਵਾਨ ਮੋਟਰ ਸਾਈਕਲ ਉੱਤੇ ਆਇਆ ਤੇ ਸ਼ੀਨਾ ਉਸ ਦੇ ਨਾਲ ਚਲੀ ਗਈ ਸੀ।

# ਨਫਰਤ ਦੇ ਭਾਸ਼ਣਾਂ ਵਿਰੁੱਧ ਦੋ ਹਿੰਦੂ ਸੰਗਠਨ ਵੀ ਸੁਪਰੀਮ ਕੋਰਟ ਪੁੱਜੇ

ਨਵੀਂ ਦਿੱਲੀ, 27 ਜਨਵਰੀ (ਪੋਸਟ ਬਿਊਰੋ)- ਨਫਰਤ ਫੈਲਾਉਣ ਵਾਲੇ ਭਾਸ਼ਣਾਂ ਦੇ ਮਾਮਲੇ ਵਿੱਚ ਦੋ ਹਿੰਦੂ ਸੰਗਠਨ ਨੇ ਵੀ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਹੈ। ਇਨ੍ਹਾਂ ਹਿੰਦੂ ਸੰਗਠਨਾਂ ਨੇ ਦਖਲ ਦੇਣ ਵਾਲੀ ਅਰਜ਼ੀ ਦਾਖਲ ਕਰ ਕੇ ਇਸ ਕੇਸ ਵਿੱਚ ਉਨ੍ਹਾਂ ਨੂੰ ਪੱਖ ਰੱਖਣ ਦੀ ਇਜਾਜ਼ਤ ਦਿੱਤੇ ਜਾਣ ਦੀ ਮੰਗ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਅਰਜ਼ੀ ਵਿੱਚ ਹਿੰਦੂਆਂ ਤੇ ਉਨ੍ਹਾਂ ਦੇ ਦੇਵੀ-ਦੇਵਤਿਆਂ ਖਿਲਾਫ ਨਫਰਤ ਫੈਲਾਉਣ ਵਾਲੇ ਭਾਸ਼ਣਾਂ ਦੀ ਐਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਤੋਂ ਜਾਂਚ ਕਰਾਉਣ ਦੀ ਮੰਗ ਕੀਤੀ ਗਈ ਹੈ। ਇੱਕ ਅਰਜ਼ੀ ਹਿੰਦੂ ਫਰੰਟ ਫਾਰ ਜਸਟਿਸ ਅਤੇ ਦੂਸਰੀ ਹਿੰਦੂ ਸੈਨਾ ਨੇ ਦਾਖਲ ਕੀਤੀ ਹੈ।ਹਿੰਦੂ ਫਰੰਟ ਫਾਰ ਜਸਟਿਸ ਨੇ ਇਸ ਅਰਜ਼ੀ ਵਿੱਚ ਮੁਸਲਿਮ ਨੇਤਾਵਾਂ ਵੱਲੋਂ ਦਿੱਤੇ ਨਫਰਤ ਭਰੇ ਭਾਸ਼ਣਾਂ ਦੇ ਲਿੰਕ ਨਾਲ ਦਿੱਤੇ ਹਨ। ਹਿੰਦੂ ਸੈਨਾ ਦੇ ਰਾਸ਼ਟਰੀ ਪ੍ਰਧਾਨ ਵਿਸ਼ਨੂ ਗੁਪਤਾ ਨੇ ਅਰਜ਼ੀ ਵਿੱਚ ਨਫਰਤ ਫੈਲਾਉਣ ਵਾਲੇ ਭਾਸ਼ਣ ਦੇਣ ਉੱਤੇ ਮੁਸਲਿਮ ਨੇਤਾ ਅਸਦੁਦੀਨ ਓਵੈਸੀ, ਤੌਕੀਰ ਰਜ਼ਾ, ਸਾਜ਼ਿਦ ਰਸ਼ੀਦੀ, ਅਮਾਨਤੁੱਲਾ ਖਾਨ ਅਤੇ ਵਾਰਿਸ ਪਠਾਨ ਦੇ ਖਿਲਾਫ ਕੇਸ ਦਰਜ ਕਰ ਕੇ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ ਹੈ।ਸੁਪਰੀਮ ਕੋਰਟ ਵਿੱਚ ਇਸ ਤੋਂ ਪਹਿਲਾਂ ਹੀ ਨਫਰਤ ਫੈਲਾਉਣ ਵਾਲੇ ਭਾਸ਼ਣਾਂ ਦਾ ਕੇਸ ਚੱਲ ਰਿਹਾਹੈ। ਕੋਰਟ ਨੇ ਪੱਤਰਕਾਰ ਕੁਰਬਾਨ ਅਲੀ ਅਤੇ ਪਟਨਾ ਹਾਈ ਕੋਰਟ ਦੀ ਸੇਵਾਮੁਕਤ ਜੱਜ ਅਤੇ ਸੀਨੀਅਰ ਵਕੀਲ ਅੰਜਨਾ ਪ੍ਰਕਾਸ਼ ਦੀ ਅਰਜ਼ੀ ਉੱਤੇ ਬੀਤੀ 12 ਜਨਵਰੀ ਨੂੰ ਕੇਂਦਰ ਸਰਕਾਰ, ਦਿੱਲੀ ਪੁਲਸ ਤੇ ਉਤਰਾਖੰਡ ਪੁਲਸ ਨੂੰ ਨੋਟਿਸ ਜਾਰੀ ਕੀਤਾ ਸੀ। ਉਸ ਅਰਜ਼ੀ ਵਿੱਚ ਹਰਿਦੁਆਰ ਅਤੇ ਦਿੱਲੀ ਦੀ ਧਰਮ ਸੰਸਦ ਵਿੱਚ ਨਫਰਤ ਫੈਲਾਉਣ ਵਾਲੇ ਭਾਸ਼ਣਾਂ ਦਾ ਹਵਾਲਾ ਦੇ ਕੇਇਸ ਕੇਸ ਦੀ ਜਾਂਚ ਐਸ ਆਈ ਟੀ ਤੋਂ ਕਰਾਉਣ ਦੀ ਮੰਗ ਕੀਤੀ ਗਈ ਹੈ। ਹਿੰਦੂ ਸੰਗਠਨਾਂ ਨੇ ਅਰਜ਼ੀ ਇਸੇ ਵਿਚਾਰ ਅਧੀਨ ਕੇਸ ਵਿੱਚ ਦਾਖਲ ਕੀਤੀ ਹੈ। ਵਕੀਲ ਵਿਸ਼ਣੂ ਸ਼ੰਕਰ ਜੈਨ ਦੇ ਰਾਹੀਂ ਹਿੰਦੂ ਫਰੰਟ ਫਾਰ ਜਸਟਿਸ ਨੇ ਪ੍ਰਧਾਨ ਰੰਜਨਾ ਅਗਨੀਹੋਤਰੀ ਵੱਲੋਂ ਅਰਜ਼ੀ ਦਾਖਲ ਕੀਤੀ ਹੈ। ਸੰਗਠਨ ਨੇ ਅਰਜ਼ੀ ਵਿੱਚ ਮੰਗ ਕੀਤੀ ਹੈ ਕਿ ਸੰਵਿਧਾਨ ਦੀ ਭਾਵਨਾ ਅਤੇ ਦੇਸ਼ ਦੀ ਅਖੰਡਤਾ ਖਿਲਾਫ ਨਫਰਤੀ ਭਾਸ਼ਣ ਦੇਣ ਦੀਆਂ ਘਟਨਾਵਾਂ ਦੀ ਜਾਂਚ ਕਰਾਈ ਜਾਏ ਅਤੇ ਹਿੰਦੂਆਂ ਅਤੇ ਹਿੰਦੂ ਦੇਵੀ-ਦੇਵਤਿਆਂ ਦੇ ਖਿਲਾਫ ਨਫਰਤ ਭਰੇ ਭਾਸ਼ਣਾਂ ਦੀ ਐਸ ਆਈ ਟੀ ਤੋਂ ਜਾਂਚ ਕਰਾਈ ਜਾਏ ਅਤੇ ਕੋਰਟ ਮੁਸਲਿਮ ਫਿਰਕੇ ਦੇ ਨੇਤਾਵਾਂ ਨੂੰ ਹਿੰਦੂਆਂ ਖਿਲਾਫ ਨਫਰਤ ਅਤੇ ਹਿੰਸਾ ਫੈਲਾਉਣ ਤੋਂ ਰੋਕਣ ਲਈ ਲੋੜੀਂਦੇ ਹੁਕਮ ਜਾਰੀ ਕਰੇ।


ਰਾਮ ਮੰਦਰ ਦੇ ਮੁੱਖ ਪੁਜਾਰੀ ਨੇ ਕਿਹਾ

# ਚੰਗਾ ਹੋਇਐ ਕਿ ਆਦਿਤਿਆਨਾਥ ਅਯੁੱਧਿਆ ਤੋਂ ਚੋਣ ਨਹੀਂ ਲੜ ਰਹੇ

*** ਅਯੁੱਧਿਆ ਵਿੱਚ ਲੋਕਾਂ ਵੱਲੋਂ ਮੁੱਖ ਮੰਤਰੀ ਯੋਗੀ ਦੇ ਵਿਰੋਧ ਦੀ ਸੰਭਾਵਨਾ**

ਅਯੁੱਧਿਆ (ਯੂ ਪੀ), 27 ਜਨਵਰੀ (ਪੋਸਟ ਬਿਊਰੋ)- ਰਾਮ ਮੰਦਰ ਦੇ ਮੁੱਖ ਪੁਜਾਰੀ ਆਚਾਰੀਆ ਸਤੇਂਦਰ ਦਾਸ ਨੇ ਕਿਹਾ ਹੈ ਕਿ ਇਹ ਚੰਗਾ ਹੀ ਹੋਇਆ ਹੈ ਕਿ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਇਸ ਵਾਰ ਅਯੁੱਧਧਿਆ ਤੋਂ ਚੋਣ ਨਹੀਂ ਲੜ ਰਹੇ, ਕਿਉਂਕਿ ਇੱਥੇ ਉਨ੍ਹਾਂ ਦਾ ਕਾਫੀ ਵਿਰੋਧ ਹੋਣਾ ਸੀ।

ਇਹ ਪੁੱਛਣ ਉੱਤੇ ਕਿ ਉਨ੍ਹਾਂ ਇਹ ਸੁਝਾਅ ਕਿਉਂ ਦਿੱਤਾ ਕਿ ਆਦਿਤਿਆਨਾਥ ਨੂੰ ਅਯੁੱਧਿਆ ਤੋਂ ਚੋਣ ਨਹੀਂ ਲੜਨੀ ਚਾਹੀਦੀ, ਮੁੱਖ ਪੁਜਾਰੀ ਆਚਾਰੀਆ ਸਤੇਂਦਰ ਦਾਸ ਨੇਕਿਹਾ ਕਿ ਉਨ੍ਹਾਂ 'ਇਹ ਸੁਝਾਅ ਰਾਮ ਲੱਲਾ' (ਭਗਵਾਨ ਰਾਮ) ਤੋਂ ਸੁਆਲ ਪੁੱਛਣ ਮਗਰੋਂ ਦਿੱਤਾ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਸੁਝਾਅ ਦਿੱਤਾ ਸੀ ਕਿ ਆਦਿਤਿਆਨਾਥ ਨੂੰ ਗੋਰਖਪੁਰ ਤੋਂ ਚੋਣ ਲੜਨੀ ਚਾਹੀਦੀ ਹੈ, ਕਿਉਂਕਿ ਇੱਥੇ ਮੰਦਰ ਦੀ ਉਸਾਰੀ ਕਰਨ ਲਈਜਿਨ੍ਹਾਂ ਲੋਕਾਂ ਦੇ



ਘਰ ਅਤੇ ਦੁਕਾਨਾਂ ਢਾਹੇ ਗਏ ਸਨ, ਉਹ ਯੋਗੀ ਆਦਿਤਿਆਨਾਥ ਦਾ ਵਿਰੋਧ ਕਰ ਰਹੇ ਹਨ। ਅਸਲ ਵਿੱਚ ਵੱਡੇ ਪੱਧਰ ਉੱਤੇ ਸਿਆਸੀ ਹਲਕਿਆਂ ਵਿੱਚ ਇਹ ਕਿਆਸ ਲੱਗ ਰਹੇ ਸਨ ਕਿ ਯੋਗੀ ਆਦਿਤਿਆਨਾਥ ਅਯੁੱਧਿਆ ਤੋਂ ਚੋਣ ਲੜਨਗੇ, ਪਰ ਭਾਜਪਾ ਲੀਡਰਸ਼ਿਪ ਨੇ ਉਨ੍ਹਾਂ ਨੂੰ ਗੋਰਖਪੁਰ (ਸ਼ਹਿਰੀ) ਹਲਕੇ ਤੋਂ ਚੋਣ ਲੜਾਉਣ ਦਾ ਫੈਸਲਾ ਕੀਤਾ ਹੈ। ਯੋਗੀ ਆਦਿਤਿਆਨਾਥ ਨੇ ਕਿਹਾ ਕਿ ਭਾਜਪਾ ਰਾਮ ਮੰਦਰ ਦਾ ਮੁੱਦਾ ਨਹੀਂ ਛੱਡੇਗੀ ਅਤੇ ਇਹ ਉਨ੍ਹਾਂ ਦੇ ਏਜੰਡੇ ਉੱਤੇ ਰਹੇਗਾ। ਉਨ੍ਹਾਂ ਨੇ ਆਪਣੇ ਜ਼ਿੰਦਾ ਰਹਿੰਦਿਆਂ ਰਾਮ ਮੰਦਰ ਦੀ ਉਸਾਰੀ ਮੁਕੰਮਲ ਹੁੰਦਿਆਂ ਵੇਖਣ ਦੀ ਆਸ ਵੀ ਪ੍ਰਗਟਾਈ ਹੈ।

ਇਸ ਦੌਰਾਨ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਲਈ ਮੀਰਾਂਪੁਰ ਹਲਕੇ ਤੋਂ ਭਾਜਪਾ ਉਮੀਦਵਾਰ ਵੱਲੋਂ ਇੱਕ ਚੋਣ ਮੀਟਿੰਗ ਵਿੱਚ ਭੜਕਾਊ ਭਾਸ਼ਣ ਦੇਣ ਅਤੇ ਘਰ-ਘਰ ਜਾ ਕੇ ਪ੍ਰਚਾਰ ਕਰਨ ਕਰ ਕੇ ਉਸ ਦੇ ਖਿਲਾਫ ਚੋਣ ਕਮਿਸ਼ਨ ਵੱਲੋਂ ਜਾਰੀ ਨਿਰਦੇਸ਼ਾਂ ਦੀ ਉਲੰਘਣਾ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ। ਕਾਕਰੋਲੀ ਥਾਣੇ ਦੇ ਐਸ ਐਚ ਓ ਨੇ ਕਿਹਾ ਕਿ ਪ੍ਰਸ਼ਾਂਤ ਗੁੱਜਰ ਅਤੇ ਉਸ ਦੇ ਚਾਲੀ ਸਮਰਥਕਾਂ ਦੇ ਖਿਲਾਫ ਬਿਨਾਂ ਮਨਜ਼ੂਰੀ ਮੀਟਿੰਗ ਕਰਨ ਦਾ ਕੇਸ ਇਸ ਘਟਨਾ ਸਬੰਧੀ ਵਾਇਰਲ ਵੀਡੀਓ ਦੇ ਆਧਾਰ ਉੱਤੇ ਦਰਜ ਕੀਤਾ ਗਿਆ ਹੈ, ਜਿਸ ਵਿੱਚ ਗੁੱਜਰ ਤੇ ਉਸ ਦੇ ਸਮਰਥਕ ਛੋਰਾਵਾਲਾ ਪਿੰਡ ਵਿੱਚ ਲੋਕਾਂ ਨੂੰ ਵੋਟ ਪਾਉਣ ਦੇ ਲਈ ਅਪੀਲ ਕਰਦੇ ਵਿਖਾਈ ਦੇਂਦੇ ਹਨ। ਉਨ੍ਹਾਂ ਕਿਹਾ ਕਿ ਇਹ ਚੋਣ ਮੀਟਿੰਗ ਜ਼ਿਲ੍ਹਾ ਅਧਿਕਾਰੀਆਂ ਦੀ ਮਨਜ਼ੂਰੀ ਤੋਂ ਬਿਨਾਂ ਤੇ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਕਰ ਕੇ ਕੀਤੀ ਗਈ ਹੈ।

## ਏਅਰ ਇੰਡੀਆ ਇਸ ਹਫ਼ਤੇ ਦੇ ਅਖੀਰ ਤਕ ਟਾਟਾ ਦੀ ਹੋ ਜਾਏਗੀ

ਨਵੀਂ ਦਿੱਲੀ, 27 ਜਨਵਰੀ (ਪੋਸਟ ਬਿਊਰੋ)- ਏਅਰ ਇੰਡੀਆ ਨੂੰ ਇਸ ਹਫ਼ਤੇ ਦੇ ਅੰਤ ਤਕ ਟਾਟਾ ਗਰੁੱਪ ਨੂੰ ਸੌਂਪਿਆ ਜਾ ਸਕਦਾ ਹੈ। ਸੀਨੀਅਰ ਸਰਕਾਰੀ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ ਹੈ।

ਭਾਰਤ ਸਰਕਾਰ ਨੇ ਇੱਕ ਮੁਕਾਬਲੇ ਵਾਲੀ ਬੋਲੀ ਪ੍ਰਕਿਰਿਆ ਰਾਹੀਂ ਪਿਛਲੇ ਸਾਲ ਅੱਠ ਅਕਤੂਬਰ ਨੂੰ ਟਾਟਾ ਸੰਨਜ਼ ਦੀ ਇੱਕ ਕੰਪਨੀ ਵੱਲੋਂ ਲਾਈ ਬੋਲੀ ਪ੍ਰਵਾਨ ਕਰਕੇ ਏਅਰ ਇੰਡੀਆ ਦੀ ਬੋਲੀ ਨੂੰ ਮਨਜ਼ੂਰੀ ਦਿੱਤੀ ਸੀ। ਏਅਰ ਇੰਡੀਆ ਨਾਲ ਉਸਦੀ ਰਿਆਇਤੀ ਜਹਾਜ਼ ਸੇਵਾ ਏਅਰ ਇੰਡੀਆ ਐਕਸਪ੍ਰੈਸ ਦੀ 100 ਫੀਸਦੀ ਹਿੱਸੇਦਾਰੀ ਦੀ ਵਿਕਰੀ ਵੀ ਹੋ ਜਾਵੇਗੀ ਅਤੇ ਉਸ ਦੀ ਗਰਾਊਂਡ ਹੈਂਡਲਿੰਗ ਕੰਪਨੀ ਏ ਆਈ ਐਸ ਏ ਟੀ ਐਸ ਦੀ 50 ਫੀਸਦੀ ਹਿੱਸੇਦਾਰੀ ਟਾਟਾ ਗਰੁੱਪ ਨੂੰ ਦਿੱਤੀ ਜਾਵੇਗੀ। ਉਸ ਵਕਤ ਸਰਕਾਰ ਨੇ ਕਿਹਾ ਸੀ ਕਿ ਇਸ ਪ੍ਰਾਪਤੀ ਨਾਲ ਜੁੜੀਆਂ ਰਸਮਾਂ ਨੂੰ ਦਸੰਬਰ ਦੇ ਅਖੀਰ ਤਕ ਪੂਰਾ ਕਰ ਲਿਆ ਜਾਏਗਾ, ਪਰ ਬਾਅਦ ਵਿੱਚ ਇਸ ਵਿੱਚ ਦੇਰੀ ਹੋ ਗਈ।ਅਧਿਕਾਰੀਆਂ ਨੇ ਕਿਹਾ ਕਿ ਇਸ ਸੌਦੇ ਨੂੰ ਲੈ ਕੇ ਬਾਕੀ ਰਸਮਾਂ ਅਗਲੇ ਕੁਝ ਦਿਨਾਂ ਵਿੱਚ ਪੂਰੀਆਂ ਹੋਣ ਦੀ ਆਸ ਹੈ ਤੇ ਇਸ ਹਫ਼ਤੇ ਦੇ ਅੰਤ ਤਕ ਹਵਾਬਾਜ਼ੀ ਕੰਪਨੀ ਨੂੰ ਟਾਟਾ ਗਰੁੱਪ ਨੂੰ ਸੌਂਪ ਦਿੱਤਾ ਜਾਵੇਗਾ। ਸਰਕਾਰ ਨੇ 25 ਅਕਤੂਬਰ ਨੂੰ 18,000 ਕਰੋੜ ਰੁਪਏ ਵਿੱਚ ਏਅਰ ਇੰਡੀਆ ਦੀ ਵਿਕਰੀ ਲਈ ਟਾਟਾ ਸੰਨਜ਼ ਨਾਲ ਖਰੀਦ ਸਮਝੌਤਾ ਕੀਤਾ ਸੀ। ਟਾਟਾ ਇਸ ਸੌਦੇ ਦੇ ਸਬੰਧ ਵਿੱਚ ਸਰਕਾਰ ਨੂੰ 2700 ਕਰੋੜ ਰੁਪਏ ਨਕਦ ਦੇਵੇਗੀ ਅਤੇ ਏਅਰਲਾਈਨ ਉੱਤੇ ਬਕਾਇਆ 15,300 ਕਰੋੜ ਰੁਪਏ ਦੇ ਕਰਜ਼ੇ ਦੀ ਦੇਣਦਾਰੀ ਵੀ ਲਵੇਗੀ। ਏਅਰ ਇੰਡੀਆ ਸਾਲ 2007-08 ਵਿੱਚ ਇੰਡੀਅਨ ਏਅਰਲਾਈਨਜ਼ ਨਾਲ ਰਲੇਵੇਂ ਤੋਂ ਬਾਅਦ ਤੋਂ ਹੀ ਲਗਾਤਾਰ ਘਾਟੇ ਵਿੱਚ ਚਲ ਰਹੀ ਸੀ। ਬੀਤੀ 31 ਅਗਸਤ ਨੂੰ ਉਸ ਉੱਤੇ ਕੁੱਲ 61,562 ਕਰੋੜ ਰੁਪਏ ਦਾ ਬਕਾਇਆ ਸੀ।

## ਰਾਸ਼ਣ ਭੰਡਾਰ ਤੇ ਸਪਲਾਈ ਵਿੱਚ ਰਾਜਾਂ ਦੀ ਭੂਮਿਕਾ ਵਧੇਗੀ

ਨਵੀਂ ਦਿੱਲੀ, 27 ਜਨਵਰੀ (ਪੋਸਟ ਬਿਊਰੋ)- ਅਗਲੇ ਆਮ ਬਜਟ ਵਿੱਚ ਭਾਰਤ ਵਿੱਚ ਖੁਰਾਕ ਭੰਡਾਰ ਕਰਨ ਤੇ ਰਾਸ਼ਨ ਸਪਲਾਈ ਵਿਵਸਥਾ ਵਿੱਚ ਰਾਜਾਂ ਦੀ ਭੂਮਿਕਾ ਨੂੰ ਹੋਰ ਵਧਾਉਣ ਉੱਤੇ ਜ਼ੋਰ ਦਿੱਤਾ ਜਾਵੇਗਾ ਅਤੇ ਇਸ ਦੇ ਨਾਲ ਅਨਾਜ ਦੀ ਢੁਆਈ ਅਤੇ ਉਸ ਦੇ ਰੱਖ-ਰਖਾਓ ਦਾ ਖਰਚ ਘਟਾਉਣ ਵਿੱਚ ਮਦਦ ਮਿਲੇਗੀ।

ਨੈਸ਼ਨਲ ਫੂਡ ਸੇਫਟੀ ਐਕਟ (ਐਨ ਐਫ ਐਸ ਏ) ਦੇ ਤਹਿਤ ਭਾਰਤ ਦੀ 81 ਕਰੋੜ ਜਨਤਾ ਨੂੰ ਰਿਆਇਤੀ ਦਰਾਂ ਉੱਤੇ ਅਨਾਜ ਦਿੱਤਾ ਜਾਂਦਾ ਹੈ। ਇਸਦੇ ਲਈ ਕੇਂਦਰੀ ਪੂਲ ਵਿੱਚ ਪੰਜਾਬ, ਹਰਿਆਣਾ, ਮੱਧ ਪ੍ਰਦੇਸ, ਛੱਤੀਸਗੜ੍ਹ ਅਤੇ ਆਂਧਰਾ ਪ੍ਰਦੇਸ਼ ਵਰਗੇ ਰਾਜਾਂ ਵਿੱਚ ਕਣਕ ਅਤੇ ਚਾਵਲ ਦੀ ਭਾਰੀ ਖਰੀਦ ਕੀਤੀ ਜਾਂਦੀ ਹੈ।ਸਰਕਾਰੀ ਖਰੀਦ ਵਾਲੇ ਅਨਾਜ ਦਾ ਭੰਡਾਰ ਉਨ੍ਹਾਂ ਦਾ ਉਤਪਾਦਨ ਕਰਨ ਵਾਲੇ ਰਾਜਾਂ ਵਿੱਚ ਕੀਤਾ ਜਾਂਦਾ ਹੈ। ਜਨਤਕ ਸਪਲਾਈ ਸਿਸਟਮ (ਪੀ ਡੀ ਐਸ) ਦੇ ਲਈ ਖੁਰਾਕੀ ਪਦਾਰਥਾਂ ਦੀ ਸਪਲਾਈਖਪਤਕਾਰ ਰਾਜਾਂ ਵਿੱਚ ਹੁੰਦੀ ਤੇ ਭਾਰੀ ਲਾਜਿ-ਜਸਟਿਕਸ ਖਰਚ ਹੁੰਦਾ ਹੈ। ਵਧਦੀ ਖੁਰਾਕ ਸਬਸਿਡੀਨੂੰ ਕਾਬੂ ਕਰਨਲਈ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਇਸ ਬੱਜਟ ਵਿੱਚ ਸੁਧਾਰ ਕਰ ਸਕਦੀ ਹੈ।

# ਯੂ ਪੀ ਦੀ ਸਾਬਕਾ ਮਹਿਲਾ ਬਾਲ ਵਿਕਾਸ ਮੰਤਰੀ ਨੇ ਆਪਣੇ ਪਤੀ ਉਤੇ ਮਾਰ ਕੁਟਾਈ ਦੇ ਦੋਸ਼ ਲਾਏ

ਲਖਨਊ, 27 ਜਨਵਰੀ (ਪੋਸਟ ਬਿਊਰੋ)- ਯੋਗੀ ਸਰਕਾਰ ਵਿੱਚ ਮੰਤਰੀ ਰਹੀ ਸਵਾਤੀ ਸਿੰਘ ਇੱਕ ਵਾਰ ਫਿਰ ਚਰਚਾ ਵਿੱਚ ਹੈ। ਇਸ ਵਾਰ ਇਸ ਦੀ ਵਜ੍ਹਾ ਇੱਕ ਵੀਡੀਓ ਰਿਕਾਰਡਿੰਗ ਹੈ। ਇਸ ਵਿੱਚ ਸਵਾਤੀ ਸਿੰਘ ਇੱਕ ਪੀੜਤ ਨਾਲ ਗੱਲ ਕਰ ਰਹੀ ਹੈ ਅਤੇ ਨਾਲ ਹੀ ਆਪਣਾ ਦਰਦ ਵੀ ਦੱਸ ਰਹੀ ਹੈ। ਇਸ ਗੱਲਬਾਤ ਵਿੱਚ ਸਵਾਤੀ ਆਪਣੇ ਪਤੀ ਦਇਆਸ਼ੰਕਰ ਸਿੰਘ ਉੱਤੇਮਾਰਕੁੱਟ ਅਤੇ ਪ੍ਰੇਸ਼ਾਨ ਕਰਨ ਦਾ ਦੋਸ਼ ਲਾ ਰਹੀ ਹੈ।

ਮਹਿਲਾ ਅਤੇ ਬਾਲ ਵਿਕਾਸ ਬਾਰੇ ਸਾਬਕਾ ਮੰਤਰੀ ਸਵਾਤੀ ਸਿੰਘ ਦੇ ਆਡੀਓ ਤੋਂ ਉਸ ਨੂੰ ਪਤੀ ਵਲੋਂ ਕੁੱਟ ਵਾਲੀ ਗੱਲ ਸਾਬਤ ਹੋ ਰਹੀ ਹੈ। ਇਸ ਵਾਇਰਲ ਵੀਡੀਓ ਵਿੱਚ ਦੋ ਗੱਲਾਂ ਸਾਫ ਹਨ ਕਿ ਇੱਕ ਤਾਂ ਉਨ੍ਹਾਂ ਦੇ ਪਤੀ ਕਿਸੇ ਅਵਸਥੀ ਦੇ ਮਕਾਨ ਉੱਤੇ ਜਬਰੀ ਕਬਜ਼ਾ ਕਰਦੇ ਹਨ, ਪੁਲਸ ਉਨ੍ਹਾਂ ਦੀ ਮਦਦ ਕਰਦੀ ਹੈ, ਪੀੜਤ ਦੀ ਸੁਣਵਾਈ ਨਹੀਂ ਹੁੰਦੀ ਅਤੇ ਦੂਸਰਾ ਸੱਚ ਇਹ ਹੈ



ਕਿ ਖੁਦ ਮੰਤਰੀ ਆਪਣੇ ਪਤੀ ਦੇ ਹੱਥੋਂ ਮਜ਼ਬੂਰ ਹੈ, ਉਹ ਉਨ੍ਹਾਂ ਨਾਲ ਮਾਰਕੁੱਟ ਕਰਦੇ ਹਨ। ਆਡੀਓ ਵਿੱਚ ਸਵਾਤੀ ਕਹਿੰਦੀ ਹੈ ਕਿ ਉਨ੍ਹਾਂ ਦੇ ਪਤੀ ਦਇਆਸ਼ੰਕਰ ਸਿੰਘ ਉਨ੍ਹਾਂ ਨਾਲ ਮਾਰਕੁੱਟ ਕਰਦੇ ਹਨ। ਉਹ ਪਤੀ ਤੋਂ ਕਿੰਨੀ ਡਰਦੀ ਹੈ, ਇਸ ਦਾ ਅੰਦਾਜ਼ਾ ਵੀ ਇਸ ਵੀਡੀਓ ਤੋਂ ਲੱਗ ਜਾਂਦਾ ਹੈ ਕਿ ਸਵਾਤੀ ਕਹਿੰਦੀ ਹੈ ਕਿ ਸਾਡੀ-ਤੁਹਾਡੀ ਗੱਲਬਾਤ ਦਾ ਪਤਾ ਦਇਆਸ਼ੰਕਰ ਸਿੰਘ ਨੂੰ ਨਹੀਂ ਲੱਗਣਾ ਚਾਹੀਦਾ। ਉਨ੍ਹਾਂ ਨੂੰ ਪਤਾ ਲੱਗੇਗਾ ਤਾਂ ਕੀ ਹੋਵੇਗਾ, ਤੁਸੀਂ ਸਮਝ ਸਕਦੇ ਹੋ। ਸਾਬਕਾ ਮੰਤਰੀ ਸਵਾਤੀ ਸਿੰਘ ਪੀੜਤ ਨੂੰ ਇਨਸਾਫ ਦਿਵਾਉਣ ਦੀ ਗੱਲ ਵੀ ਕਹਿ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਸਵਾਤੀ ਦੇ ਮੰਤਰੀ ਬਣਨ ਤੋਂ ਪਹਿਲਾਂ ਹੀ ਦੋਵਾਂ ਜਣਿਆਂ ਦੇ ਆਪਣੀ ਰਿਸ਼ਤੇ ਖਰਾਬ ਸਨ। ਦਇਆਸ਼ੰਕਰ ਦੇ ਇੱਕ ਨਜ਼ਦੀਕੀ ਦੱਸਦੇ ਹਨ ਕਿ ਸਾਲ 2008 ਵਿੱਚ ਸਵਾਤੀ ਨੇ ਪਤੀ ਖਿਲਾਫ ਮਾਰਕੁੱਟ ਦਾ ਕੇਸ ਦਰਜ ਕਰਵਾਇਆ ਸੀ, ਪਰ ਦੋਵਾਂ ਨੇ ਝਗੜੇ ਨੂੰ ਜਨਤਾ ਸਾਹਮਣੇ ਨਹੀਂ ਆਉਣ ਦਿੱਤਾ। ਇਹ ਮਾਮਲਾ ਕਰੀਬ 11 ਸਾਲ ਪੁਰਾਣਾ ਹੈ।

ਨੇਤਾ ਜੀ ਦੀਆਂ ਅਸਥੀਆਂ ਦਾ ਮਾਮਲਾ:

# ਮੁਖਰਜੀ ਕਮਿਸ਼ਨ ਨੇ ਡੀ ਐਨ ਏ ਜਾਂਚ ਦੀ ਮਨਜ਼ੂਰੀ ਵੀ ਨਜ਼ਰ ਅੰਦਾਜ਼ ਕਰ ਛੱਡੀ




ਕੋਲਕਾਤਾ, 27 ਜਨਵਰੀ (ਪੋਸਟ ਬਿਊਰੋ)- ਜਾਪਾਨ ਦੀ ਰਾਜਧਾਨੀ ਟੋਕੀਓ ਦੇ ਰੇਨਕੋਜੀ ਮੰਦਰ ਦੇ ਮੁੱਖ ਪੁਜਾਰੀ ਵੱਲੋਂ ਜਾਪਾਨੀ ਭਾਸ਼ਾ ਵਿੱਚ ਲਿਖੀ ਗਈ ਇੱਕ ਚਿੱਠੀ ਦੇ ਨਵੇਂ ਅਨੁਵਾਦ ਤੋਂ ਪਤਾ ਲੱਗਾ ਹੈ ਕਿ ਮੰਦਰ ਨੇ ਭਾਰਤੀ ਅਧਿਕਾਰੀਆਂ ਨੂੰ ਉਨ੍ਹਾਂ ਅਸਥੀਆਂ ਦੀ ਡੀ ਐਨ ਏ ਜਾਂਚ ਦੀ ਇਜਾਜ਼ਤ ਦਿੱਤੀ ਸੀ, ਜੋ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀਆਂ ਦੱਸੀਆਂ ਜਾਂਦੀਆਂ ਹਨ।ਚਿੱਠੀ ਦਾ ਨਵਾਂ ਅਨੁਵਾਦ ਉਸ ਦਾਅਵੇ ਨੂੰ ਰੱਦ ਕਰਦਾ ਹੈ ਕਿ ਮੰਦਰ ਇਸ ਕੇਸ ਵਿੱਚ ਖਾਮੋਸ਼ ਰਿਹਾ ਜਿਸ ਨਾਲ ਜਸਟਿਸ ਐਮ ਕੇ ਮੁਖਰਜੀ ਕਮਿਸ਼ਨ ਦੀ ਜਾਂਚ ਤੋਂ ਬਾਅਦ ਉਸ ਦੇ ਸਿੱਟਿਆਂ ਉੱਤੇ ਸ਼ੱਕ ਪੈਦਾ ਕਰ ਦਿੱਤਾ ਹੈ ਕਿ ਇਹ ਅਸਥੀਆਂ ਨੇਤਾਜੀ ਦੀਆਂ ਨਹੀਂ ਸਨ। ਇਸ ਦੇ ਬਾਅਦ ਹੋਰ ਜਾਂਚ ਦੀ ਲੋੜ ਮਹਿਸੂਸ ਹੋ ਰਹੀ ਹੈ।

ਭਾਰਤ ਸਰਕਾਰ ਨੂੰ 2005 ਵਿੱਚ ਟੋਕੀਓ ਦੇ ਮੁੱਖ ਪੁਜਾਰੀ ਵੱਲੋਂ ਜਾਪਾਨੀ ਭਾਸ਼ਾ ਵਿੱਚ ਲਿਖੇ ਗਏ ਪੱਤਰ ਦੇ ਨਵੇਂ ਅਨੁਵਾਦ ਤੋਂ ਪਤਾ ਲੱਗਾ ਹੈ ਕਿ ਜਸਟਿਸ ਮੁਖਰਜੀ ਕਮਿਸ਼ਨ ਨੂੰ ਇਨ੍ਹਾਂ ਅਸਥੀਆਂ ਦੀ ਡੀ ਐਨ ਏ ਜਾਂਚ ਦੀ ਇਜਾਜ਼ਤ ਮਿਲੀ ਸੀ। ਕੋਈ ਕਾਰਨ ਦੱਸੇ ਬਿਨਾਂ ਚਿੱਠੀ ਦੇ ਇਸ ਹਿੱਸੇ ਦਾ ਅਨੁਵਾਦ ਨਹੀਂ ਕੀਤਾ ਗਿਆ। ਬੋਸ ਦੇ ਲਾਪਤਾ ਹੋਣ ਬਾਰੇ ਜਸਟਿਸ ਮੁਖਰਜੀ ਕਮਿਸ਼ਨ ਦੀ ਰਿਪੋਰਟ ਦੇ ਨਾਲ ਸਬੂਤ ਵਜੋਂ ਇੱਕ ਅੰਗਰੇਜ਼ੀ ਦਾ ਨੋਟ ਵੀ ਨੱਥੀ ਕੀਤਾ ਗਿਆ ਸੀ, ਜਿਸ ਵਿੱਚ ਲਿਖਿਆ ਸੀ, ''ਮੰਦਰ ਦੇ ਅਧਿਕਾਰੀਆਂ ਦੇ ਖਾਮੋਸ਼ ਰਹਿਣ ਕਾਰਨ ਕਮਿਸ਼ਨ ਅੱਗੇ ਨਹੀਂ ਵਧ ਸਕਿਆ।''

# ਅਦਿਤੀ ਸਿੰਘ ਵੱਲੋਂ ਪ੍ਰਿਅੰਕਾ ਗਾਂਧੀ ਨੂੰ ਰਾਇਬਰੇਲੀ ਤੋਂ ਚੋਣ ਲੜਨ ਦੀ ਚੁਣੌਤੀ

ਲਖਨਊ, 27 ਜਨਵਰੀ (ਪੋਸਟ ਬਿਊਰੋ)- ਭਾਜਪਾ ਵਿੱਚ ਸ਼ਾਮਲ ਹੋਈ ਕਾਂਗਰਸ ਦੀ ਸਾਬਕਾ ਵਿਧਾਇਕ ਅਦਿਤੀ ਸਿੰਘ ਨੇ ਕਾਂਗਰਸ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਵਾਡਰਾ ਨੂੰ ਰਾਇਬਰੇਲੀ ਤੋਂ ਉਸ ਦੇ ਖਿਲਾਫ ਚੋਣ ਲੜਨ ਦੀ ਚੁਣੌਤੀ ਦੇ ਦਿੱਤੀ ਹੈ। ਅਦਿਤੀ ਸਿੰਘ ਨੂੰ ਭਾਜਪਾ ਨੇ ਕਾਂਗਰਸ ਦੇ ਗੜ੍ਹ ਵਿੱਚ ਉਮੀਦਵਾਰ ਬਣਾਇਆ ਹੈ।

ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਅਦਿਤੀ ਸਿੰਘ ਨੇ ਕਿਹਾ, ''ਰਾਏਬਰੇਲੀ ਅੱਜ ਕਾਂਗਰਸ ਦਾ ਗੜ੍ਹ ਨਹੀਂ ਰਿਹਾ। ਪ੍ਰਿਅੰਕਾ ਆ ਸਕਦੀ ਹੈ ਤੇ ਚੋਣ ਲੜ ਸਕਦੀ ਹੈ। ਮੈਨੂੰ ਨਹੀਂ ਪਤਾ ਕਿ ਉਨ੍ਹਾਂ ਨੇ ਰਾਇਬਰੇਲੀ ਅਤੇ ਅਮੇਠੀ (ਰਾਹੁਲ ਗਾਂਧੀ ਦੇ ਪਹਿਲੇ ਚੋਣ ਖੇਤਰ) ਦੇ ਲੋਕਾਂ ਨੂੰ ਹਲਕਾ




ਕਿਉਂ ਲਿਆ। ਰਾਇਬਰੇਲੀ ਅਤੇ ਅਮੇਠੀ ਦੇ ਲੋਕ ਹੋਰਾਂ ਦੇ ਮੁਕਾ-ਬਲੇ ਜ਼ਿਆਦਾ ਮੁਆਫ ਕਰਨ ਵਾਲੇ ਹਨ। ਇਨ੍ਹਾਂ ਨੂੰ ਕਦੇ ਕਾਂਗਰਸ ਦਾ ਗੜ੍ਹ ਕਿਹਾ ਜਾਂਦਾ ਸੀ ਤੇ ਲੋਕਾਂ ਨੇ ਉਨ੍ਹਾਂ ਨੂੰ ਵੋਟ ਦਿੱਤੀ ਸੀ। ਕੁਝ ਵੀ ਹੋਵੇ, ਕਾਂਗਰਸ ਦੇ ਲੋਕ ਰਾਇਬਰੇਲੀ ਤੇ ਅਮੇਠੀ ਦੇ ਲੋਕਾਂ ਦੀ ਪ੍ਰਵਾਹ ਨਹੀਂ ਕਰਦੇ।'' ਅਦਿਤੀ ਸਿੰਘ ਨੇ ਕਿਹਾ, 'ਉਨ੍ਹਾਂ ਲਈ ਰਾਇਬਰੇਲੀ ਜਾਂ ਅਮੇਠੀ ਵਿੱਚ ਵੋਟ ਮੰਗਣ ਆਉਣਾ ਵਾਕਈ ਸ਼ਰਮਨਾਕ ਹੋਵੇਗਾ, ਕਿਉਂਕਿ ਜਦੋਂ ਹੀ ਚੋਣਾਂ ਖਤਮ ਹੁੰਦੀਆਂ ਹਨ, ਕਾਂਗਰਸੀ ਨੇਤਾ ਕਦੇ ਵੀ ਉਨ੍ਹਾਂ ਲੋਕਾਂ ਦੀ ਖਬਰ ਸਾਰ ਨਹੀਂ ਲੈਂਦੇ ਜਿਨ੍ਹਾਂ ਨੇ ਸਾਰੀਆਂ ਰੁਕਾਵਟਾਂ ਦੇ ਖਿਲਾਫ ਉਨ੍ਹਾਂ ਨੂੰ ਵੋਟ ਦਿੱਤੀ।' ਉਨ੍ਹਾਂ ਨੇ ਅੱਗੇ ਕਿਹਾ, 'ਰਾਇਬਰੇਲੀ ਮੇਰਾ ਪਰਵਾਰ ਹੈ, ਪ੍ਰੰਤੂ ਕਾਂਗਰਸ ਨੇ ਆਪਣੇ ਲੋਕਾਂ ਲਈ ਕਦੇ ਕੰਮ ਨਹੀਂ ਕੀਤਾ। ਮੇਰੇ ਪਿਤਾ (ਅਖਿਲੇਸ਼ ਸਿੰਘ) ਦੇ ਦਿਹਾਂਤ ਪਿੱਛੋਂ ਇੱਥੋਂ ਦੇ ਲੋਕਾਂ ਨੇ ਮੇਰਾ ਸਮਰਥਨ ਕੀਤਾ।'' ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਸੀਟ ਉੱਤੇ ਪਹਿਲੀ ਵਾਰ ਕਮਲ ਖਿੜੇਗਾ ਅਤੇ ਉਨ੍ਹਾਂ ਨੂੰ ਭਾਜਪਾ ਉਮੀਦਵਾਰ ਬਣਨ ਉੱਤੇ ਮਾਣ ਹੈ।



# ਬੁਰਕੀਨਾ ਫਾਸੋ ਵਿੱਚ ਫੌਜੀ ਤਖਤਾ ਪਲਟ



ਔਗਾਡੋਉਗਾਉ, 27 ਜਨਵਰੀ (ਪੋਸਟ ਬਿਊਰੋ)- ਬੁਰਕੀਨਾ ਫਾਸੋ ਵਿੱਚ ਬਾਗੀ ਫੌਜੀਆਂ ਨੇ ਕੱਲ੍ਹ ਰਾਤ ਡੈਮੋਕ੍ਰੇਟਿਕ ਤੌਰ ਉੱਤੇ ਚੁਣੇ ਗਏ ਰਾਸ਼ਟਰਪਤੀ ਰਾਸ਼ ਮਾਰਕ ਕ੍ਰਿਸ਼ਚੀਅਨ ਕਾਬੋਰੇ ਦਾ ਤਖ਼ਤਾ ਪਲਟ ਕਰ ਕੇ ਸੱਤਾ ਆਪਣੇ ਹੱਥ ਲੈ ਲਈ ਅਤੇ ਦੇਸ਼ ਵਿੱਚ ਕਰਫਿਊ ਲਾਗੂ ਕਰ ਦਿੱਤਾ ਹੈ।

ਰਾਜਧਾਨੀ ਔਗਾਡੋਉਗਾਉ ਵਿੱਚ ਕਈ ਦਿਨਾਂ ਤੋਂ ਜਾਰੀ ਹਿੰਸਾ ਅਤੇ ਬੇਯਕੀਨੀ ਦਾ ਦੌਰ ਕੱਲ੍ਹ ਰਾਤ ਓਦੋਂ ਖਤਮ ਹੋ ਗਿਆ, ਜਦੋਂ ਇੱਕ ਦਰਜਨ ਤੋਂ ਵੱਧ ਫੌਜੀਆਂ ਨੇ ਸਰਕਾਰੀ ਮੀਡੀਆ ਰਾਹੀਂ ਬੁਰਕੀਨਾ ਫਾਸੋ ਦੀ ਹਕੂਮਤ ਦਾ ਨਵੇਂ ਸੰਗਠਨ 'ਦਿ ਪੇਟ੍ਰਿਯਾਟਿਕ ਮੂਵਮੈਂਟ ਫਾਰ ਸੇਫਗਾਰਡਿੰਗ ਐਂਡ ਰਿਸਟੋਰੇਸ਼ਨ' ਦੇ ਹੱਥਾਂ ਵਿੱਚ ਜਾਣ ਦਾ ਐਲਾਨ ਕੀਤਾ।ਕੈਪਟਨ ਸਿਸਡੋਰ ਕਾਬੇਰ ਔਡ੍ਰਾਓਗਾ ਨੇ ਕਿਹਾ ਕਿ ਇਹ ਘਟਨਾ ਬੁਰਕੀਨਾ ਫਾਸੋ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰੇਗੀ। ਦੇਸ਼ ਦੇ ਹਰ ਵਿਅਕਤੀ ਕੋਲ ਆਪਣੇ ਜ਼ਖ਼ਮਾਂ ਨੂੰ ਭਰਨ, ਆਪਸੀ ਭਾਈਚਾਰੇ ਨੂੰ ਕਾਇਮ ਰੱਖਣ ਅਤੇ ਏਕਤਾ ਦਾ ਜਸ਼ਨ ਮਨਾਉਣ ਦਾ ਸ਼ਾਨਦਾਰ ਮੌਕਾ ਹੈ। ਰਾਜਧਾਨੀ ਦੇ ਜ਼ਿਆਦਾਤਰ ਨਿਵਾਸੀਆਂ ਨੇ ਫੌਜੀ ਤਖ਼ਤਾਪਲਟ ਦਾ ਸਵਾਗਤ ਕੀਤਾ। ਅਫਰੀਕੀ ਨੇਤਾਵਾਂ ਤੇ ਕੌਮਾਂਤਰੀ ਸੰਗਠਨਾਂ ਨੇ ਬੁਰਕੀਨਾ ਫਾਸੋ ਵਿੱਚ ਫੌਜੀ ਰਾਜ 'ਜੁੰਟਾ' ਦੀ ਸਥਾਪਨਾ ਦੀ ਨਿੰਦਾ ਕੀਤੀ ਹੈ। ਜੁੰਟਾ ਨੇ ਕੱਲ੍ਹ ਸ਼ਾਮ ਬੁਰਕੀਨਾ ਫਾਸੋ ਵਿੱਚ ਕਰਫਿਊ ਲਾਉਂਦੇ ਹੋਏ ਸਾਰੀਆਂ ਹੱਦਾਂ ਬੰਦ ਕਰ ਦਿੱਤੀਆਂ ਹਨ। ਨਾਲ ਹੀ ਸੰਵਿਧਾਨ ਨੂੰ ਮੁਲਤਵੀ ਕਰਦੇ ਹੋਏ ਸੰਸਦ ਭੰਗ ਕਰਨ ਦਾ ਹੁਕਮ ਜਾਰੀ ਕੀਤਾ। 'ਜੁੰਟਾ ਨੇ ਭਰੋਸਾ ਦਿਵਾਇਆ ਕਿ ਦੇਸ਼ ਵਿੱਚ ਡੈਮੋਕ੍ਰੇਟਿਕ ਸਿਸਟਮ ਬਹਾਲ ਕੀਤਾ ਜਾਏਗਾ।

# ਦੱਖਣੀ ਕੋਰੀਆ ਨੇ ਯੂ ਐੱਨ ਓ ਵਿੱਚ ਇਰਾਨ ਦਾ ਵੋਟਿੰਗ ਹੱਕ ਖਰਚਾ ਦੇ ਕੇ ਬਹਾਲ ਕਰਾਇਆ



ਦੁਬਈ, 27 ਜਨਵਰੀ (ਪੋਸਟ ਬਿਊਰੋ)- ਅਮਰੀਕੀ ਪਾਬੰਦੀਆਂ ਦੇ ਘੇਰੇ ਵਿੱਚੋਂ ਬਾਹਰ ਆਏ ਇਰਾਨੀ ਬੈਂਕ ਫੰਡ ਦੀ ਵਰਤੋਂ ਕਰ ਕੇ ਦੱਖਣੀ ਕੋਰੀਆ ਨੇ ਯੂ ਐੱਨ ਓ ਨੂੰ ਇਰਾਨ ਵੱਲ ਬਕਾਇਆ ਖੜ੍ਹੇ ਇੱਕ ਕਰੋੜ ਅੱਸੀ ਲੱਖ ਡਾਲਰ ਦੇ ਦਿੱਤੇ ਹਨ। ਇਸ ਕਾਰਵਾਈ ਨੂੰ ਅਮਰੀਕਾ ਅਤੇ ਹੋਰ ਦੇਸ਼ਾਂ ਵੱਲੋਂ ਪ੍ਰਵਾਨਗੀ ਸੀ ਤਾਂ ਕਿ ਯੂ ਐੱਨ ਓ ਵਿੱਚ ਤਹਿਰਾਨ ਦੇ ਸਸਪੈਂਡ ਵੋਟਿੰਗ ਹੱਕ ਨੂੰ ਬਹਾਲ ਕੀਤਾ ਜਾ ਸਕੇ।

ਦੱਖਣੀ ਕੋਰੀਆ ਨੇ ਕਿਹਾ ਕਿ ਇਹ ਫੰਡ ਉਨ੍ਹਾਂ ਦੇ ਦੇਸ਼ ਵਿੱਚ ਜ਼ਬਤ ਕੀਤੇ ਗਏ ਸਨ ਤੇ ਉਥੇ ਅਮਰੀਕੀ ਖਜ਼ਾਨਾ ਵਿਭਾਗ ਦੇ ਕਹਿਣ ਉਤੇ ਅਦਾਇਗੀ ਕੀਤੀ ਗਈ ਹੈ। ਇਸ ਕਦਮ ਨਾਲ ਇਰਾਨ ਅਤੇ ਅਮਰੀਕਾ ਦੇ ਸੰਬੰਧਾਂ ਵਿੱਚ ਨਰਮੀ ਆਉਣ ਦੇ ਸੰਕੇਤ ਮਿਲੇ ਹਨ, ਜੋ ਕਿ ਐਟਮੀ ਸਮਝੌਤੇ ਦੇ ਮੁੱਦੇ ਉੱਤੇ ਵਿਗੜੇ ਹੋਏ ਹਨ। ਵਰਨਣ ਯੋਗ ਹੈ ਕਿ ਬਾਇਡੇਨ ਪ੍ਰਸ਼ਾਸਨ 2015 ਦੇ ਐਟਮੀ ਸਮਝੌਤਾ ਬਹਾਲ ਕਰਨਾ ਚਾਹੁੰਦਾ ਹੈ, ਜੋ ਅਮਰੀਕਾ ਨੇ ਇਰਾਨ ਨਾਲ ਕੀਤਾ ਸੀ। ਇਰਾਨ ਨੇ ਐਟਮੀ ਪ੍ਰੋਗਰਾਮ ਨੂੰ ਸੀਮਿਤ ਕਰਨ ਬਦਲੇ ਦੇਸ਼ ਨੂੰ ਪਾਬੰਦੀਆਂ ਤੋਂ ਰਾਹਤ ਦਿੱਤੀ ਗਈ ਸੀ। ਯੂ ਐੱਨ ਚਾਰਟਰ ਮੁਤਾਬਕ ਜਿਹੜੇ ਦੇਸ਼ ਦਾ ਪੂਰੇ ਦੋ ਸਾਲ ਦਾ ਬਕਾਇਆ ਖੜ੍ਹਾ ਹੋਵੇ, ਉਸ ਦੇ ਵੋਟਿੰਗ ਹੱਕ ਖਤਮ ਹੋ ਜਾਂਦੇ ਹਨ।

# ਅਮਰੀਕਾ ਵੱਲੋਂ ਯੂਕਰੇਨ ਵਿੱਚ ਆਪਣੇ ਸਟਾਫ ਦੇ ਪਰਿਵਾਰਾਂ ਨੂੰ ਨਿਕਲ ਆਉਣ ਦਾ ਹੁਕਮ



* ਰੂਸ ਨਾਲ ਜੰਗ ਛਿੜਨ ਦਾ ਖਤਰਾ ਹੋਰ ਵਧਿਆ

ਵਾਸ਼ਿੰਗਟਨ, 27 ਜਨਵਰੀ, (ਪੋਸਟ ਬਿਊਰੋ)- ਯੂਕਰੇਨ ਉੱਤੇਰੂਸੀ ਹਮਲੇ ਦੇ ਵਧਦੇ ਖਤਰੇ ਕਾਰਨ ਅਮਰੀਕੀ ਵਿਦੇਸ਼ ਵਿਭਾਗ ਨੇ ਇਸ ਦੇਸ਼ ਵਿਚਲੇ ਅਮਰੀਕੀ ਦੂਤ ਘਰ ਵਿੱਚ ਕੰਮ ਕਰਨ ਵਾਲੇ ਸਾਰੇ ਅਮਰੀਕੀ ਸਟਾਫ ਦੇ ਪਰਿਵਾਰਾਂ ਨੂੰ ਦੇਸ਼ ਛੱਡਣ ਲਈ ਕਹਿ ਦਿੱਤਾ ਹੈ।ਅਮਰੀਕੀ ਵਿਦੇਸ਼ ਮੰਤਰਾਲੇ ਨੇ ਯੂਕਰੇਨ ਦੀ ਰਾਜਧਾਨੀ ਕੀਵ ਵਿਚਲੇ ਆਪਣੇ ਦੂਤਘਰ ਦੇ ਸਟਾਫ ਦੇ ਆਸ਼ਰਿਤਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਇਸ ਦੇਸ਼ ਤੋਂ ਨਿਕਲ ਜਾਣ। ਉਨ੍ਹਾਂ ਨੇ ਇਹ ਵੀ ਕਿਹਾ ਕਿ ਦੂਤਘਰਵਿੱਚ ਕੰਮ ਕਰਦੇ ਗੈਰ-ਜ਼ਰੂਰੀ ਮੁਲਾਜ਼ਮ ਸਰਕਾਰੀ ਖਰਚੇ ਉੱਤੇ ਦੇਸ਼ ਛੱਡ ਕੇ ਵਾਪਸ ਆ ਸਕਦੇ ਹਨ।

ਵਰਨਣ ਯੋਗ ਹੈ ਕਿ ਅਮਰੀਕੀ ਸਰਕਾਰ ਨੇ ਇਹ ਕਦਮ ਓਦੋਂ ਚੁੱਕਿਆ ਹੈ, ਜਦੋਂ ਯੂਕਰੇਨ-ਰੂਸ ਬਾਰਡਰਉੱਤੇਰੂਸੀ ਫ਼ੌਜੀ ਦੀ ਗਿਣਤੀ ਵਧਣ ਨਾਲ ਤਣਾਅ ਵੱਧ ਗਿਆ ਹੈ। ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਅਤੇ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਬੀਤੇ ਸ਼ੁੱਕਰਵਾਰ ਤਣਾਅ ਘੱਟ ਕਰਨ ਲਈ ਗੱਲਬਾਤ ਕੀਤੀ, ਪਰ ਕੋਈ ਫਾਇਦਾ ਨਹੀਂ ਹੋਇਆ। ਇਸ ਪਿੱਛੋਂ ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਅੱਜ ਕਿਹਾ ਕਿ ਕੀਵ ਵਿੱਚਦੂਤਘਰ ਖੁੱਲ੍ਹਾ ਰਹੇਗਾ ਤੇ ਉਸ ਦੇ ਅੱਜ ਦੇ ਬਿਆਨ ਦਾ ਮਤਲਬ ਯੂਕਰੇਨ ਤੋਂ ਸਾਰੇ ਅਮਰੀਕੀ ਅਧਿਕਾਰ ਕੱਢਣਾ ਨਹੀਂ। ਉਨ੍ਹਾਂ ਕਿਹਾ ਕਿ ਇਸ ਦਾ ਇਹ ਮਤਲਬ ਨਹੀਂ ਹੈ ਕਿ ਅਮਰੀਕਾ ਯੂਕਰੇਨ ਲਈ ਆਪਣਾ ਸਮਰਥਨ ਘੱਟ ਕਰਨ ਵੱਲ ਜਾ ਰਿਹਾ ਹੈ।

ਅਮਰੀਕੀ ਵਿਦੇਸ਼ ਮੰਤਰਾਲੇ ਨੇ ਬਿਆਨ ਵਿੱਚਸੰਕੇਤ ਕੀਤਾ ਹੈ ਕਿ ਰੂਸ ਯੂਕਰੇਨ ਉੱਤੇ ਵੱਡੀ ਫ਼ੌਜੀ ਕਾਰਵਾਈ ਦੀ ਯੋਜਨਾ ਬਣਾ ਰਿਹਾ ਹੈ, ਪਰਰੂਸੀ ਵਿਦੇਸ਼ ਮੰਤਰਾਲੇ ਨੇ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦੇ ਦੇਸ਼ਾਂ ਉੱਤੇਯੂਕਰੇਨ ਬਾਰੇ ਗਲਤ ਸੂਚਨਾ ਫੈਲਾ ਕੇ ਤਣਾਅ ਵਧਾਉਣ ਦਾ ਦੋਸ਼ ਲਾਇਆ ਹੈ।ਇਸ ਮੌਕੇਅਮਰੀਕੀ ਵਿਦੇਸ਼ ਵਿਭਾਗ ਨੇ ਇੱਕਟਰੈਵਲ ਐਡਵਾਈਜ਼ਰੀ ਕਰ ਕੇ ਕਿਹਾ ਕਿ ਰੂਸੀ ਫ਼ੌਜੀ ਕਾਰਵਾਈ ਤੇ ਕੋਵਿਡ-19 ਦੇ ਵੱਧ ਖ਼ਤਰੇ ਕਾਰਨ ਯੂਕਰੇਨ ਦੀ ਯਾਤਰਾ ਨਾ ਕਰੋ, ਅਪਰਾਧ ਅਤੇ ਘਰੇਲੂ ਗੜਬੜ ਦੇ ਕਾਰਨ ਯੂਕਰੇਨਵਿੱਚ ਖਾਸ ਸਾਵਧਾਨੀ ਵਰਤੋ, ਕਿਉਂਕਿ ਕੁਝ ਖੇਤਰਾਂ ਵਿੱਚ ਖ਼ਤਰਾ ਵਧ ਗਿਆ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਰੂਸ ਲਈ ਵੀ ਟ੍ਰੈਵਲ ਐਡਵਾਈਜ਼ਰੀਜਾਰੀ ਕੀਤੀ ਹੈ, ਜਿਸ ਮੁਤਾ-ਬਕ ਯੂਕਰੇਨ ਨਾਲ ਲਗਦੀ ਸਰਹੱਦ ਉੱਤੇ ਤਣਾਅ, ਅਮਰੀਕੀ ਨਾਗਰਿਕਾਂ ਨੂੰ ਪ੍ਰੇਸ਼ਾਨ ਕਰਨ ਦਾ ਡਰ, ਰੂਸ ਵਿੱਚ ਅਮਰੀਕੀ ਨਾਗਰਿਕ ਮਦਦ ਸੀਮਤ ਸਮਰੱਥਾ ਕਾਰਨ ਰੂਸ ਦੀ ਯਾਤਰਾ ਨਾ ਕਰਨ।

## ਬ੍ਰੈਂਡਨ ਟੇਲਰ ਵੱਲੋਂ ਦੋਸ਼, ਭਾਰਤੀ ਵਪਾਰੀ ਨਾਲ ਕੋਕੀਨ ਪੀਣ ਤੋਂ ਬਾਅਦ ਬਲੈਕਮੇਲ ਕੀਤਾ ਗਿਆ

ਨਵੀਂ ਦਿੱਲੀ, 27 ਜਨਵਰੀ (ਪੋਸਟ ਬਿਊਰੋ)- ਜ਼ਿੰਬਾਬਵੇ ਦੇ ਸਾਬਕਾ ਕਪਤਾਨ ਬ੍ਰੈਂਡਨ ਟੇਲਰ ਨੇ ਇੱਕ ਭਾਰਤੀ ਵਪਾਰੀ ਦੇ ਨਾਲ ਮੀਟਿੰਗ ਦੌਰਾਨ 'ਮੂਰਖਤਾਪੂਰਨ' ਕੋਕੀਨ ਲੈਣ ਤੋਂ ਬਾਅਦ ਮੈਚ ਫਿਕਸਿੰਗ ਲਈ ਬਲੈਕਮੇਲ ਕੀਤੇ ਜਾਣ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਇਸ ਮਾਮਲੇ ਦੀ ਜਾਣਕਾਰੀ ਕੌਮਾਂਤਰੀ ਕ੍ਰਿਕਟ ਕੌਂਸਲ (ਆਈ ਸੀ ਸੀ) ਨੂੰ ਸਮੇਂ ਉੱਤੇ ਨਾ ਦੇਣ ਦੇ ਕਾਰਨ ਉਸ ਉੱਤੇ ਕਈ ਸਾਲ ਦੀ ਪਾਬੰਦੀ ਲੱਗ ਸਕਦੀ ਹੈ।

ਟੇਲਰ ਨੇ ਇਹ ਗਲਤੀ ਪ੍ਰਵਾਨ ਕਰਦੇ ਹੋਏ ਸੋਸ਼ਲ ਮੀਡੀਆ ਉੱਤੇ ਜਾਰੀ ਕੀਤੀ ਪੋਸਟ ਵਿੱਚ ਦਾਅਵਾ ਕੀਤਾ ਹੈ ਕਿ ਭਾਰਤੀ ਵਪਾਰੀ ਨੇ ਉਸ ਨੂੰ ਭਾਰਤ ਵਿੱਚ 'ਸਪਾਂਸਰ' ਦਿਵਾਉਣ ਅਤੇ ਜ਼ਿੰਬਾਬਵੇ ਵਿੱਚ ਇੱਕ ਟੀ-20 ਦੀ ਸੰਭਾਵੀ ਯੋਜਨਾ ਉੱਤੇ ਚਰਚਾ ਕਰਨ ਲਈ ਸੱਦਾ ਦਿੱਤਾ ਸੀ। ਉਸ ਨੇ ਇਸ ਵਪਾਰੀ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ, ਪਰ ਕਿਹਾ ਕਿ ਅਕਤੂਬਰ 2019 ਵਿੱਚ 15,000 ਡਾਲਰ ਦੀ ਪੇਸ਼ਕਸ਼ ਕੀਤੀ ਗਈ ਸੀ। ਟੇਲਰ ਨੇ ਕਿਹਾ ਕਿ 'ਅਸੀਂ ਇਕੱਠੇ ਸ਼ਰਾਬ ਪੀਤੀ ਅਤੇ ਸ਼ਾਮ ਦੇ ਸਮੇਂ ਉਨ੍ਹਾਂ ਨੇ ਮੈਨੂੰ ਕੋਕੀਨ ਦੀ ਪੇਸ਼ਕਸ਼ ਕੀਤੀ। ਉਹ ਖ਼ੁਦ ਵੀ ਕੋਕੀਨ ਪੀ ਰਹੇ ਸਨ। ਮੈਂ ਮੂਰਖਤਾਪੂਰਵਕ ਇਸਦੀ ਵਰਤੋਂ ਕਰ ਲਈ। ਇਸ ਤੋਂ ਬਾਅਦ ਮੈਨੂੰ ਲੱਖਾਂ ਵਾਰ ਪਛਤਾਵਾ ਹੋ ਚੁੱਕਾ ਹੈ। ਮੈਨੂੰ ਇਸ ਗੱਲ ਨੂੰ ਲੁਕੋ ਕੇ ਰੱਖਣ ਦਾ ਪਛਤਾਵਾ ਹੈ ਕਿ ਉਸ ਰਾਤ ਉਨ੍ਹਾਂ ਨੇ ਮੈਨੂੰ ਕਿਵੇਂ ਵਰਤਿਆ।' ਉਸ ਨੇ ਅੱਗੇ ਕਿਹਾ, ''ਅਗਲੀ ਸਵੇਰ ਉਹ ਲੋਕ ਫਿਰ ਮੇਰੇ ਹੋਟਲ ਦੇ ਕਮਰੇ ਵਿੱਚ ਆਏ ਤੇ ਕੋਕੀਨ ਪੀਂਦੇ ਹੋਏ ਦੀ ਮੇਰੀ ਵੀਡੀਓ ਮੈਨੂੰ ਦਿਖਾਈ। ਉਨ੍ਹਾਂ ਨੇ ਕਿਹਾ ਕਿ ਮੈਂ ਉਨ੍ਹਾਂ ਲਈ ਕੌਮਾਂਤਰੀ ਮੈਚਾਂ ਵਿੱਚ ਫਿਕਸਿੰਗ ਕਰਾਂ, ਵਰਨਾ ਮੇਰੀ ਵੀਡੀਓ ਨੂੰ ਜਨਤਕ ਕਰ ਦੇਣਗੇ।

# ਬਿਨਾਂ ਬਾਂਡ ਤੋਂ ਦੋ ਭਾਰਤੀਆਂ ਨੂੰ ਜੇਲ੍ਹ ਤੋਂ ਛੱਡ ਦੇਣ ਵਾਲਾ ਅਮਰੀਕੀ ਗ੍ਰਿਫ਼ਤਾਰ



ਨਿਊਯਾਰਕ, 27 ਜਨਵਰੀ (ਪੋਸਟ ਬਿਊਰੋ)- ਕਨੇਡਾ ਵਿੱਚ ਅਮਰੀਕਾ ਦੀ ਸਰਹੱਦ ਦੇ ਨੇੜੇ ਚਾਰ ਭਾਰਤੀਆਂ (ਇੱਕ ਗੁਜਰਾਤੀ ਪਰਵਾਰ) ਦੇ ਮਨੁੱਖੀ ਤਸਕਰੀ ਦੌਰਾਨ ਕੜਾਕੇ ਦੀ ਠੰਢ 'ਚ ਮਾਰੇ ਜਾਣ ਤੋਂ ਬਾਅਦ ਮਨੁੱਖੀ ਤਸਕਰੀ ਦੇ ਦੋਸ਼ ਹੇਠ ਫਲੋਰੀਡਾ ਦੇ ਇੱਕ ਵਿਅਕਤੀ ਨੂੰ ਅਮਰੀਕਾ ਵਿੱਚ ਦੋ ਭਾਰਤੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਬਿਨਾਂ ਬਾਂਡ ਭਰੇ ਜੇਲ੍ਹ ਤੋਂ ਰਿਹਾਅ ਕਰਾਉਣ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਸਟੀਵ ਸ਼ੈਂਡ (47) ਨੂੰ ਪਿਛਲੇ ਹਫ਼ਤੇ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਸ ਉੱਤੇ ਕਾਨੂੰਨ ਦੀ ਉਲੰਘਣਾ ਕਰਕੇ ਅਮਰੀਕਾ ਵਿੱਚ ਦਾਖ਼ਲ ਹੋਏ ਜਾਂ ਰਹਿਣ ਵਾਲੇ ਪਰਦੇਸੀ ਲੋਕਾਂ ਨੂੰ ਲਿਜਾਣ ਜਾਂ ਲਿਜਾਣ ਦੀ ਕੋਸ਼ਿਸ਼ ਕਰਨ ਦੇ ਦੋਸ਼ ਲਾਏ ਗਏ ਹਨ। ਅਧਿਕਾਰੀਆਂ ਦੇ ਦੱਸਣ ਅਨੁਸਾਰ ਜਦੋਂ ਸਟੀਵ ਸ਼ੈਂਡ ਨੂੰ ਦੋ ਭਾਰਤੀਆਂ ਨਾਲ ਗ੍ਰਿਫ਼ਤਾਰ ਕੀਤਾ ਗਿਆ, ਉਸੇ ਦਿਸ਼ਾ ਵਿੱਚ ਇੱਕ ਮੀਲ ਦੂਰ ਪੰਜ ਹੋਰ ਭਾਰਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ ਨੇ ਦੱਸਿਆ ਕਿ ਉਹ 11 ਘੰਟਿਆਂ ਤੋਂ ਪੈਦਲ ਚੱਲ ਰਹੇ ਹਨ। ਵਰਨਣ ਯੋਗ ਹੈ ਕਿ 19 ਜਨਵਰੀ 2022 ਨੂੰ ਯੂ ਐਸ ਬਾਰਡਰ ਪੈਟਰੋਲ ਅਫਸਰਾਂ ਨੂੰ ਰਾਇਲ ਕੈਨੇਡੀਅਨ ਮਾਉਂਟਿਡ ਪੁਲਸ ਤੋਂ ਜਾਣਕਾਰੀ ਮਿਲੀ ਸੀ ਕਿ ਅੰਤਰਰਾਸ਼ਟਰੀ ਸਰਹੱਦ ਦੇ ਕੈਨੇਡੀਅਨ ਪਾਸੇ ਚਾਰ ਲਾਸ਼ਾਂ ਬਰਫ਼ ਵਿੱਚ ਜੰਮੀਆਂ ਹੋਈਆਂ ਮਿਲੀਆਂ ਹਨ। ਲਾਸ਼ਾਂ ਦੀ ਪਛਾਣ ਚਾਰ ਭਾਰਤੀ ਨਾਗਰਿਕਾਂ ਦੇ ਗੁਜਰਾਤੀ ਪਰਵਾਰ ਵਜੋਂ ਹੋਈ ਸੀ।




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

621 Wanless drive, # 122
Brampton ON L7A 0A9
905-495-3336

80 Pertosa Drive
Brampton ON L5X-5E9
905-460-0009

2120 North park Drive
Brampton ON L6S 0C9
905-793-1338

21 Lacoste Blvd,
Brampton, ON L6P 2K2
905 794-8109

1075 Ceremonial Drive
Mississauga ON L5R 2Z4
905-502-1600

10510 Torbram Road,
Brampton
905-790-0030

10 Pannahill Dr,
Brampton
905 913-8017

# ਆਪੇ ਬੀਜਿ ਆਪੇ ਹੀ ਖਾਹੁ

ਅਮਰਜੀਤ ਕੌਰ,
ਸੇਵਾ ਮੁਕਤ ਸਟੇਟ ਐਵਾਰਡੀ,
ਮੁੱਖ ਅਧਿਆਪਕਾ

ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਦੇ ਸਲੋਕ 'ਪੁੰਨੀ ਪਾਪੀ ਆਖੁਣ ਨਾਹੀ ਕਰਿ ਕਰਿ
ਕਰਨਾ ਲਿਖਿ ਲੈ ਜਾਹੁ,ਆਪੇ ਬੀਜਿ ਆਪੇ ਹੀ ਖਾਹੁ' ਰਾਹੀਂ ਸਾਨੂੰ ਸਮਝਾ ਰਹੇ ਹਨ ਕਿ ਪਾਪ ਤੇ ਪੁੰਨ ਸਿਰਫ ਬੋਲਣ ਸੁਣਨ ਵਾਲੇ ਸ਼ਬਦ ਹੀ ਨਹੀਂ ਹਨ :ਇਹ ਸਾਡੇ ਕਰਮਾਂ ਦਾ ਲੇਖਾ ਜੋਖਾ ਹੈ ।ਇਹ ਸਾਡੀ ਆਤਮਾ ਉਤੇ ਅੰਕਿਤ ਹੋ ਜਾਂਦਾ ਹੈ ਅਤੇ ਇਸ ਦਾ ਪ੍ਰਭਾਵ ਇੱਕ ਜਨਮ ਤੋਂ ਜਨਮਾਂਤਰਾ ਤੱਕ ਚਲਦਾ ਰਹਿੰਦਾ ਹੈ।ਜੋ ਅਸੀਂ ਬੀਜਦੇ ਹਾਂ ਉਸ ਦਾ ਫਲ ਸਾਨੂੰ ਆਪ ਨੂੰ ਹੀ ਖਾਣਾ ਪੈਂਦਾ ਹੈ।ਪੁੰਨ ਅਰਥਾਤ ਚੰਗੇ ਕਰਮ ਅਤੇ ਪਾਪ ਅਰਥਾਤ ਮਾੜੇ ਕਰਮ ਸਾਡੇ ਕਰਮਾਂ ਦੇ ਖਾਤੇ ਵਿੱਚ ਜੁੜਦੇ ਜਾਂਦੇ ਹਨ ਸਾਡੀ ਵਰਤਮਾਨ ਜਿੰਦਗੀ ਦੇ ਦੁੱਖ ਸੁੱਖ ਇਸੇ ਸਿਲਸਿਲੇ ਦਾ ਹੀ ਹਿੱਸਾ ਹਨ।

ਆਮ ਤੌਰ ਤੇ ਇਹ ਮੰਨਿਆ ਗਿਆ ਹੈ ਕਿ ਮਨੁੱਖ ਨਾ ਤਾਂ ਜਨਮ ਵੇਲੇ ਨਾਲ ਕੁਝ ਲੈ
ਕੇ ਆਉਂਦਾ ਹੈ ਤੇ ਨਾ ਹੀ ਮਰਨ ਉਪੰਰਤ ਨਾਲ ਲੈ ਕੇ ਜਾਂਦਾ ਹੈ ।ਨਹੀਂ ਇਹ ਠੀਕ ਨਹੀਂ ਹੈ ਸਗੋਂ ਹਰ ਜੀਵ ਆਪਣੇ ਕਰਮਾਂ ਦੇ ਲੇਖੇ ਨਾਲ ਹੀ ਜਨਮਦਾ ਹੈ ਤੇ ਕਰਮਾਂ ਦੇ ਲੇਖੇ ਜੋਖੇ ਨਾਲ ਹੀ ਮਰ ਜਾਂਦਾ ਹੈ।ਜਿਹੜੇ ਅਧਿਆਏ ਤੇਇਕ ਜਨਮ ਖ਼ਤਮ ਹੁੰਦਾ ਹੈ ਅਗਲਾ ਜਨਮ ਉਸ ਤੋਂ ਹੀ ਸ਼ੁਰੂ ਹੋ ਜਾਂਦਾ ਹੈ।

ਕਰਮ ਦਾ ਸ਼ਾਬਦਿਕ ਅਰਥ ਹੈ ਕੰਮ ਅਤੇ ਇਹ ਨਿਰੰਤਰ ਚਲਦਾ ਰਹਿੰਦਾ ਹੈ

ਦੇਖਣ ਨੂੰ ਤਾਂ ਲਗਦਾ ਹੈ ਕਿ ਅਸੀਂ ਕੋਈ ਕੰਮ ਨਹੀਂ ਕਰ ਰਹੇ ਪਰ ਇਹ ਉਠਣਾ ਬੈਠਣਾ,ਸੌਣਾ ਜਾਗਣਾ,ਖਾਣਾ ਪੀਣਾ,ਪੜ੍ਹਨਾ ਲਿਖਣਾ,ਬੋਲਣਾ ਤੇ ਚੁੱਪ ਧਾਰਨੀ,ਸਾਹ ਲੈਣਾ,ਗੁੱਸਾ ਕਰਨਾ ,ਤਰਸ ਕਰਨਾ ਅਤੇ ਇਸਤਰਾਂ ਦੇ ਹੋਰ ਬਹੁਤ ਕੁਝ ਸਭ ਕਰਮਾਂ ਵਿੱਚ ਹੀ ਸ਼ਾਮਲ ਹਨ।ਇਸ ਹਿਸਾਬ ਨਾਲ ਅਸੀਂ ਕਦੇ ਵੀ ਵਿਹਲੇ ਨਹੀਂ ਹੁੰਦੇ।ਕਰਮ ਕਈ ਢੰਗਾਂ
ਨਾਲ ਹੁੰਦੇ ਹਨ;ਸਰੀਰੀ ਅੰਗਾਂ ਨਾਲ ਮਤਲਬ ਕਰਮਣਾ,ਵਾਚਾ ਅਰਥਾਤ ਬੋਲ ਕੇ ਅਤੇ ਮਨਸਾ ਜਾਣੀ ਸੋਚ ਨਾਲ।ਜਿਵੇਂ ਕਿ ਭਾਵੇਂ ਕਿਸੇ ਦਾ ਨੁਕਸਾਨ ਨਾ ਕਰੀਏ ਪਰ ਜਦੋਂ ਮਨ ਵਿੱਚ ਸੋਚ ਲਈਏ ਕਿ ਫਲਾਣੇ ਦਾ ਨੁਕਸਾਨ ਕਰਨਾ ਹੈ ਸਮਝੋ ਕਿ ਅਸੀਂ ਨੁਕਸਾਨ ਕਰ ਦਿੱਤਾ।ਇਸੇ ਤਰਾਂ ਵਾਚਾ ਕਰਮਣਾ ਅਰਥਾਤ ਜਦੋਂ ਅਸੀਂ ਬੋਲ ਰਹੇ ਹੁੰਦੇ ਹਾਂ ਕਰਮ ਹੀ ਕਰ ਰਹੇ ਹੁੰਦੇ ਹਾਂ।ਕਿਸ ਨਾਲ ਬੋਲਣਾ ਹੈ,ਕਿਸਤਰਾਂ ਬੋਲਣਾ ਹੈ,ਕਿੰਨਾ ਬੋਲਣਾ ਹੈ ਕਦੋਂ ਬੋਲਣਾ ਹੈ ਆਦਿ।ਕਈ ਵਾਰ ਅਸੀਂ ਬੋਲ ਵੀ ਨਹੀਂ ਰਹੇ ਹੁੰਦੇ ਪਰ ਉਸ ਬਾਰੇ ਸੋਚ ਰਹੇ ਹੁੰਦੇ ਹਾਂ।ਸਾਡੀ
ਸੋਚ ਚੰਗੀ ਮਾੜੀ,ਸ਼ਾਂਤ ਜਾਂ ਗੁਸੈਲੀ ਹੋ ਸਕਦੀ ਹੈ।ਜੋ ਵੀ ਹੋਵੇ ਇਹਨਾਂ ਸਭ ਦੀ ਸ਼ਮੂਲੀਅਤ
ਸਾਡੇ ਕਰਮਾਂ ਦੇ ਖਾਤੇ ਵਿੱਚ ਹੁੰਦੀ ਰਹਿੰਦੀ ਹੈ।

ਚੰਗੇ ਕਰਮਾਂ ਨੂੰ ਪੁੰਨ ਮਾੜੇ ਕਰਮਾਂ ਨੂੰ ਪਾਪ ਕਿਹਾ ਜਾਂਦਾ ਹੈ।ਗੁਰੂ ਜੀ ਦੇ ਅਨੁਸਾਰ ਪਾਪ ਅਤੇ ਪੁੰਨ ਸਿਰਫ ਦੋ ਸ਼ਬਦ ਹੀ ਨਹੀਂ ਹਨ ਇਹ ਸਾਡੀ ਜਿੰਦਗੀ ਦਾ ਅਧਾਰ ਹਨ ਅਰਥਾਤ ਸਾਰੀ ਜਿੰਦਗੀ ਵਿੱਚ ਜੋ ਕਰਮ ਕਮਾਏ ਹੁੰਦੇ ਹਨ ਅਤੇ ਜੋ ਸੰਸਕਾਰ ਪਾਲੇ ਹੁੰਦੇ ਹਨ ਉਹੀ ਅਗਲੇ ਜਨਮ ਵਿੱਚ ਨਾਲ ਹੀ ਚਲੇ ਜਾਂਦੇ ਹਨ।ਕਿਉਂਕਿ ਸਭ ਦੇ ਕਰਮ ਅਤੇ ਸੰਸਕਾਰ ਵੱਖੋ ਵੱਖਰੇ ਹੁੰਦੇ ਹਨ ਇਸ ਕਰਕੇ ਹੀ ਕਿਸੇ ਦੋ ਜੀਵਾਂ ਦੇ ਸੁਭਾਅ ਤੇ ਆਦਤਾਂ ਆਪਸ ਵਿੱਚ ਬਿਲਕੁਲ ਨਹੀਂ ਮੇਲ ਖਾਂਦੇ।ਇੱਕੋ ਪਰਿਵਾਰ ਦੇ ਸਾਰੇ ਮੈਂਬਰਾਂ ਦੇ ਕੰਮ ਕਰਨ
ਅਤੇ ਸੋਚਣ ਦੇ ਤਰੀਕੇ ਅਲੱਗ ਅਲੱਗ ਹੁੰਦੇ ਹਨ।ਇੱਕੋ ਮਾਂ ਬਾਪ ਦੇ ਬੱਚੇ ਹੁੰਦੇ ਹੋਏ ਵੀ
ਕੋਈ ਵੱਧ ਪਿਆਰ ਲੈ ਜਾਂਦਾ ਹੈ,ਕਿਸੇ ਨੂੰ ਮਾਪਿਆਂ ਦੀਆਂ ਝਿੜਕਾਂ ਹੀ ਹਿੱਸੇ ਆਉਂਦੀਆਂ ਹਨ
ਕਿਉਂਕਿ ਕਰਮ ਆਪੋ ਆਪਣੇ ਹੁੰਦੇ ਹਨ ਸੋ ਫਲ ਵੀ ਆਪੋ ਆਪਣੇ ਮਿਲਦੇ ਹਨ।ਨਤੀਜਾ ਵੀ ਆਪ ਨੂੰ ਹੀ ਝੱਲਣਾ ਪੈਂਦਾ ਹੈ ਅਰਥਾਤ ਆਪੇ ਬੀਜਿ ਆਪੇ ਹੀ ਖਾਹੁ।

ਲੈਣ ਦੇਣ ਦਾ ਹਿਸਾਬ ਕਿਤਾਬ ਵੀ ਨਿਰੰਤਰ ਚੱਲਦਾ ਹੈ।ਮਤਲਬ ਕਿ ਜੇ ਕਿਸੇ ਨੇ ਕਿਸੇ
ਕੋਲੋਂ ਕੋਈ ਰਕਮ ਉਧਾਰੀ ਲਈ ਹੋਵੇ ਤੇ ਉਹ ਮੋੜ ਨਹੀਂ ਸਕਿਆ ਤਾਂ ਇਹ ਹਿਸਾਬ ਅਗਲੇ ਜਨਮ ਵਿੱਚ ਨਾਲ ਹੀ ਚਲਾ ਜਾਂਦਾ ਹੈ।ਜੇ ਸਰੀਰ ਨੂੰ ਅਸੀਂ ਕਪੜੇ ਮੰਨ ਲਈਏ ਤਾਂ ਜੇ ਅਸੀਂ ਪੈਸੇ ਲੈਣ ਵੇਲੇ ਚਿੱਟਾ ਸੂਟ ਪਾਇਆ ਹੋਵੇ ਇਸਤਰਾਂ ਨਹੀਂ ਹੋ ਸਕਦਾ ਕਿ ਕਾਲਾ ਸੂਟ ਪਾ ਲੈਣ ਨਾਲ ਖਾਤਾ ਖਤਮ।ਉਧਾਰ ਤਾਂ ਮੋੜਨਾ ਹੀ ਹੈ ਭਾਵੇਂ ਕਿੰਨੇ ਵੀ ਸੂਟ ਬਦਲ ਲਈਏ ਅਰਥਾਤ ਕਿੰਨੇ ਵੀ ਜਨਮ ਲੈਣੇ ਪੈ ਜਾਣ।ਕਈ ਵਾਰ ਕਈ ਲੋਕਾਂ ਨਾਲ ਕਿ ਵਰਤਮਾਨ ਜਿੰਦਗੀ ਵਿੱਚ ਕੋਈ ਸਾਡੇ ਲਏ ਹੋਏਪੈਸੇ ਮੋੜਦਾ ਨਹੀਂ ਤੇ ਕਈ ਵਾਰ ਕੋਈ ਪੈਸੇ ਦੇਕੇ ਲੈਣੇ ਹੀ ਭੁੱਲ ਜਾਂਦਾ ਹੈ।ਜਿਵੇਂ ਲਾਟਰੀ ਦੀ ਟਿਕਟ ਤਾਂ ਸੈਂਕੜੇ ਲੋਕ ਖਰੀਦ ਲੈਂਦੇ ਹਨ ਪਰ ਨਿਕਲਦੀ ਤਾਂ ਨਹੀਂ ਨਾ ਸਾਰਿਆਂ ਦੀ।ਜਿਸ ਦੇ ਵੀ ਖਾਤੇ ਵਿੱਚ ਲਿਖੇ ਹੁੰਦੇ ਹਨ ਉਸ ਨੂੰ ਮਿਲ ਜਾਂਦੇ ਹਨ।

ਇਹ ਦੁੱਖ ਸੁੱਖ, ਅਮੀਰੀ ਗਰੀਬੀ,ਸ਼ੋਹਰਤ ਅਤੇ ਬਦਨਾਮੀ ਅਤੇ ਪਿਆਰ ਸਤਿਕਾਰ ਆਦਿ ਜੋ ਵੀ ਸਾਨੂੰ ਵਰਤਮਾਨ ਜਿੰਦਗੀ ਵਿੱਚ ਪ੍ਰਾਪਤ ਹੁੰਦਾ ਹੈ ਸਭ ਸਾਡੇ ਪਿਛਲੇ ਜਨਮ ਜਾਂ ਜਨਮਾਂ ਦੇ ਹੀ ਫਲ ਹੁੰਦੇ ਹਨ।ਤੁਸੀਂ ਸਭ ਨੇ ਧਿਆਨ ਦਿੱਤਾ ਹੋਣਾ ਹੈ ਕਿ ਕੁਝ ਮਨੁੱਖ ਸਾਨੂੰ ਬਹੁਤ ਭਾਉਂਦੇ ਹਨ ਤੇ ਦਿਲ ਕਰਦਾ ਹੈ ਇਹਨਾਂ ਨੂੰ ਮਿਲਦੇ ਰਹੀਏ ,ਕੋਲ ਬੈਠੇ ਰਹੀਏ ਤੇ ਗਲਾਂ ਬਾਤਾਂ ਕਰਦੇ ਰਹੀਏ ਤੇ ਇਸ ਦੇ ਉਲਟ ਕੁਝ ਵਿਅਕਤੀ ਇਸਤਰਾਂ ਦੇ ਵੀ ਹੁੰਦੇ ਹਨ ਇੱਕ ਵਾਰ ਮਿਲਕੇ ਦੁਬਾਰਾ ਨਹੀਂ ਦਿਲ ਕਰਦਾ ਮਿਲਣ ਵਾਸਤੇ,ਕੋਲ ਬੈਠੇ ਹੋਣ ਤਾਂ ਗਲ ਕਰਨ ਨੂੰ ਜੀਅ ਨਹੀਂ ਮੰਨਦਾ।ਇਹ ਸਾਰੇ ਰਿਸ਼ਤੇ ਤੇ ਸੰਬਧ ਸਾਡੇ ਪੂਰਵ ਜਨਮਾਂ ਦਾ ਹੀ ਲੇਖਾ ਜੋਖਾ ਹੁੰਦਾ ਹੈ।ਰਿਸ਼ਤੇ ਤੇ ਹੋਰ ਸਮਾਜਿਕ ਮੇਲ ਜੋਲ ਵੀ ਇਸੇ ਲੜੀ ਦਾ ਹਿੱਸਾ ਹਨ।ਅਸੀਂ ਬਹੁਤ ਵਾਰ ਨੋਟ ਕੀਤਾ ਹੋਣਾ ਹੈ ਕਿ ਮਾਪਿਆਂ ਦੀ ਆਪਣੇ ਹੀ ਧੀ ਪੁੱਤਰਾਂ ਨਾਲ
ਅਣਬਣ ਹੀ ਰਹਿੰਦੀ ਹੈ।ਪਰ ਹੋਰਾਂ ਵੱਲ ਖਿੱਚ ਬਣੀ ਰਹਿੰਦੀ ਹੈ।ਕੋਈ ਇਕ ਵਿਅਕਤੀ ਕਿਸੇ ਨੂੰ ਬਹੁਤ ਚੰਗਾ ਲਗਦਾ ਹੈ ਤੇ ਕਿਸੇ ਨੂੰ ਫੁੱਟੀ ਅੱਖ ਨਹੀਂ ਭਾਉਂਦਾ।ਇੱਕ ਗਲ ਹੋਰ ਯਾਦ ਆ ਗਈ ਕਿ ਅਸੀਂ ਦੇਖਦੇ ਹਾਂ ਕਿ ਬੱਚਿਆਂ ਦੇ ਵਿਆਹ ਦਾ ਰਿਸ਼ਤਾ ਤੈਅ ਕਰਨ ਵੇਲੇ ਦੋਨੋਂ ਪਰਿਵਾਰ ਬਹੁਤ ਪਖਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਸਬੰਧ ਜੋੜਦੇ ਹਨ ਪਰ ਇਸ ਦੇ ਬਾਵਜੂਦ ਵੀ ਦੋਨਾਂ ਪਰਿਵਾਰਾਂ ਦੀ ਆਪਸ ਵਿਚ ਨਿਭਦੀ ਨਹੀਂ।ਸੋ ਇਹ ਸਪਸ਼ਟ ਹੋ ਗਿਆ ਕਿ ਜਿਹੜਾ ਸੰਬਧ ਸਾਡਾ ਵਰਤਮਾਨ ਵਿੱਚ ਹੈ ਜਰੂਰੀ ਨਹੀਂ ਕਿ ਇਹੀ ਸਬੰਧ ਸਾਡਾ ਪਿੱਛਲੇ ਜਨਮ ਵਿੱਚ ਵੀ ਰਿਹਾ ਹੋਵੇ ਜਾਂ ਇਹੀ ਸੰਬਧ ਅਗਲੇ ਜਨਮ ਵੀ ਹੋਵੇਗਾ।

ਆਮ ਮਨੁੱਖ ਦੇ ਦਿਲ ਵਿੱਚ ਆ ਜਾਂਦਾ ਹੈ ਕਿ ਦੁੱਖ ਸਿਰਫ ਗਰੀਬਾਂ ਤੇ ਕਮਜ਼ੋਰ ਵਿਅਕਤੀਆਂ ਨੂੰ ਮਿਲਦੇ ਹਨ ਪਰ ਇਹ ਸਹੀ ਨਹੀਂ ਹੈ।ਆਪਾਂ ਸਭ ਨੇ ਪੁਰਾਣੀਆਂ ਗਾਥਾਵਾਂ ਵਿੱਚ ਪੜਿਆ ਹੀ ਹੈ ਕਿ ਕਈ ਰਾਜੇ ਮਹਾਰਾਜਿਆਂ ਦਾ ਜੀਵਨ ਵੀ ਬਹੁਤ ਦੁੱਖਮਈ ਰਿਹਾ ਹੈ।ਪਾਂਡਵਾਂ ਦਾ ਸਾਰਾ ਜੀਵਨ ਹੀ ਔਖਾ ਬੀਤਿਆ ਹੈ।ਬਹੁਤ ਪਿੱਛੇ ਨਾ ਜਾਂਦੇ ਹੋਏ ਸਾਨੂੰ ਯਾਦ
ਹੀ ਹੈ ਕਿ ਮਹਾਂਰਾਣੀ ਜਿੰਦਾ ਤੇ ਮਹਾਰਾਜ ਦਲੀਪ ਸਿੰਘ ਦਾ ਸਾਰਾ ਜੀਵਨ ਹੀ ਕਿੰਨਾ ਔਖਾ
ਬੀਤਿਆ।ਇਕ ਛੋਟੇ ਜਿਹੇ ਬੱਚੇ ਨੂੰ ਉਸ ਦੀ ਮਾਂ ਤੋਂ ਵਿਛੋੜ ਦਿੱਤਾ ਜਾਦਾ ਹੈ।

ਕਰਮ ਇੱਕ ਬੀਜ ਦੇ ਨਿਆਂਈ ਹੈ।ਹਰ ਬੀਜ ਯੋਗ ਪਰਿਸਥਿਤੀ ਦੇ ਆਉਣ ਤੇ ਹੀ ਪੌਦੇ ਦਾ ਰੂਪ ਲੈਂਦਾ ਹੈ ਤੇ ਫਲ ਦਿੰਦਾ ਹੈ।ਜਿਵੇਂ ਕੋਈ ਬੀਜ ਭਾਵੇਂ ਸਾਲਾਂ ਤੱਕ ਸੁੱਕਾ ਪਿਆ ਰਹੇ
ਪਰ ਜਿਉਂ ਹੀ ਉਸ ਨੂੰ ਯੋਗ ਭੂਮੀ ,ਯੋਗ ਨਮੀ ਤੇ ਯੋਗ ਤਾਪਮਾਨ ਮਿਲ ਜਾਂਦਾ ਹੈ ਉਹ
ਪੁੰਗਰ ਪੈਂਦਾ ਹੈ ਤੇ ਯੋਗ ਸਮੇਂ ਤੇ ਫਲ ਦਿੰਦਾ ਹੈ।ਅਸੀਂ ਇਹ ਵੀ ਦੇਖਦੇ ਹਾਂ ਕਿ ਕਈ ਫਲ
ਮਿੱਠੇ ਹੁੰਦੇ ਹਨ ਤੇ ਕਈ ਕੌੜੇ ਨਿਕਲਦੇ ਹਨ।ਕਰਮ ਕਰਦੇ ਸਮੇਂ ਵਿਅਕਤੀ ਦੀ ਨੀਤ ਦਾ
ਯੋਗਦਾਨ ਵੀ ਹੁੰਦਾ ਹੈ। ਇਸ ਦੀ ਮਿਸਾਲ ਇਹ ਦੇ ਸਕਦੇ ਹਾਂ ਕਿ ਕਤਲ ਕਰਨਾ ਬਹੁਤ
ਵੱਡਾ ਪਾਪ ਗਿਣਿਆ ਜਦਾ ਹੈ।ਪਰ ਯੁੱਧ ਵੇਲੇ ਦੋਨੋਂ ਪਾਸਿਆਂ ਦੇ ਸੈਨਿਕ ਵਿਰੋਧੀ ਧਿਰਾਂ ਦੇ
ਸੈਨਿਕਾਂ ਨੂੰ ਮਾਰ ਸੁੱਟਦੇ ਹਨ ਕਿਓਂਕਿ ਇਹ ਉਹਨਾਂ ਦਾ ਫਰਜ਼ ਬਣਦਾ ਹੈ ਅਤੇ ਉਹਨਾਂ ਨੂੰ ਬਹਾਦੁਰੀ ਵਾਸਤੇ ਪੁਰਸਕਾਰ ਵੀ ਮਿਲ ਜਾਂਦੇ ਹਨ।ਕਿਉਂਕਿ ਇਹ ਸਭ ਕਰਦੇ ਸਮੇਂ ਉਹਨਾਂ ਦੀ ਨੀਤ ਕਤਲ ਕਰਨ ਦੀ ਨਹੀਂ ਹੁੰਦੀ ਸਗੋਂ ਅਪਣਾ ਫਰਜ਼ ਪੂਰਾ ਕਰਨ ਦੀ ਹੁੰਦੀ ਹੈ।ਇਸਤਰਾਂ ਇਸ ਬਾਰੇ ਹੋਰ ਵੀ ਬਹੁਤ ਸਾਰੀਆਂ ਉਦਾਹਰਣਾਂ ਦਿੱਤੀਆਂ,ਪੜ੍ਹੀਆਂ ਤੇ ਸੁਣੀਆਂ ਜਾ ਸਕਦੀਆਂ ਹਨ।

ਸੋ ਹੁਣ ਤਾਂ ਇਹ ਸਪਸ਼ਟ ਹੋ ਹੀ ਗਿਆ ਹੈ ਕਿ ਜਿੰਦਗੀ ਨੂੰ ਸੁਖਾਂਵਾ ਬਨਾਉਣ ਵਾਸਤੇ
ਸਾਨੂੰ ਹਮੇਸ਼ਾਂ ਨੇਕ ਕੰਮ ਕਰਨ ਦੀ ਇੱਛਾ ਰੱਖਣੀ ਚਾਹੀਦੀ ਹੈ।ਫਲ ਤਾਂ ਸਾਨੂੰ ਪਤਾ ਹੈ ਕਿ ਉਸੇ ਵੇਲੇ ਨਹੀਂ ਮਿਲ ਜਾਣਾ ਪਰ ਨੇਕ ਕੰਮ ਕਰਨ ਨਾਲ ਮਨ ਨੂੰ ਬਹੁਤ ਸ਼ਾਂਤੀ ਮਿਲਦੀ ਹੈ।
ਨੇਕੀ ਦਾ ਫਲ ਨੇਕੀ ਹੀ ਹੁੰਦਾ ਹੈ,ਕਰ ਭਲਾ ਹੋ ਭਲਾ ਤੇ ਨਾਲ ਹੀ ਇਹ ਵੀ ਜੈਸੀ ਕਰਨੀ ਵੈਸੀ ਭਰਨੀ।ਅਜਕਲ ਬਹੁਤੇ ਲੋਕਾਂ ਦਾ ਰੁਝਾਨ ਇਸੇ ਪਾਸੇ ਵੱਲ ਹੈ ਕਿ ਵੱਧ ਤੋਂ ਵੱਧ ਚੰਗਾ ਹੀ ਕੀਤਾ ਜਾਵੇ।ਚਲੋ ਜੇ ਚੰਗਾ ਨਹੀਂ ਕਰ ਸਕਦੇ ਤਾਂ ਘਟੋਘਟ ਮਾੜਾ ਤਾਂ ਨਾ ਕਰੀਏ। ਤਾਂ ਜੋ ਲੋਕ ਸੁਖੀਆ ਤੇ ਪਰਲੋਕ ਸੁਹੇਲਾ ਹੋ ਜਾਵੇ।ਬਹੁਤ ਲੋਕ ਸਮਝ ਗਏ ਹਨ ਕਿ ਭਾਵੇਂ ਆਉਣ ਵਾਲਾ ਜਨਮ ਕਿਸੇ ਨਹੀਂ ਦੇਖਿਆ ਪਰ ਅਫਿਰ ਵੀ ਕੁਝ ਚੰਗਾ ਕਰਨ ਨਾਲ ਇੱਕ ਤਾਂ ਮਨ ਸ਼ਾਂਤ ਤੇ ਸੁਖਾਵਾਂ ਤਾਂ ਰਹਿੰਦਾ ਹੀ ਹੈ ਨਾਲ ਹੀ ਆਪਣੇ ਪਿੱਛਲੇ ਮਾੜੇ ਕਰਮਾਂ ਦਾ
ਲੇਖਾ ਜੋਖਾ ਪੂਰਾ ਹੁੰਦਾ ਰਹਿੰਦਾ ਹੈ। ਹੋ ਸਕਦਾ ਹੈ ਕੁਝ ਬੱਚ ਹੀ ਜਾਵੇ ਜਿਸ ਨਾਲ ਪਰਲੋਕ ਸੁਹੇਲਾ ਬਣ ਜਾਵੇ।

ਇਹ ਮਾਨਤਾ ਹੈ ਕਿ ਅਸੀਂ ਸਭ ਪਰਮ ਪਿਤਾ ਪਰਮਾਤਮਾ ਦੇ ਬੱਚੇ ਹਾਂ ਤੇ ਇਹ ਦੁੱਖ ਸੁੱਖ ਪਰਮਾਤਮਾ ਦੀ ਦੇਣ ਹੈ।ਪਰ ਸਾਨੂੰ ਇਹ ਵੀ ਧਿਆਨ ਵਿੱਚ ਲਿਆਉਣਾ ਚਾਹੀਦਾ ਹੈ ਕਿ ਫਿਰ ਰੱਬ ਸਾਡੇ ਨਾਲ ਵਿਤਕਰਾ ਕਿਉਂ ਕਰੇਗਾ।ਪਰਮਾਤਮਾ ਕਿਸੇ ਨਾਲ ਕਦੇ ਵੀ ਵਿਤਕਰਾ ਨਹੀਂ ਕਰਦਾ ਸਗੋਂ ਜੇ ਰੱਬ ਨਾਲ ਪਿਆਰ ਪਾ ਲਈਏ ਤਾਂ ਉਹ ਸਾਡੇ ਕੋਲੋਂ ਮਾੜੇ ਕੰਮ ਹੋਣਗੇ ਹੀ ਨਹੀਂ।ਅਸੀਂ ਜੋ ਵੀ ਕਰਮ ਕਰਦੇ ਹਾਂ ਆਪਣੀ ਆਉਣ ਵਾਲੀ ਜਿੰਦਗੀ ਵਾਸਤੇ ਆਰਡਰ ਤਿਆਰ ਕਰ ਰਹੇ ਹੁੰਦੇ ਹਾਂ।ਜਿਵੇਂ ਕਿਸੇ ਹੋਟਲ ਜਾਂ ਰੈਸਟੋਰੈਂਟ ਵਿੱਚ ਅਸੀਂ ਜੋ ਵੀ ਖਾਣਾ ਹੋਵੇ ਜਾਂ ਜਿਸਤਰਾਂ ਦੇ ਵੀ ਕਮਰੇ ਵਿੱਚ ਰਾਤ ਰਹਿਣਾ ਹੋਵੇ ਉਸੇ ਦਾ ਆਰਡਰ ਕਰਦੇ ਹਾਂ ਤੇ ਉਸੇ ਵਾਸਤੇ ਹੀ ਬਿੱਲ ਭਰਦੇ ਹਾਂ ਸੋ ਉਹੀ ਸਾਨੂੰ ਪ੍ਰਾਪਤ ਹੋ ਜਾਂਦਾ ਹੈ।ਜੇ ਕਿਸੇ ਇੱਕ ਕਿਲੋ ਦੇ ਦਸ ਰੁਪਏ ਹਨ ਤਾਂ ਦੋ ਕਿਲੋ ਦੇ ਵੀਹ ਹੀ ਦੇਣੇ ਪੈਣਗੇ।ਸੋ ਅਸੀਂ ਇਤਨਾ ਤਾਂ ਵਿਚਾਰ ਕਰ ਹੀ ਸਕਦੇ ਹਾਂ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ ਤੇ
ਕੀ ਨਹੀਂ ਕਰਨਾ ਚਾਹੀਦਾ ;

ਇਹ ਮਾਨਤਾ ਹੈ ਕਿ ਅਸੀਂ ਸਭ ਪ੍ਰਮਾਤਮਾ ਦਾ ਹੀ ਹਿੱਸਾ ਹਾਂ।ਸਾਨੂੰ ਪ੍ਰਮਾਤਮਾ ਨੇ
ਸਰਿਸ਼ਟੀ ਦੀ ਰਚਨਾ ਕਰਨ ਉਪਰੰਤ ਜੀਵਨ ਰੂਪੀ ਡਰਾਮੇ ਦਾ ਭਾਗ ਬਣਾ ਕੇ ਧਰਤੀ ਰੂਪੀ ਸਟੇਜ ਉਤੇ ਆਪਣਾ ਆਪਣਾ ਰੋਲ ਨਿਭਾਉਣ ਲਈ ਭੇਜਿਆ ਹੈ ਤੇ ਆਪਣਾ ਰੋਲ ਚੰਗੀ ਤਰਾਂ ਪੂਰਾ ਕਰਨ ਉਪਰੰਤ ਅਸੀਂ ਵਾਪਿਸ ਜਾਣਾ ਹੈ। ਪਰ ਮਨੁੱਖ ਇਸ ਡਰਾਮੇ ਇਸ ਕਦਰ ਖੁੱਭਿਆ ਕਿ ਰੱਬ ਨਾਲ ਕੀਤਾ ਹੋਇਆ ਵਾਅਦਾ ਭੁੱਲ ਹੀ ਗਿਆ।ਹਾਲੇ ਵੀ ਡੁੱਲੇ ਬੇਰਾਂ ਦਾ ਸਾਰਾ ਨਹੀਂ ਵਿਗੜਿਆ।ਜਦੋਂ ਜਾਗੋ ਉਦੋਂ ਹੀ ਸਵੇਰਾ ,ਸੋ ਹੁਣ ਤੋਂ ਹੀ ਅਸੀਂ ਸਭ ਆਪਣਾ ਵਾਅਦਾ ਪੂਰਾ ਕਰਨ ਵਾਸਤੇ ਤਿਆਰ ਹੋ ਜਾਈਏ।ਰੱਬ ਨੂੰ ਪਿਆਰ ਕਰੀਏ ਤੇ ਮਿਲਣ ਵਾਸਤੇ ਤੁਰ ਪਈਏ।ਤਾਂ ਜੋ ਸਾਡੇ ਮਾੜੇ ਕਰਮਾਂ ਦਾ ਪ੍ਰਭਾਵ ਘੱਟਣਾ ਸ਼ੁਰੂ ਹੋ ਜਾਵੇ।ਘੱਟਦਾ ਘੱਟਦਾ ਮੁੱਕ ਹੀ ਜਾਵੇਗਾ;ਤੇ ਰੱਬ ਨੂੰ ਮੂੰਹ ਦਿਖਾ ਸਕਾਂਗੇ।

ਗੁਰੂ ਸਾਹਿਬ ਜੀ ਨੇ ਦੱਸਿਆ ਹੈ :

' ਆਪੇ ਬੀਜਿ ਆਪੇ ਹੀ ਖਾਹੁ'

ਤਾਂ ਕਿਉਂ ਨਾ ਆਪਾਂ ਚੰਗਾ ਹੀ ਬੀਜੀਏ ਤੇ ਚੰਗਾ ਹੀ ਖਾਈਏ!!











ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
Avtar Singh Tiwana
Sales Representative
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
Tel: 905.793.5777
416.802.5866
31 Melanie Dr. Unit #4 Brampton, ON L6T 5H8


SOLD
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ਼, 2 ਸਟੋਪ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

FOR SALE
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੂਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!
DUNDAS-JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

WWW.KULWINDERCHHINA.COM

KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੇ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਾਲੀਵਾਲ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਉ ਤੇ ਫਿਰ ਹੋਰਾਂ ਨੂੰ ਵੀ ਲਿਆਉ
20 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

A/Z CITY DRIVER WANTED
INNOVATION Transportation
○ A/Z City Drivers Needed
○ Good Pay and good Mileage
○ Day, Afternoon & Weekend Shifts
○ Weekly Pay
$22 /Hour
○ 7 Days Work ○ All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## ਲੜਕੀ ਦੀ ਲੋੜ

ਜੱਟ ਸਿਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੇ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569567850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal
Co-Host
Cell:416-587-5520
Email: iqbalmahal46@gmail.com
Iqbal Mahal
Producer & Host
Serving the South Asian Community Since 1976

You can
Place Your Business Here
To Reach Wider Audience
(905)793-2202
For more info Call 905-793-2202 or e-mail ads@punjabipost.ca

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟਰਕਟਰ
647-998-7500 ਬਲਵਿੰਦਰ

# ਫਿਲਮੀ ਦੁਨੀਆ

## ਇਸ ਵਰ੍ਹੇ ਸੱਤ ਫਿਲਮਾਂ ਵਿੱਚ ਨਜ਼ਰ ਆਵੇਗੀ ਰਕੁਲਪ੍ਰੀਤ




ਅਭਿਨੇਤਰੀ ਰਕੁਲਪ੍ਰੀਤ ਸਿੰਘ ਦੀਆਂ ਇਸ ਸਾਲ ਸੱਤ ਫਿਲਮਾਂ ਰਿਲੀਜ਼ ਹੋ ਰਹੀਆਂ ਹਨ, ਜਿਨ੍ਹਾਂ ਵਿੱਚੋਂ ਛੇ ਹਿੰਦੀ ਹਨ। ਇਨ੍ਹਾਂ ਵਿੱਚੋਂ ਆਯੁਸ਼ਮਾਨ ਖੁਰਾਣਾ ਨਾਲ 'ਡਾਕਟਰ ਜੀ', ਅਮਿਤਾਭ ਬੱਚਨ, ਅਜੈ ਦੇਵਗਨ ਨਾਲ 'ਰਨਵੇਅ 34', ਸਿਧਾਰਥ ਮਲਹੋਤਰਾ, ਅਜੈ ਦੇਵਗਨ ਨਾਲ 'ਥੈਂਕ ਗੌਡ' ਅਤੇ ਅਕਸ਼ੈ ਕੁਮਾਰ ਨਾਲ 'ਛੱਤਰੀ ਵਾਲੀ' ਅਤੇ 'ਅਟੈਕ' ਹਨ।

ਇਸ ਬਾਰੇ ਰਕੁਲ ਨੇ ਕਿਹਾ, "ਆ ਹੈ ਕਿ 2022 ਮੇਰੇ ਲਈ ਸਭ ਤੋਂ ਵਧੀਆ ਸਾਲਾਂ ਵਿੱਚੋਂ ਇੱਕ ਹੋਵੇਗਾ। ਮੈਂ 2022 ਲਈ ਬਹੁਤ ਉਤਸ਼ਾਹਤ ਹਾਂ, ਕਿਉਂਕਿ ਇਸ ਸਾਲ ਮੇਰੀਆਂ ਸੱਤ ਫਿਲਮਾਂ ਰਿਲੀਜ਼ ਹੋਣ ਲਈ ਤਿਆਰ ਹਨ, ਜਿਨ੍ਹਾਂ ਵਿੱਚੋਂ ਛੇ ਹਿੰਦੀ ਹਨ। ਆਸ ਹੈ ਕਿ ਲੋਕ ਫਿਲਮਾਂ ਪਸੰਦ ਕਰਨਗੇ। ਸਾਰੀਆਂ ਫਿਲਮਾਂ ਵਿੱਚ ਕੰਮ ਕਰਨ ਦਾ ਤਜਰਬਾ ਬਹੁਤ ਸ਼ਾਨਦਾਰ ਰਿਹਾ। ਜਦੋਂ ਫਿਲਮਾਂ ਰਿਲੀਜ਼ ਹੋਣੀਆਂ ਸ਼ੁਰੂ ਹੋ ਗਈਆਂ ਤਾਂ ਤੁਸੀਂ ਦੇਖੋਗੇ ਕਿ ਹਰ ਕਿਰਦਾਰ ਇੱਕ-ਦੂਜੇ ਤੋਂ ਵੱਖਰਾ ਹੈ। ਹਰ ਫਿਲਮ ਵੱਖਰੀ ਸ਼ੈਲੀ ਉੱਤੇ ਆਧਾਰਤ ਹੈ।"

## ਮਨੋਜ ਵਾਜਪਾਈ ਲਈ ਰੁਝੇਵਿਆਂ ਭਰਿਆ ਰਹੇਗਾ ਸਾਲ 2022

ਕੌਮੀ ਐਵਾਰਡ ਜੇਤੂ ਅਦਾਕਾਰ ਮਨੋਜ ਵਾਜਪਾਈ ਲਈ ਸਾਲ 2022 ਰੁਝੇਵਿਆਂ ਭਰਿਆ ਰਹੇਗਾ। ਇਸ ਸਾਲ ਉਹ ਰਾਮ ਰੈੱਡੀ, ਅਭਿਸ਼ੇਕ ਚੌਬੇ ਅਤੇ ਰਾਹੁਲ ਚਿਟੇਲਾ ਦੀਆਂ ਫਿਲਮਾਂ ਸਣੇ ਕਨੂ ਬਹਿਲ ਦੀ 'ਡਿਸਪੈਚ' ਉੱਤੇ ਕੰਮ ਕਰ ਰਿਹਾ ਹੈ। ਉਸ ਦਾ ਕਹਿਣਾ ਹੈ ਕਿ 2023 ਤੱਕ ਉਹ ਇਸੇ ਤਰ੍ਹਾਂ ਮਸ਼ਰੂਫ ਰਹੇਗਾ। ਮਨੋਜ ਨੇ ਪਿੱਛੇ ਜਿਹੇ ਦੋ ਪ੍ਰੋਜੈਕਟਾਂ ਦੀ ਸ਼ੂਟਿੰਗ ਪੂਰੀ ਕੀਤੀ ਹੈ। ਇਨ੍ਹਾਂ ਵਿੱਚੋਂ ਇੱਕ ਫਿਲਮ ਦਾ ਨਿਰਦੇਸ਼ਨ ਰੈੱਡੀ ਨੇ ਕੀਤਾ ਹੈ, ਜਿਸ ਵਿੱਚ ਅਭਿਨੇਤਾ ਦੀਪਕ ਡੋਬਰੀਆਲ ਵੀ ਨਜ਼ਰ ਆਵੇਗਾ। ਫਿਲਮ ਦੀ ਸ਼ੂਟਿੰਗ ਉਤਰਾਖੰਡ ਵਿੱਚ ਕੀਤੀ ਗਈ ਹੈ। ਇਸੇ ਤਰ੍ਹਾਂ ਉਸ ਨੇ ਕਨੂ ਬਹਿਲ ਦੀ ਫਿਲਮ 'ਡਿਸਪੈਚ' ਦੀ ਸ਼ੂਟਿੰਗ ਵੀ ਪੂਰੀ ਕਰ ਲਈ ਹੈ।



ਆਪਣੇ ਅਗਲੇ ਪ੍ਰੋਜੈਕਟਾਂ ਬਾਰੇ ਗੱਲ ਕਰਦਿਆਂ ਮਨੋਜ ਨੇ ਕਿਹਾ ਕਿ ਇਹ ਸਾਲ ਰੁਝੇਵਿਆਂ ਭਰਿਆ ਰਹੇਗਾ। ਉਸ ਨੇ ਕਿਹਾ, 2023 ਦੇ ਅਖੀਰ ਤੱਕ ਏਦਾਂ ਹੀ ਰਹਿਣਾ ਹੈ, ਪਰ ਉਹ ਸਾਰੀਆਂ ਫਿਲਮਾਂ ਪੂਰੀਆਂ ਕਰਨ ਲਈ ਵਚਨਬੱਧ ਹੈ। ਉਸ ਨੇ ਕਿਹਾ, "ਮੈਂ ਨਵੀਆਂ ਸਕ੍ਰਿਪਟਾਂ ਪੜ੍ਹਨੀਆਂ ਛੱਡ ਦਿੱਤੀਆਂ ਹਨ। ਮੇਰੇ ਕੋਲ ਸਮਾਂ ਨਹੀਂ ਹੈ।" ਉਹ ਅਭਿਸ਼ੇਕ ਚੌਬੇ ਦੀ ਫਿਲਮ ਦੀ ਸ਼ੂਟਿੰਗ ਕਰ ਰਿਹਾ ਸੀ, ਪਰ ਕੋਰੋਨਾ ਕਾਰਨ ਹਾਲ ਦੀ ਘੜੀ ਇਸ ਦਾ ਕੰਮ ਰੋਕ ਦਿੱਤਾ ਗਿਆ ਹੈ।

## ਸਵਰਾ ਭਾਸਕਰ ਨੇ 'ਜਹਾਂ ਚਾਰ ਯਾਰ' ਦੀ ਡਬਿੰਗ ਕੀਤੀ ਸ਼ੁਰੂ

ਕੋਰੋਨਾ ਹੋਣ ਕਾਰਨ ਏਕਾਂਤਵਾਸ ਵਿੱਚ ਗਈ ਅਭਿਨੇਤਰੀ ਸਵਰਾ ਭਾਸਕਰ ਹੁਣ ਕੰਮ ਉੱਤੇ ਮੁੜ ਆਈ ਹੈ। ਸਵਰਾ ਨੇ ਆਪਣੀ ਅਗਲੀ ਫਿਲਮ 'ਜਹਾਂ ਚਾਰ ਯਾਰ' ਦੀ ਡਬਿੰਗ ਦਾ ਕੰਮ ਸ਼ੁਰੂ ਕੀਤਾ ਹੈ। ਇੰਸਟਾਗ੍ਰਾਮ ਉੱਤੇ ਪਾਈ ਆਪਣੀ ਪੋਸਟ ਵਿੱਚ 33 ਸਾਲਾ ਅਭਿਨੇਤਰੀ ਨੇ ਮੁੜ ਕੇ ਕੰਮ ਸ਼ੁਰੂ ਕਰਨ ਦੀ ਆਪਣੀ ਖੁਸ਼ੀ ਸਾਂਝੀ ਕੀਤੀ ਅਤੇ ਲਿਖਿਆ ਹੈ, "ਮੈਂ ਬਹੁਤ ਖੁਸ਼ ਹਾਂ ਕਿ ਇੰਨੀ ਸਿਹਤਮੰਦ ਹੋ ਸਕੀ ਕਿ ਕੰਮ ਉੱਤੇ ਮੁੜ ਸਕਾਂ, ਆਪਣੀ ਫਿਲਮ 'ਜਹਾਂ ਚਾਰ ਯਾਰ' ਦੀ ਡਬਿੰਗ ਮੁੜ ਸ਼ੁਰੂ ਕਰਨ ਦੇ ਅਹਿਸਾਸ ਨਾਲ ਖੁਸ਼ ਹਾਂ, ਸ਼ਿਵਾਗੀ ਇੱਕ ਬਹੁਤ ਵਧੀਆ ਕਿਰਦਾਰ ਹੈ, ਇਸ ਨੂੰ ਦਰਸ਼ਕਾਂ ਸਾਹਮਣੇ ਲਿਆਉਣ ਲਈ ਬਹੁਤ ਉਤਸ਼ਾਹਤ ਹਾਂ।"

ਜ਼ਿਕਰਯੋਗ ਹੈ ਕਿ ਸਵਰਾ ਭਾਸਕਰ ਨੂੰ ਸੱਤ ਜਨਵਰੀ ਨੂੰ ਕੋਰੋਨਾ ਪਾਜ਼ੀਟਿਵ ਆਉਣ ਮਗਰੋਂ ਉਸ ਨੂੰ ਇਕਾਂਤਵਾਸ ਵਿੱਚ ਭੇਜ ਦਿੱਤਾ ਗਿਆ ਸੀ। 14 ਜਨਵਰੀ ਨੂੰ ਸਵਰਾ ਦੀ ਰਿਪੋਰਟ ਨੈਗੇਟਿਵ ਆਈ, ਜਿਸ ਮਗਰੋਂ ਉਸ ਨੇ ਆਪਣਾ ਕੰਮ ਸ਼ੁਰੂ ਕੀਤਾ ਹੈ। ਫਿਲਮ 'ਜਹਾਂ ਚਾਰ ਯਾਰ' ਦਾ ਨਿਰਦੇਸ਼ਨ ਕਮਲ ਪਾਂਡੇ ਨੇ ਕੀਤਾ ਹੈ ਜਿਸ ਵਿੱਚ ਸਵਰਾ ਦੇ ਨਾਲ ਮਿਹਰ ਵਿੱਜ, ਪੂਜਾ ਚੋਪੜਾ ਅਤੇ ਸ਼ਿਖਾ ਤਲਸਾਨੀਆ




ਦਿਖਾਈ ਦੇਣਗੇ। ਇਹ ਫਿਲਮ ਚਾਰ ਵਿਆਹੇ ਹੋਏ ਦੋਸਤਾਂ ਦੀ ਕਹਾਣੀ ਹੈ, ਜੋ ਆਪਣੀ ਆਮ ਜ਼ਿੰਦਗੀ ਤੋਂ ਅੱਕ ਕੇ ਗੋਆ ਜਾਣ ਦਾ ਪ੍ਰੋਗਰਾਮ ਬਣਾਉਂਦੇ ਹਨ ਅਤੇ ਉਥੇ ਜਾ ਕੇ ਕੁਝ ਬਹੁਤ ਹੀ ਖਾਸ ਕਿਸਮ ਦੇ ਕਾਰਨਾਮੇ ਕਰਦੇ ਹਨ। ਇਸ ਫਿਲਮ ਦਾ ਨਿਰਮਾਣ ਵਿਨੋਦ ਬੱਚਨ ਵੱਲੋਂ ਕੀਤਾ ਗਿਆ ਹੈ।

## 'ਮਾਡਰਨ ਲਵ' ਵਿੱਚ ਦਿਖਾਈ ਦੇਣਗੇ ਪ੍ਰਤੀਕ ਗਾਂਧੀ, ਵਾਮਿਕਾ ਗੱਬੀ ਤੇ ਫਾਤਿਮਾ ਸਨਾ ਸ਼ੇਖ਼







ਅਭਿਨੇਤਾ ਪ੍ਰਤੀਕ ਗਾਂਧੀ, ਵਾਮਿਕਾ ਗੱਬੀ ਅਤੇ ਫਾਤਿਮਾ ਸਨਾ ਸ਼ੇਖ਼ ਪ੍ਰਸਿੱਧ ਅਮਰੀਕੀ ਰੋਮਾਂਟਿਕ ਕਾਮੇਡੀ ਸੀਰੀਜ਼ 'ਮਾਡਰਨ ਲਵ' ਦੇ ਭਾਰਤੀ ਅਡੈਪਟੇਸ਼ਨ ਵਿੱਚ ਦਿਖਾਈ ਦੇਣਗੇ। ਸੂਤਰਾਂ ਅਨੁਸ-ਾਰ ਹਰੇਕ ਅਦਾਕਾਰ ਇਸ ਲੜੀ ਦੇ ਵੱਖਰੇ ਨਿਰਦੇਸ਼ਕ ਦੀਆਂ ਕਹਾਣੀਆਂ ਉੱਤੇ ਕੰਮ ਕਰ ਰਿਹਾ ਹੈ ਅਤੇ ਇਨ੍ਹਾਂ ਨਿਰਦੇਸ਼ਕਾਂ ਤੇ ਅਦਾਕਾਰਾਂ ਦੇ ਇਸ ਵੱਖਰੇ ਸੁਮੇਲ ਨੇ ਸੀਰੀਜ਼ ਦੀ ਵੱਖਰੀ ਤਰ੍ਹਾਂ ਦੀ ਰੂਪ-ਰੇਖਾ ਸਿਰਜੀ ਹੈ। ਸੀਰੀਜ਼ ਦੀ ਸ਼ੂਟਿੰਗ 2021 ਦੇ ਅਖੀਰ ਵਿੱਚ ਹੋਈ ਹੈ ਤੇ ਛੇਤੀ ਹੀ ਇਹ ਓ ਟੀ ਟੀ ਪਲੇਟਫਾਰਮ ਉੱਤੇ ਰਿਲੀਜ਼ ਕੀਤੀ ਜਾ ਸਕਦੀ ਹੈ।

ਇਹ ਸੀਰੀਜ਼ ਹੰਸਲ ਮਹਿਤਾ, ਵਿਸ਼ਾਲ ਭਾਰਦਵਾਜ, ਅੰਜਲੀ ਮੈਨਨ, ਅਲੰਕ੍ਰਿਤਾ ਸ੍ਰੀਵਾਸਤਵ, ਧਰੁਵ ਸਹਿਗਲ ਤੇ ਸੋਨਾਲੀ ਬੋਸ ਵਰਗੇ ਫਿਲਮ ਨਿਰਮਾਤਾਵਾਂ ਵੱਲੋਂ ਨਿਰਦੇਸ਼ਤ ਕੀਤੀ ਜਾਵੇਗੀ। ਇਹ ਸੀਰੀਜ਼ ਪਿਆਰ ਨਾਲ ਜੁੜੀਆਂ ਹਰ ਤਰ੍ਹਾਂ ਦੇ ਅੜਿੱਕਿਆਂ, ਖ਼ੂਬਸੂਰਤ ਅਹਿਸਾਸਾਂ ਅਤੇ ਇਨ੍ਹਾਂ ਦੇ ਮਨੁੱਖੀ ਜ਼ਿੰਦਗੀ ਉੱਤੇ ਪੈਣ ਵਾਲੇ ਪ੍ਰਭਾਵਾਂ ਨੂੰ ਬਿਆਨਦੀ ਹੈ। ਸੀਰੀਜ਼ ਦਾ ਹਰੇਕ ਐਪੀਸੋਡ ਅਖਬਾਰ ਦੇ ਕਾਲਮ ਰਾਹੀਂ ਜੀਵਨ ਨਾਲ ਜੁੜੀ ਕਿਸੇ ਵੱਖਰੀ ਕਹਾਣੀ ਤੋਂ ਪ੍ਰੇਰਿਤ ਹੈ।

## ਮੈਂ ਹਮੇਸ਼ਾ ਤੋਂ ਸਪੋਰਟਸ ਪਰਸਨ ਸੀ : ਸਾਕਿਬ ਸਲੀਮ

ਬਾਲੀਵੁੱਡ ਐਕਟਰ ਸਾਕਿਬ ਸਲੀਮ ਦੀ ਇਨ੍ਹੀਂ ਦਿਨੀਂ ਆਪਣੀ ਰਿਲੀਜ਼ ਹੋਈ '83' ਨੂੰ ਅਤੇ ਫਿਲਮ ਵਿੱਚ ਉਸ ਦੀ ਅਦਾਕਾਰੀ ਨੂੰ ਖੂਬ ਪ੍ਰਸ਼ੰਸਾ ਮਿਲ ਰਹੀ ਹੈ। ਫਿਲਮ 1983 ਕ੍ਰਿਕਟ ਵਰਲਡ ਕੱਪ ਵਿੱਚ ਟੀਮ ਇੰਡੀਆ ਦੀ ਜਿੱਤ ਅਤੇ ਇਸ ਦੇ ਹੀਰੋਜ਼ ਦੀ ਕਹਾਣੀ ਉੱਤੇ ਆਧਾਰਤ ਹੈ। ਸਾਕਿਬ ਨੇ ਫਿਲਮ ਵਿੱਚ ਮਸ਼ਹੂਰ ਕ੍ਰਿਕਟਰ ਮਹਿੰਦਰ ਅਮਰਨਾਥ ਦਾ ਕਿਰਦਾਰ ਨਿਭਾਇਆ ਹੈ। ਉਸ ਨੇ ਗੱਲਬਾਤ ਵਿੱਚ ਇਸ ਫਿਲਮ ਦੇ ਅਨੁਭਵ ਤੇ ਇਸ ਨੂੰ ਮਿਲੀ ਪ੍ਰਸ਼ੰਸਾ ਦੇ ਨਾਲ ਬਾਕਸ ਆਫਿਸ ਉੱਤੇ ਫਿੱਕੇ ਕਲੈਕਸ਼ਨ ਦੀ ਵੀ ਗੱਲਬਾਤ ਕੀਤੀ। ਉਸ ਦਾ ਕਹਿਣਾ ਹੈ ਕਿ ਲੋਕਾਂ ਨੇ '83' ਨੂੰ ਜੋ ਪਿਆਰ ਦਿੱਤਾ ਹੈ, ਉਹ ਬਾਕਸ ਆਫਿਸ ਦੀ ਕਮਾਈ ਤੋਂ ਪਰੇ ਹੈ। ਪੇਸ਼ ਹਨ ਸਾਕਿਬ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਫਿਲਮ '83' ਅਤੇ ਤੁਹਾਡੀ ਸਾਰਿਆਂ ਦੀ ਐਕਟਿੰਗ ਦੀ ਕਾਫੀ ਪ੍ਰਸ਼ੰਸਾ ਹੋ ਰਹੀ ਹੈ। ਤੁਹਾਨੂੰ ਖੁਦ ਮਹਿੰਦਰ ਅਮਰਨਾਥ ਨੇ ਆਪਣਾ ਰੁਮਾਲ ਗਿਫਟ ਕਰ ਦਿੱਤਾ। ਕਿਸ ਤਰ੍ਹਾਂ ਦਾ ਅਨੁਭਵ ਰਿਹਾ?

– ਸੱਚ ਕਹਾਂ ਤਾਂ ਜਿਮੀ ਸਰ (ਮਹਿੰਦਰ ਅਮਰਨਾਥ) ਨੇ ਉਹ ਜੋ ਲਾਲ ਰੁਮਾਲ ਮੈਨੂੰ ਦਿੱਤਾ, ਉਸ ਤੋਂ ਵੱਡਾ ਕੋਈ ਐਵਾਰਡ ਮੇਰੇ ਲਈ ਨਹੀਂ ਹੋ ਸਕਦਾ। ਮੈਂ ਬਹੁਤ ਨਰਵਸ ਸੀ ਕਿ ਜਦ ਉਹ ਫਿਲਮ ਦੇਖਣਗੇ ਤਾਂ ਉਨ੍ਹਾਂ ਨੂੰ ਕਿੱਦਾਂ ਲੱਗੇਗਾ, ਕਿਉਂਕਿ ਮੈਂ ਉਨ੍ਹਾਂ ਦਾ ਰੋਲ ਕਰ ਰਿਹਾ ਹਾਂ। ਮੇਰਾ ਦਿਲ ਮੇਰੇ ਮੂੰਹ ਵਿੱਚ ਸੀ, ਜਦ ਉਹ ਫਿਲਮ ਦੇਖ ਰਹੇ ਸਨ। ਜਦ ਫਿਲਮ ਖਤਮ ਹੋਈ ਤਾਂ ਮੈਂ ਉਨ੍ਹਾਂ ਕੋਲ ਗਿਆ, ਪਤਾ ਨਹੀਂ ਕਿਉਂ ਮੇਰੀਆਂ ਅੱਖਾਂ ਵਿੱਚ ਅੱਥਰੂ ਸਨ। ਮੈਂ ਉਨ੍ਹਾਂ ਨੂੰ ਕਿਹਾ ਕਿ ਸਰ, ਪਲੀਜ਼ ਮੈਨੂੰ ਮੁਆਫ ਕਰ ਦਿਓ, ਜੇ ਮੈਂ ਕੁਝ ਗਲਤ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਤੂੰ ਪਾਗਲ ਏਂ ਅਤੇ ਉਨ੍ਹਾਂ ਨੇ ਉਹ ਲਾਲ ਰੁਮਾਲ ਕੱਢ ਕੇ ਮੇਰੇ ਜੇਬ ਵਿੱਚ ਪਾ ਦਿੱਤਾ ਅਤੇ ਕਿਹਾ ਕਿ ਅੱਜ ਤੂੰ ਮੈਨੂੰ ਦਸ ਸਾਲ ਜਵਾਨ ਕਰ ਦਿੱਤਾ। ਮੈਨੂੰ ਨਹੀਂ ਲੱਗਦਾ ਕਿ ਕੋਈ ਐਵਾਰਡ ਮੈਨੂੰ ਉਹ ਫੀਲਿੰਗ ਦੇ ਸਕੇਗਾ, ਜੋ ਉਸ ਦਿਨ ਮੈਨੂੰ ਮਹਿਸੂਸ ਹੋਇਆ। ਇੱਕ ਐਕਟਰ ਦੇ ਤੌਰ ਉੱਤੇ ਮੈਨੂੰ ਇੰਨੀ ਖੁਸ਼ੀ ਕਦੇ ਨਹੀਂ ਹੋਈ।

* ਤੁਸਾਂ ਦੱਸਿਆ ਸੀ ਕਿ ਇਹ ਰੋਲ ਕਰਨ ਦੀ ਇੱਕ ਵੱਡੀ ਵਜ੍ਹਾ ਇਹ ਵੀ ਸੀ ਕਿ ਮਹਿੰਦਰ ਅਮਰਨਾਥ ਤੁਹਾਡੇ ਪਾਪਾ ਦੇ ਫੇਵਰੇਟ ਕ੍ਰਿਕਟਰ ਹਨ। ਤੁਹਾਡੇ ਪਾਪਾ ਦੀ ਕੀ ਪ੍ਰਤੀਕਿਰਿਆ ਰਹੀ?

– ਮੇਰੇ ਪੂਰੇ ਪਰਵਾਰ ਲਈ ਇਹ ਬਹੁਤ ਭਾਵੁਕ ਪਲ ਸੀ, ਕਿਉਂਕਿ ਬਚਪਨ ਤੋਂ ਮੇਰਾ ਸਿਰਫ ਇੱਕ ਹੀ ਸੁਫਨਾ ਸੀ, ਦੇਸ਼ ਲਈ ਕ੍ਰਿਕਟ ਖੇਡਣਾ। ਉਹ ਅਧੂਰਾ ਰਹਿ ਗਿਆ। ਮੈਨੂੰ ਯਾਦ ਹੈ ਕਿ ਮੇਰੀ ਮਾਂ ਮੈਨੂੰ ਰੋਜ਼ ਪ੍ਰੈਕਟਿਸ ਲਈ ਲੈ ਕੇ ਜਾਂਦੀ ਸੀ। ਤੁਸੀਂ ਸਹੀ ਕਿਹਾ, ਮਹਿੰਦਰ ਅਮਰਨਾਥ ਮੇਰੇ ਪਾਪਾ ਦੇ ਫੇਵਰੇਟ ਕ੍ਰਿਕਟਰ ਸਨ। ਉਨ੍ਹਾਂ ਨੂੰ '83' ਵਰਲਡ ਕੱਪ ਪੂਰਾ ਯਾਦ ਹੈ। ਉਨ੍ਹਾਂ ਦੱਸਿਆ ਕਿ ਉਹ ਰੇਡੀਓ ਉੱਤੇ ਸੁਣਦੇ ਸਨ। ਤਦ ਟੀ ਵੀ ਨਹੀਂ ਸੀ। ਸਭ ਲਈ ਬਹੁਤ ਇਮੋਸ਼ਨਲ ਮੌਕਾ ਸੀ। ਸਾਰਿਆਂ ਦੀਆਂ ਅੱਖਾਂ ਵਿੱਚ ਅੱਥਰੂ ਸਨ। ਮੈਨੂੰ ਯਾਦ ਹੈ ਕਿ ਮੇਰੇ ਪਾਪਾ ਨੇ ਇਸ ਤੋਂ ਜ਼ਿਆਦਾ ਜ਼ੋਰ ਨਾਲ ਮੈਨੂੰ ਕਦੇ ਗਲੇ ਲਾਇਆ ਹੋਵੇਗਾ।

* ਫਿਲਮ ਨੂੰ ਲੋਕਾਂ ਦੀ ਕਾਫੀ ਪ੍ਰਸ਼ੰਸਾ



ਮਿਲੀ ਹੈ, ਪਰ ਬਾਕਸ ਆਫਿਸ ਕਲੈਕਸ਼ਨ ਉਮੀਦ ਮੁਤਾਬਕ ਨਹੀਂ ਰਹੇ। ਇਸ ਤੋਂ ਤੁਹਾਨੂੰ ਨਿਰਾਸ਼ਾ ਹੋਈ?

–ਮੈਂ ਤੁਹਾਨੂੰ ਇੱਕ ਚੀਜ਼ ਇਮਾਨਦਾਰੀ ਨਾਲ ਦੱਸਦਾ ਹਾਂ। ਇਹ ਅਜਿਹੀਆਂ ਚੀਜ਼ਾਂ ਹਨ, ਜੋ ਸਾਡੇ ਕੰਟਰੋਲ ਤੋਂ ਬਾਹਰ ਹਨ। ਜਿਵੇਂ ਮਹਾਮਾਰੀ ਚੱਲ ਰਹੀ ਹੈ, ਉਸ ਦਾ ਕੁਝ ਅਸਰ ਹੁੰਦਾ ਹੈ। ਅਸੀਂ ਸਭ ਉਸ ਵਿੱਚੋਂ ਲੰਘ ਰਹੇ ਹਾਂ, ਪ੍ਰੰਤੂ ਇਹ ਫਿਲਮ ਨੰਬਰਾਂ ਤੋਂ ਪਰੇ ਹੈ। ਇਹ ਫਿਲਮ ਇੱਕ ਅਹਿਸਾਸ ਹੈ। ਇਹ ਜਸ਼ਨ ਹੈ ਉਸ ਪ੍ਰਾਪਤੀ ਦਾ, ਜਦ ਪਹਿਲੀ ਵਾਰ ਹਿੰਦੁਸਤਾਨ ਦੁਨੀਆ ਦੇ ਨਕਸ਼ੇ ਉੱਤੇ ਆਇਆ ਸੀ। ਜਦ ਅਸੀਂ ਪਹਿਲੀ ਵਾਰ ਚੈਂਪੀਅਨ ਬਣੇ ਤਾਂ ਇਹ ਫਿਲਮ ਅੰਕੜਿਆਂ ਤੋਂ ਪਰੇ ਹੈ। ਮੈਂ ਪਿਛਲੇ 10-12 ਸਾਲਾਂ ਤੋਂ ਇਸ ਇੰਡਸਟਰੀ ਵਿੱਚ ਹਾਂ। ਮੈਂ ਚੰਗਾ ਕੰਮ ਵੀ ਕੀਤਾ ਹੈ, ਥੋੜ੍ਹਾ ਬੇਕਾਰ ਕੰਮ ਵੀ ਕੀਤਾ, ਪ੍ਰੰਤੂ ਇੰਨਾ ਪਿਆਰ, ਇੰਨੀ ਮੁਹੱਬਤ ਮੈਨੂੰ ਕਦੇ ਨਹੀਂ ਮਿਲੀ। ਮੇਰਾ ਮੰਨਣਾ ਹੈ ਕਿ ਇਹ ਫਿਲਮ ਲੋਕਾਂ ਨਾਲ ਕਨੈਕਟ ਕਰ ਗਈ ਹੈ। ਅਜੇ ਹਰ ਜਗ੍ਹਾ ਲਾਕਡਾਊਨ ਲੱਗਦਾ ਹੈ। ਨਾਈਟ ਕਰਫਿਊ ਲੱਗਦੇ ਹਨ ਤਾਂ ਇਸ ਤੋਂ ਯਕੀਨਨ ਬਾਕਸ ਆਫਿਸ ਕਲੈਕਸ਼ਨ ਉੱਤੇ ਫਰਕ ਪਵੇਗਾ, ਪਰ ਇਹ ਫਿਲਮ ਜ਼ਿੰਦਗੀ ਭਰ ਰਹੇਗੀ। ਚਾਹੇ ਇਹ ਓ ਟੀ ਟੀ ਉੱਤੇ ਆਏ, ਚਾਹੇ ਕਿਤੇ ਵੀ ਆਏ, ਇਸ ਨੂੰ ਓਨਾ ਹੀ ਪਿਆਰ ਮਿਲੇਗਾ। ਅਸੀਂ ਬਾਕਸ ਆਫਿਸ ਵੱਲ ਦੇਖ ਹੀ ਨਹੀਂ ਰਹੇ। ਮੈਂ ਤਾਂ ਬਸ ਲੋਕਾਂ ਦਾ ਪਿਆਰ ਖਟ ਰਿਹਾ ਹਾਂ। ਲੋਕ ਬਹੁਤ ਸਾਰੀਆਂ ਪਾਬੰਦੀਆਂ ਦੇ ਵਿੱਚ ਫਿਲਮ ਦੇਖ ਰਹੇ ਹਨ, ਉਸ ਨੂੰ ਇੰਨਾ ਪਿਆਰ ਦੇ ਰਹੇ ਹਨ। ਮੈਨੂੰ ਲੱਗਦਾ ਹੈ ਕਿ ਇਹ ਸਾਡੀ ਜਿੱਤ ਹੈ।

* ਤੁਹਾਡੀ ਅਗਲੀ ਫਿਲਮ 'ਕਾਕੁੜਾ' ਅਤੇ ਬਾਕੀ ਪ੍ਰੋਜੈਕਟਾਂ ਦਾ ਕੀ ਸਟੇਟਸ ਹੈ?

– ਉਸ ਫਿਲਮ ਦੀ ਸ਼ੂਟਿੰਗ ਖਤਮ ਹੋ ਚੁੱਕੀ ਹੈ। ਉਹ ਪੋਸਟ ਪ੍ਰੋਡਕਸ਼ਨ ਵਿੱਚ ਹੈ। ਥੋੜ੍ਹਾ ਵੀ ਐੱਫ ਐਕਸ ਦਾ ਕੰਮ ਹੈ। ਇਹ ਇੱਕ ਹਾਰਰ ਕਾਮੇਡੀ ਹੈ। ਜਲਦੀ ਹੀ ਉਸ ਦੀ ਰਿਲੀਜ ਡੇਟ ਅਨਾਊਂਸ ਹੋ ਜਾਏਗੀ। ਉਸ ਦੇ ਬਾਅਦ 'ਕ੍ਰੈਕਡਾਊਨ 2' ਦੀ ਸ਼ੂਟਿੰਗ ਕਰ ਰਿਹਾ ਹਾਂ। ਉਹ ਵੀ ਇਸ ਸਾਲ ਵਿੱਚ ਆ ਜਾਏਗੀ। ਇਸ ਦੇ ਇਲਾਵਾ ਐਮਾਜੋਨ ਪਰਾਈਮ ਲਈ ਵੀ ਇੱਕ ਕੰਮ ਕੀਤਾ ਹੈ, ਜੋ ਜਲਦੀ ਰਿਲੀਜ਼ ਹੋਵੇਗਾ ਤਾਂ ਥੋੜ੍ਹਾ ਬਹੁਤ ਕੰਮ ਕਰ ਰਿਹਾ ਹਾਂ ਤੇ ਕਰਦਾ ਰਹਾਂਗਾ ਕਿਉਂਕਿ ਇਹੀ ਮੈਨੂੰ ਆਉਂਦਾ ਹੈ। '83' ਤੋਂ ਪਹਿਲਾਂ ਮੇਰੇ ਪਾਪਾ ਮੈਨੂੰ ਨਾਲਾਇਕ ਮੰਨਦੇ ਸਨ, ਅੱਜਕੱਲ੍ਹ ਉਨ੍ਹਾਂ ਨੇ ਥੋੜ੍ਹੀ ਇੱਜ਼ਤ ਦੇਣੀ ਸ਼ੁਰੂ ਕੀਤੀ ਹੈ, ਤਾਂ ਲੱਗਦਾ ਹੈ ਕਿ ਲਾਈਫ ਵਿੱਚ ਇਹੀ ਕਰਾਂਗਾ।

* ਜਦ ਤੁਸੀਂ ਫਿਲਮ ਸ਼ੂਟ ਕਰ ਰਹੇ ਸੀ, ਤਦ ਕੀ ਚੁਣੌਤੀਆਂ ਸਨ? ਇਸ ਕਿਰਦਾਰ ਨੂੰ ਨਿਭਾਉਣ ਬਾਰੇ ਮਨ ਵਿੱਚ ਕੀ ਚੱਲ ਰਿਹਾ ਸੀ?

– ਮੈਂ ਹਮੇਸ਼ਾ ਤੋਂ ਸਪੋਰਟਸ ਪਰਸਨ ਸੀ, ਪ੍ਰੰਤੂ ਇਹ ਚੁਣੌਤੀ ਵੱਡੀ ਸੀ। ਮੈਂ ਅਸਲ ਜ਼ਿੰਦਗੀ ਵਿੱਚ ਵੀ ਬਹੁਤ ਕੰਪੈਟੇਟਿਵ ਇਨਸਾਨ ਹਾਂ, ਮੈਨੂੰ ਲੱਗਾ ਕਿ ਜੇ ਚੁਣੌਤੀ ਹੈ, ਤਾਂ ਮੈਨੂੰ ਇਸ ਤੋਂ ਡਰਨਾ ਨਹੀਂ ਹੈ। ਇਸ ਨੂੰ ਇੰਜੁਆਏ ਕਰਨਾ ਹੈ। ਜੇ ਮੈਂ ਇੰਜੁਆਏ ਕਰਾਂਗਾ ਤਾਂ ਵੀ ਸਕਰੀਨ ਉੱਤੇ ਦਿਸੇਗਾ। ਇੱਕ ਵਾਰ ਮੈਂ ਇਹੀ ਸਵਾਲ ਜਿਮੀ ਸਰ ਤੋਂ ਪੁੱਛਿਆ ਸੀ ਕਿ ਸਰ, ਤੁਹਾਡੇ ਦਿਮਾਗ ਵਿੱਚ ਕੀ ਚੱਲਦਾ ਸੀ, ਜਦ ਵੈਸਟਇੰਡੀਜ਼ ਦੇ ਤੇਜ਼ ਗੇਂਦਬਾਜ਼ ਤੁਹਾਨੂੰ 150 ਦੀ ਸਪੀਡ ਨਾਲ ਗੇਂਦ ਸੁੱਟ ਰਹੇ ਹੁੰਦੇ ਸਨ। ਉਨ੍ਹਾਂ ਨੇ ਆਪਣੇ ਸਟਾਈਲ ਵਿੱਚ ਕਿਹਾ ਕਿ ਬੇਟਾ, ਜੇ ਦਿਮਾਗ ਚਲਾਉਣ ਜਾਂਦਾ ਤਾਂ ਓਨੀ ਦੇਰ ਵਿੱਚ ਗੇਂਦ ਨਿਕਲ ਜਾਂਦੀ। ਤਦ ਮੈਨੂੰ ਅਹਿਸਾਸ ਹੋਇਆ ਕਿ ਇਹ ਆਦਮੀ ਸਿਰਫ ਇਸ ਗੱਲ ਵਿੱਚ ਯਕੀਨ ਕਰਦਾ ਹੈ ਕਿ ਤੁਸੀਂ ਮਿਹਨਤ ਕਰੋ, ਇਹ ਨਾ ਸੋਚੋ ਕਿ ਉਸ ਦਾ ਨਤੀਜਾ ਕੀ ਹੋਵੇਗਾ। ਉਸ ਦਿਨ ਮੇਰੇ ਦਿਮਾਗ ਵਿੱਚ ਜੋ ਵੀ ਸ਼ੰਕਾ ਸੀ, ਸਭ ਖਤਮ ਹੋ ਗਈ। ਸਿਰਫ ਇੱਕੋ ਗੱਲ ਸੀ ਕਿ ਜਿੰਨੀ ਇਮਾਨਦਾਰੀ ਮੇਰੇ ਅੰਦਰ ਹੈ ਉਸ ਤੋਂ ਇਹ ਕਿਰਦਾਰ ਨਿਭਾਉਣ ਦੀ ਕੋਸ਼ਿਸ਼ ਕਰਾਂ। ਜਿਮੀ ਅਮਰਨਾਥ ਦੀ ਨਕਲ ਕਰਨ ਦੀ ਕੋਸ਼ਿਸ਼ ਨਾ ਕਰਾਂ, ਜਿਮੀ ਅਮਰਨਾਥ ਬਣਾਂ। ਇੱਕ ਸਾਲ ਮਿਹਨਤ ਕੀਤੀ। ਇੱਕ ਸਾਲ ਸਾਡੀ ਟਰੇਨਿੰਗ ਹੋਈ, ਜਿਸ ਦਾ ਕਰੈਡਿਟ ਸਾਡੇ ਡਾਇਰੈਕਟਰ ਕਬੀਰ ਖਾਨ ਨੂੰ ਜਾਂਦਾ ਹੈ। ਉਨ੍ਹਾਂ ਨੇ ਸਾਨੂੰ ਕਿਹਾ ਕਿ ਇਹ ਇੱਕ ਇਨਸਾਨ ਦੀ ਜਿੱਤ ਨਹੀਂ ਹੈ, ਪੂਰੀ ਟੀਮ ਦੀ ਜਿੱਤ ਹੈ। ਮੈਨੂੰ ਯਾਦ ਹੈ ਕਿ ਜਦ ਅਸੀਂ ਲੰਡਨ ਜਾ ਰਹੇ ਸੀ, ਤਦ ਅਜਿਹਾ ਨਹੀਂ ਲੱਗਦਾ ਸੀ ਕਿ ਅਸੀਂ ਐਕਟਿੰਗ ਕਰਨ ਜਾ ਰਹੇ ਹਾਂ। ਅਜਿਹਾ ਲੱਗ ਰਿਹਾ ਸੀ ਕਿ ਅਸੀਂ ਸੱਚ ਵਿੱਚ ਵਰਲਡ ਕੱਪ ਦੇ ਲਈ ਜਾ ਰਹੇ ਹਾਂ, ਕਿਉਂਕਿ ਅਸੀਂ ਇੰਨੇ ਦਿਨ ਤੋਂ ਪ੍ਰੈਕਟਿਸ ਕਰ ਰਹੇ ਸੀ।





The COVID-19 vaccine for 5–11 year olds has been shown to reduce the risks of severe outcomes from the virus. Side effects are typically mild, temporary and similar to those seen in adults and older children.

Learn more about the COVID-19 vaccine for children 5 to 11 years old at:
peelregion.ca/coronavirus/vaccine-children

Region of Peel
working with you



# ਸਫ਼ਲ ਨਤੀਜ਼ੇ

ਗੁਰਪ੍ਰੀਤ ਸਿੰਘ ਢਿਲੋਂ
ਰੀਜ਼ਨਲ ਕੌਂਸਲਰ ਬਰੈਂਪਟਨ
ਵਾਰਡ ਨੰਬਰ 9 ਅਤੇ 10

## 2019

0% ਸ਼ਹਿਰੀ ਟੈਕਸ ਵਾਧੇ ਨੂੰ ਪ੍ਰਵਾਨਗੀ

ਸੀਨੀਅਰ ਵਾਸੀਆਂ ਲਈ $0 ਤੇ ਬੱਸ ਪਾਸ ਸੁਵਿਧਾ ਮਤਾ ਲਿਆਂਦਾ ਤੇ ਪਾਸ ਕਰਵਾਇਆ (2022 ਤੋਂ ਸ਼ੁਰੂਆਤ)

ਕਵੀਨ ਸਟਰੀਟ (Queen Street) ਤੋਂ ਯੌਰਕ ਯੂਨੀਵਰਸਿਟੀ (York University) ਤੱਕ ਦੇ ਤੇਜ਼ ਤੇ ਲਗਾਤਾਰ (Rapid) ਬੱਸਾਂ ਦੀ ਆਵਾਜਾਈ ਲਈ ਅਤੇ ਡਾਊਨਟਾਊਨ ਲਈ ਮੁੜ ਤੋਂ ਐਲ.ਆਰ.ਟੀ (LRT) ਯੋਜਨਾ ਲਿਆਉਣ ਲਈ ਮਤਾ ਲਿਆਂਦਾ ਤੇ ਪਾਸ ਕਰਵਾਇਆ

ਵਿਭਿੰਨਤਾ (Diversity) ਅਤੇ ਸੰਮਲਿਤ (inclusion) ਆਡਿਟ ਲਈ ਮਤਾ ਲਿਆਂਦਾ ਤੇ ਪਾਸ ਕਰਵਾਇਆ

ਗੋਰ ਮੈਡੋਜ਼ (Gore Meadows) ਖੇਡ ਸਹੂਲਤਾਂ ਦੇ ਫੇਜ਼ 3 ਨੂੰ ਪ੍ਰਵਾਨਗੀ

ਪੀਲ ਪੁਲਿਸ ਦੇ ਲਈ 55 ਨਵੇਂ ਅਫ਼ਸਰਾਂ ਦੀ ਭਰਤੀ ਨੂੰ ਪ੍ਰਵਾਨਗੀ।

ਭੰਗ (Cannabis) ਦੀ ਪ੍ਰਚੂਨ ਵਿਕਰੀ ਦੇ ਵਿਰੁੱਧ ਚ ਵੋਟ ਪਾਈ ਤੇ ਉਸਦੇ ਉਲਟ ਵਕਾਲਤ ਕੀਤੀ

ਗੁਰੂ ਨਾਨਕ ਦੇਵ ਜੀ ਦੇ ਨਾਮ ਉਪਰ ਸੜਕ ਦਾ ਨਾਮ ਰੱਖਣ ਲਈ ਮਤਾ ਲਿਆਂਦਾ ਤੇ ਪਾਸ ਕਰਵਾਇਆ

ਵਾਰਡ 9 ਅਤੇ 10 ਦੇ ਪਾਰਕ ਅਤੇ ਖੇਡ ਮੈਦਾਨ ਦੇ ਸੁਧਾਰ ਲਈ $1.5 ਮਿਲੀਅਨ ਦੀ ਮੰਨਜ਼ੂਰੀ

ਕਾਮਾਗਾਟਾ ਮਾਰੂ ਦੇ ਨਾਮ ਤੇ ਪਾਰਕ ਦਾ ਨਾਮ ਰੱਖਣ ਸੰਬੰਧੀ ਮਤਾ ਲਿਆਂਦਾ ਤੇ ਪਾਸ ਕਰਵਾਇਆ

ਕ੍ਰਿਸਚਨ ਵਿਰਾਸਤ ਮਹੀਨੇ ਨੂੰ ਮਨਾਉਣ ਲਈ ਮਤਾ ਲਿਆਂਦਾ ਤੇ ਪਾਸ ਕਰਵਾਇਆ

ਟਰੱਕ ਸੁਰੱਖਿਆ ਟਾਊਨ ਹਾਲ ਦੀ ਮੇਜ਼ਬਾਨੀ

$11.2 ਮਿਲੀਅਨ ਦੇ ਕਰਜ਼ ਅਦਾਇਗੀ ਅਤੇ $8.8 ਮਿਲੀਅਨ ਨੂੰ ਰਾਖਵੇਂ ਫੰਡ ਚ ਪਾਉਣ ਦੀ ਮੰਨਜ਼ੂਰੀ

ਕਿਊਬੈਕ ਬਿੱਲ 21 ਦੇ ਲਈ ਨਿੰਦਾ ਪ੍ਰਸਤਾਵ ਦੇ ਖਿਲਾਫ ਮਤਾ ਲਿਆਂਦਾ ਤੇ ਪਾਸ ਕਰਵਾਇਆ (ਧਾਰਮਿਕ ਵਿਸ਼ਵਾਸ਼ ਦੇ ਚਿੰਨਾਂ ਤੇ ਰੋਕ ਜਿਸ ਨਾਲ ਹਿੰਦੂ, ਸਿੱਖ, ਇਸਾਈ, ਮੁਸਲਿਮ ਅਤੇ ਯਹੂਦੀ ਧਾਰਮਿਕ ਲੋਕਾਂ ਦੇ ਅਕੀਦਿਆਂ ਨੂੰ ਸੱਟ)

## 2020

0% ਸ਼ਹਿਰੀ ਟੈਕਸ ਵਾਧੇ ਨੂੰ ਪ੍ਰਵਾਨਗੀ

ਸ਼ਹਿਰ ਦੇ ਇੱਕੋ ਇਕ ਕੌਂਸਲਰ ਜਿਸਨੇ ਬਾਰਸ਼/ਤੂਫ਼ਾਨ ਦੇ ਪਾਣੀ (stormwater) ਤੇ ਚਾਰਜ਼/ਟੈਕਸ ਦੇ ਵਿਰੋਧ ਚ' ਵੋਟ ਕੀਤੀ

ਬੇਸਮੈਂਟ ਨਵੀਨੀਕਰਣ (renovation) ਲੋਨ ਪ੍ਰੋਗਰਾਮ ਨੂੰ ਲਾਗੂ ਕਰਨ ਸੰਬੰਧੀ ਮਤਾ ਲਿਆਂਦਾ ਤੇ ਪਾਸ ਕਰਵਾਇਆ

ਵਾਰਡ ਨੰਬਰ 9 ਵਿੱਚ 89 ਕਿਫ਼ਾਇਤੀ ਘਰੈਲੂ ਇਕਾਈਆਂ (affordable housing units) ਦੀ ਉਸਾਰੀ ਨੂੰ ਪ੍ਰਵਾਨਗੀ ਲਈ ਮਤਾ ਲਿਆਂਦਾ ਤੇ ਪਾਸ ਕਰਵਾਇਆ

ਦੂਜੇ ਯੂਨਿਟ ਦੀ ਰਜਿਸਟਰੇਸ਼ਨ ਨੂੰ ਸੁਚਾਰੂ ਕਰਨ ਲਈ ਪਾਰਕਿੰਗ ਦੀ ਜ਼ਰੂਰਤ ਵਾਲੀ ਸ਼ਰਤ ਨੂੰ ਖ਼ਤਮ ਕਰਨ ਲਈ ਮਤਾ ਲਿਆਂਦਾ ਤੇ ਪਾਸ ਕਰਵਾਇਆ

ਵਾਰਡ ਨੰਬਰ 10 ਦੀ ਆਵਾਜਾਈ ਲਈ $128 ਮਿਲੀਅਨ ਦੀ ਸੁਵਿਧਾ ਨੂੰ ਮੰਨਜ਼ੂਰੀ

ਵਿਭਿੰਨਤਾ (Diversity) ਅਤੇ ਬਰਾਬਰਤਾ (equity) ਦਫ਼ਤਰ ਦੀ ਸਥਾਪਤੀ

ਕੋਵਿਡ-19 ਸੀਨੀਅਰ ਟਾਸਕ ਫੋਰਸ ਦੀ ਪ੍ਰਧਾਨਗੀ

ਟੈਕਸੀ ਡਰਾਈਵਰਾਂ ਲਈ ਕੋਵਿਡ-19 ਰਾਹਤ ਸੰਬੰਧੀ ਮਤਾ ਲਿਆਂਦਾ ਤੇ ਪਾਸ ਕਰਵਾਇਆ

ਭਾਸ਼ਾਈ ਤੇ ਭਾਈਚਾਰੇ ਅਧਾਰਿਤ ਸੰਚਾਰ ਸੰਸਥਾਵਾਂ ਨੂੰ ਫੰਡਿੰਗ ਸੰਬੰਧੀ ਮਤਾ ਲਿਆਂਦਾ ਤੇ ਪਾਸ ਕਰਵਾਇਆ

ਪੀਅਰਸਨ ਹਵਾਈ ਅੱਡੇ ਦੇ ਟੈਕਸੀ ਅਤੇ ਲੀਮੋ ਡਰਾਈਵਰਾਂ ਦੇ ਫ਼ੀਸ ਵਾਧੇ ਦੇ ਵਿਰੋਧ ਚ ਸਮਰਥਨ ਲਈ ਵਕਾਲਤੀ ਮਤਾ (advocacy motion) ਲਿਆਂਦਾ ਤੇ ਪਾਸ ਕਰਵਾਇਆ

ਹਵਾਈ ਅੱਡੇ ਨੂੰ ਏਅਰਪੋਰਟ ਰੋਡ ਜ਼ੂਮ (Zum) ਸਿੱਧੀ ਬੱਸ ਸੇਵਾ ਨੂੰ ਪ੍ਰਵਾਨਗੀ (ਸ਼ੁਰੂਆਤ 2022 ਤੋਂ)

ਭਾਰਤ ਦੇ ਕਿਸਾਨੀ ਬਿੱਲਾਂ ਨਾਲ ਪ੍ਰਭਾਵਿਤ ਸ਼ਹਿਰ ਵਾਸੀਆਂ ਨਾਲ ਕੌਂਸਲ ਦੀ ਏਕਤਾ ਵਿਖਾਉਂਦਾ ਮਤਾ ਲਿਆਂਦਾ ਤੇ ਪਾਸ ਕਰਵਾਇਆ

ਸੂਬੇ ਦੇ ਨਵੇਂ ਨਿਯਮਾਂ (provincial regulations) ਵਿਰੁੱਧ ਆਵਾਜ਼ ਉਠਾ ਰਹੇ ਡੰਪ ਟਰੱਕ ਉਪਰੇਟਰਜ਼ ਦੇ ਹੱਕ ਚ ਮਤਾ ਲਿਆਂਦਾ ਤੇ ਪਾਸ ਕਰਵਾਇਆ

## 2021

0% ਸ਼ਹਿਰੀ ਟੈਕਸ ਵਾਧੇ ਨੂੰ ਪ੍ਰਵਾਨਗੀ

ਵਾਰਡ ਨੰਬਰ 9 ਅਤੇ 10 ਵਿੱਚ ਪੀਲ ਪੁਲਿਸ ਸੈਟੇਲਾਈਟ ਸਟੇਸ਼ਨ ਲਈ ਮਤਾ ਲਿਆਂਦਾ ਤੇ ਪਾਸ ਕਰਵਾਇਆ (ਗਰਮੀਆਂ (summer) 2022)

ਸ਼ਹਿਰ ਦੁਆਰਾ ਅਧਿਕਾਰਤ ਤੌਰ ਤੇ ਆਟੋ ਬੀਮੇ ਦੀ ਦਰ ਘਟਾਉਣ ਸੰਬੰਧੀ ਵਕਾਲਤੀ ਮੁਹਿੰਮ ਸੰਬੰਧੀ ਮਤਾ ਲਿਆਂਦਾ ਤੇ ਪਾਸ ਕਰਵਾਇਆ

26 ਨਵੇਂ ਪੀਲ ਪੁਲਿਸ ਅਫ਼ਸਰਾਂ ਦੀ ਭਰਤੀ ਨੂੰ ਪ੍ਰਵਾਨਗੀ

ਪੀਲ ਮੈਮੋਰੀਅਲ ਨੂੰ ਪੂਰਨ ਸੇਵਾ ਹਸਪਤਾਲ ਵਿੱਚ ਬਦਲਾਅ ਸੰਬੰਧੀ ਸਫ਼ਲ ਵਕਾਲਤ

ਵਾਰਡ ਨੰਬਰ 10 ਦੇ 7-ਇਲੈਵਨਜ਼ ਵਿੱਚ ਸ਼ਰਾਬ ਦੇ ਵਿਕਰੀ ਲਾਇਸੰਸ ਨੂੰ ਰੱਦ ਕਰਨ ਸੰਬੰਧੀ ਸਫ਼ਲ ਮਤਾ ਲਿਆਂਦਾ ਤੇ ਪਾਸ ਕਰਵਾਇਆ

ਸ਼ਹਿਰ ਦੀ ਟਰੱਕ ਪਾਰਕਿੰਗ ਜ਼ਰੂਰਤ ਤੇ ਸੁਵਿਧਾ ਵਿੱਚ ਵਾਧੇ ਸੰਬੰਧੀ ਮਤਾ ਲਿਆਂਦਾ ਤੇ ਪਾਸ ਕਰਵਾਇਆ

ਵਾਰਡ ਨੰਬਰ 9 ਅਤੇ 10 ਦੇ ਪਾਰਕਾਂ ਚ ਵੱਡੇ ਸੁਧਾਰ

ਟਰੱਕ ਸੁਰੱਖਿਆ ਟਾਊਨ ਹਾਲ ਦੀ ਮੇਜ਼ਬਾਨੀ

ਰਾਇਰਸਨ (Ryerson) ਮੈਡੀਕਲ ਸਕੂਲ ਨੂੰ ਖੋਲਣ ਲਈ ਸਫ਼ਲ ਵਕਾਲਤ

ਯੂਨੀਵਰਸਿਟੀ ਆਫ਼ ਗਲਫ਼-ਹੰਬਰ (Guelph-Humber) ਨੂੰ 2025 ਤੱਕ ਬਰੈਂਪਟਨ ਚ ਤਬਦੀਲ ਕਰਨ ਸੰਬੰਧੀ ਗੱਲਬਾਤ ਨੂੰ ਪ੍ਰਵਾਨਗੀ

ਸੂਬੇ ਨੂੰ ਕਾਰਾਂ ਦੇ ਧੂੰਆਂ ਨਿਕਾਸ ਸਿਸਟਮ ਚ ਬਦਲਾਅ ਦੇ ਪ੍ਰਬੰਧ ਤੇ ਰੋਕ ਲਾਉਣ ਸੰਬੰਧੀ ਮਤਾ ਤਾਂ ਜੋ ਇਸ ਸਿਸਟਮ ਨਾਲ ਹੁੰਦੇ ਆਵਾਜ਼ ਪ੍ਰਦੂਸ਼ਣ ਨੂੰ ਰੋਕਿਆ ਜਾ ਸਕੇ

ਇਕੋ ਇਕ ਕੌਂਸਲਰ ਜਿਸਨੇ ਹਾਈਵੇਅ 413 ਦੇ ਹੱਕ ਵਿੱਚ ਬਿਨਾਂ ਕਿਸੇ ਸ਼ਰਤ ਦੇ ਵੋਟ ਪਾਈ

ਸੂਬੇ ਨੂੰ ਪ੍ਰਚੂਨ ਭੰਗ (cannabis) ਦੀ ਦੁਕਾਨ ਜ਼ੋਨਿੰਗ ਤੇ ਮੰਨਜ਼ੂਰੀ ਤੇ ਵੱਧ ਕੰਟਰੋਲ ਕਰਨ ਸੰਬੰਧੀ ਬੇਨਤੀ ਮਤਾ ਲਿਆਂਦਾ ਤੇ ਪਾਸ ਕਰਵਾਇਆ

# ਕੋਵਿਡ-19 ਦੇ ਵੈਕਸੀਨ ਦਾ ਬੂਸਟਰ ਲਵਾਉ।

ਅੱਜ ਹੀ ਆਪਣਾ ਬੂਸਟਰ ਬੁੱਕ ਕਰਵਾਉ।

ਆਪਣੇ ਆਪ ਨੂੰ ਕੋਵਿਡ-19 ਤੋਂ ਬਚਾਉ।

ਇਹ ਸਾਡੇ ਸਾਰਿਆਂ `ਤੇ ਨਿਰਭਰ ਹੈ।



**ontario.ca/covid19 `ਤੇ ਜਾਉ।**
ਇਸ ਦੀ ਅਦਾਇਗੀ ਓਨਟਾਰੀਓ ਸਰਕਾਰ ਵਲੋਂ ਕੀਤੀ ਗਈ ਹੈ।

Ontario



FREE ONLINE PROGRAM

JVS TORONTO

## Job Search Workshop for Newcomers



**Looking for information on how to enter your field in Canada?**

Give us four days and we will give you more confidence and an understanding of your occupation in Canada. You will learn what skills and qualifications companies want and where the jobs are.

**This free workshop offers:**

- An assessment of your unique needs
- Info on Canadian business perspectives
- One-on-one coaching and resume building
- Job search strategies and support
- A personalized action plan

New registrants must have an assessment prior to the start of the program.

Open to permanent residents, convention refugees or live-in caregivers – internationally trained professionals who are able to work and can communicate in English.

**Your First Steps to Employment in Canada**

**Now accepting applications.**
For more info and to register, contact JSW@jvstoronto.org
www.jvstoronto.org

Funded by: Financé par :
Immigration, Refugees and Citizenship Canada · Immigration, Réfugiés et Citoyenneté Canada
United Way Greater Toronto
UJA FEDERATION of Greater Toronto



## Steinmetz & Associates

PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

## ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
**647.539.3020**

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca